# ਬਲਦੇਵ ਸਿੰਘ ਦੇ ਨਾਵਲਾਂ ਦਾ ਬਿਰਤਾਂਤ–ਸ਼ਾਸਤਰੀ ਅਧਿਐਨ

## Baldev Singh de Navalan da BirtantShastryAdhuan

Submitted to

**LOVELY PROFESSIONAL UNIVERSITY**

in partial fulfillment of the requirements for the award of degree of

**M.Phil (Punjabi)**

**Submitted by:**

**Sukhjinder Kaur**

**Reg.No.11512156**

**Supervised by:**

**Dr. Avtar Singh**

**FACULTY OFBUSINESS AND ARTS**
**LOVELY PROFESSIONALUNIVERSITY**
**PUNJAB**
**2016**

# ਘੋਸ਼ਣਾ-ਪੱਤਰ

ਮੈਂ ਸੁਖਜਿੰਦਰ ਕੌਰ ਇਹ ਬਿਆਨ ਕਰਦੀ ਹਾਂ ਕਿ 'ਬਲਦੇਵ ਸਿੰਘ ਦੇ ਨਾਵਲਾਂ ਦਾ ਬਿਰਤਾਂਤ-ਸ਼ਾਸਤਰੀ ਅਧਿਐਨ' ਵਿਸ਼ੇ ਉੱਤੇ ਲਿਖੇ ਇਸ ਖੋਜ-ਪ੍ਰਬੰਧ ਵਿਚਲਾ ਸਮੁੱਚਾ ਖੋਜ-ਕਾਰਜ ਨਿਰੋਲ ਰੂਪ ਵਿੱਚ ਮੇਰਾ ਆਪਣਾ ਹੈ ਅਤੇ ਇਸ ਵਿੱਚ ਕੋਈ ਹੋਰ ਹਿੱਸੇਦਾਰ ਨਹੀਂ ਹੈ। ਇਸ ਖੋਜ-ਪ੍ਰਬੰਧ ਵਿੱਚ ਕੋਈ ਵੀ ਅਜਿਹਾ ਖੋਜ-ਕਾਰਜ ਸ਼ਾਮਲ ਨਹੀਂ ਹੈ ਜਿਸ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿੱਤਾ ਜਾ ਚੁੱਕਾ ਹੋਵੇ।

ਖੋਜਾਰਥੀ

ਸੁਖਜਿੰਦਰ ਕੌਰ

11512156

# ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥੀ ਸੁਖਜਿੰਦਰ ਕੌਰ ਨੇ 'ਬਲਦੇਵ ਸਿੰਘ ਦੇ ਨਾਵਲਾਂ ਦਾ ਬਿਰਤਾਂਤ-ਸ਼ਾਸਤਰੀ ਅਧਿਐਨ' ਵਿਸ਼ੇ ਉੱਤੇ ਐੱਮ. ਫਿਲ. (ਪੰਜਾਬੀ) ਦੀ ਡਿਗਰੀ ਲਈ ਮੇਰੀ ਨਿਗਰਾਨੀ ਹੇਠ ਖੋਜ-ਕਾਰਜ ਕੀਤਾ ਹੈ। ਇਹ ਖੋਜਾਰਥੀ ਦਾ ਮੌਲਿਕ ਕਾਰਜ ਹੈ ਅਤੇ ਉਸ ਦੀ ਮਿਹਨਤ ਦਾ ਪ੍ਰਤਿਫ਼ਲ ਹੈ। ਮੈਂ ਇਸ ਖੋਜ-ਪ੍ਰਬੰਧ ਨੂੰ ਐੱਮ. ਫਿਲ. (ਪੰਜਾਬੀ) ਦੀ ਡਿਗਰੀ ਲਈ ਯੋਗ ਸਮਝਦਾ ਹਾਂ ਅਤੇ ਮੁਲਾਂਕਣ ਹਿੱਤ ਪ੍ਰਸਤੁਤ ਕਰਨ ਦੀ ਸ਼ਿਫਾਰਸ਼ ਕਰਦਾ ਹਾਂ। ਇਸ ਤੋਂ ਪਹਿਲਾਂ ਇਹ ਖੋਜ-ਕਾਰਜ ਕਿਸੇ ਵੀ ਡਿਗਰੀ ਲਈ ਕਿਸੇ ਵੀ ਯੂਨੀਵਰਸਿਟੀ ਜਾਂ ਅਦਾਰੇ ਵਿੱਚ ਪੇਸ਼ ਨਹੀਂ ਕੀਤਾ ਗਿਆ।

ਮਿਤੀ: ਨਿਗਰਾਨ

ਡਾ. ਅਵਤਾਰ ਸਿੰਘ
ਸਹਾਇਕ ਪ੍ਰੋਫ਼ੈਸਰ,
ਸਕੂਲ ਆਫ਼ ਆਰਟਸ ਐਂਡ ਲੈਂਗੁਏਜਿਜ਼,
ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ (ਪੰਜਾਬ)

## ਭੂਮਿਕਾ

ਬਲਦੇਵ ਸਿੰਘ ਪੰਜਾਬੀ ਸਾਹਿਤ ਦਾ ਇਕ ਸਿਰਮੌਰ ਸਾਹਿਤਕਾਰ ਹੈ। ਉਹ ਇਕ ਅਜਿਹਾ ਲੇਖਕ ਹੈ ਜਿਸ ਨੇ ਆਪਣੀ ਜ਼ਿੰਦਗੀ ਅਤੇ ਸਮਾਜ ਵਿਚੋਂ ਪ੍ਰਾਪਤ ਕੀਤੇ ਅਨੁਭਵ ਨੂੰ ਸਾਹਿਤ ਦੀਆਂ ਵਿਭਿੰਨ ਵਿਧਾਵਾਂ ਰਾਹੀਂ ਪੇਸ਼ ਕੀਤਾ ਹੈ। ਪੰਜਾਬੀ ਸਾਹਿਤ ਵਿਚ ਬਲਦੇਵ ਸਿੰਘ ਨੇ ਆਪਣੀ ਵਿਲੱਖਣ ਥਾਂ ਬਣਾਈ ਹੋਈ ਹੈ। 2011 ਵਿਚ 'ਢਾਹਵਾਂ ਦਿੱਲੀ ਦੇ ਕਿੰਗਰੇ' ਨਾਵਲ ਲਈ ਉਸ ਨੂੰ ਸਾਹਿਤ ਅਕਾਦਮੀ ਇਨਾਮ ਪ੍ਰਾਪਤ ਹੋਇਆ। ਬਲਦੇਵ ਸਿੰਘ 'ਸੜਕਨਾਮੇ ਵਾਲਾ' ਤੋਂ ਸ਼ੁਰੂ ਹੋ ਕੇ 'ਲਾਲ ਬੱਤੀ' ਅਤੇ ਫਿਰ 'ਅੰਨਦਾਤਾ ਵਾਲਾ' ਕਰਕੇ ਪਾਠਕਾਂ ਵਿਚ ਜਾਣਿਆ ਜਾਣ ਲੱਗ ਪਿਆ ਹੈ। ਬਲਦੇਵ ਸਿੰਘ ਸ਼ਾਇਦ ਇਕ ਅਜਿਹਾ ਲੇਖਕ ਹੈ ਕਿ ਉਹ ਜਦੋਂ ਵੀ ਕੋਈ ਨਵੀਂ ਰਚਨਾ ਲਿਖਦਾ ਹੈ ਤਾਂ ਉਸ ਦੀ ਰਚਨਾ ਦਾ ਸਿਰਲੇਖ ਉਸ ਦੇ ਨਾਂ ਨਾਲ ਜੁੜ ਜਾਂਦਾ ਹੈ। ਸਮਕਾਲ ਵਿਚ ਬਲਦੇਵ ਸਿੰਘ ਇਤਿਹਾਸਕ ਨਾਵਲ ਲਿਖਣ ਵੱਲ ਵਧੇਰੇ ਰੁਚਿਤ ਦਿਖਾਈ ਦਿੰਦਾ ਹੈ। ਬਲਦੇਵ ਸਿੰਘ ਪੰਜਾਬੀ ਨਾਵਲ ਨੂੰ ਨਵੀਂ ਦਿਸ਼ਾ ਦੇਣ ਵਾਲਾ ਨਾਵਲਕਾਰ ਹੈ। ਜਿੱਥੇ ਉਸ ਨੇ ਪੰਜਾਬੀ ਨਾਵਲ ਨੂੰ ਕਲਾਤਮਕ ਪੱਖੋਂ ਨਵੀਆਂ ਬਿਰਤਾਂਤਕ ਵਿਧੀਆਂ ਨਾਲ ਅਮੀਰ ਬਣਾਇਆ ਹੈ, ਉੱਥੇ ਵਿਸ਼ਿਆਂ ਦੇ ਦੁਹਾਰਓ ਤੋਂ ਮੁਕਤ ਹੋ ਕੇ ਨਾਵਲੀ ਸਿਰਜਣਾ ਵਿਚ ਵਾਧਾ ਕੀਤਾ ਹੈ। ਉਸਦੇ ਸਮੁੱਚੇ ਨਾਵਲੀ-ਜਗਤ ਨੂੰ ਮੁੱਖ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ। ਸਮਕਾਲੀ ਯਥਾਰਥ ਨਾਲ ਸਬੰਧਤ ਨਾਵਲ ਅਤੇ ਇਤਿਹਾਸਕ ਯਥਾਰਥ ਨਾਲ ਸਬੰਧਤ ਨਾਵਲ। ਜਿੱਥੇ ਉਸਦੇ ਮੁੱਢਲੇ ਨਾਵਲ ਪੰਜਾਬੀ ਸਮਾਜ ਵਿਚਲੇ ਸਮਕਾਲੀ ਯਥਾਰਥ ਦੀ ਸਮਝ ਨੂੰ ਕੇਂਦਰ ਵਿਚ ਰੱਖਦੇ ਹਨ, ਉੱਥੇ ਉਸਦੇ ਇਤਿਹਾਸਕ ਨਾਵਲ ਪੰਜਾਬੀ ਮਨੁੱਖ ਦੇ ਜੀਣ-ਥੀਣ ਦੇ ਪ੍ਰੰਪਰਾਗਤ ਮਾਡਲ ਨੂੰ ਵਰਤਮਾਨ ਵਿਚੋਂ ਨਵੇਂ ਅਰਥਾਂ ਰਾਹੀਂ ਪਰਿਭਾਸ਼ਤ ਕਰਦੇ ਹਨ।

ਨਾਵਲ ਇਤਿਹਾਸ ਉੱਤੇ ਝਾਤ ਮਾਰਿਆਂ ਪਤਾ ਲੱਗਦਾ ਹੈ ਕਿ 1960 ਤੋਂ ਪਹਿਲਾਂ ਦੇ ਨਾਵਲ ਵਿੱਚ ਸਿੱਖ ਸਿਧਾਂਤ ਆਦਰਸ਼ਵਾਦੀ ਕੀਮਤਾਂ ਜਾਂ ਸਮਾਜਵਾਦੀ ਵਿਸ਼ੇ ਪ੍ਰਧਾਨ ਰਹੇ ਹਨ। ਜਿਹੜੇ ਨਾਇਕ ਸਿਰਜਨ ਦੀ ਵਿਧੀ ਰਾਹੀਂ ਆਪਣਾ ਸੁਖਾਂਤ ਭਾਵੀ ਗਲਪ ਸੰਗਠਨ ਅਖਤਿਆਰ ਕਰਦੇ ਹਨ। ਇਹ ਨਾਇਕ ਸਾਡੀਆਂ ਸਮਾਜਿਕ ਸਭਿਆਚਾਰਕ ਕਦਰਾਂ ਕੀਮਤਾਂ ਵਿੱਚ ਪੈਦਾ ਹੋਏ ਨਿਘਾਰ ਅਤੇ ਜਟਿਲਤਾ ਨੂੰ ਤੋੜਨ ਲਈ ਉਨ੍ਹਾਂ ਮੁੱਲਾਂ, ਵਿਚਾਰਾਂ ਅਤੇ ਵਿਹਾਰਾਂ ਦਾ ਗਲਪੀ ਵਿਵੇਕ ਸਿਰਜਦੇ ਹਨ ਜਿਹੜੇ ਸਾਡੇ ਲੋਕ ਵੇਦ, ਲੋਕ ਦਰਸ਼ਨ ਅਤੇ ਲੋਕ ਪੱਖੀ ਪ੍ਰੰਪਰਾ ਦੀ ਨਰੋਈ ਮੁਲਵਾਨ ਵਿਰਾਸਤ ਵਜੋਂ ਲਗਾਤਾਰ ਪ੍ਰਵਾਹਵਾਨ ਅਤੇ ਪ੍ਰਕਾਸ਼ਵਾਨ ਰਹੇ ਹਨ। ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ 1990 ਤੋਂ ਬਾਅਦ ਪੰਜਾਬੀ ਨਾਵਲ ਨਾਇਕ ਪ੍ਰਧਾਨ ਨਾਵਲ ਸਿਰਜਨ ਵੱਲ ਰੁਚਿਤ ਹੋਇਆ ਹੈ। ਇਹ ਨਾਇਕ ਸ਼ੁਧ ਕਾਲਪਨਿਕ ਹੋਣ ਦੀ ਥਾਂ ਸਾਡੇ ਇਤਿਹਾਸ ਦਾ ਅਜਿਹਾ ਜਾਗਰੂਕ, ਜੁਝਾਰੂ ਅਤੇ ਜਾਂਬਾਜ ਸੂਰਮਾ ਹੋਇਆ ਹੈ ਜਿਸ ਨੂੰ ਇਤਿਹਾਸ ਨੇ ਅਣਗੋਲਿਆ ਕੀਤਾ ਹੈ। ਪੰਜਾਬੀ ਵਿਚ ਇਸ ਕਿਸਮ ਦਾ ਪਹਿਲਾ ਨਾਵਲ ਕੁਲਦੀਪ ਭਟਨਾਗਰ ਨੇ 'ਬੰਦਾ ਬਹਾਦਰ' (2002) ਲਿਖਕੇ ਸ਼ੁਰੂਆਤ ਕੀਤੀ। ਬਲਦੇਵ ਸਿੰਘ ਨੇ ਇਸ ਕਿਸਮ ਦੇ ਨਾਵਲਾਂ ਵਿਚ 'ਪੰਜਵਾਂ ਸਾਹਿਬਜ਼ਾਦਾ', 'ਸਤਲੁਜ ਵਹਿੰਦਾ ਰਿਹਾ', 'ਢਾਹਵਾਂ ਦਿੱਲੀ ਦੇ ਕਿੰਗਰੇ', 'ਮਹਾਂਬਲੀ ਸੂਰਾ' ਅਤੇ 'ਮੈਂ ਪਾਕਿਸਤਾਨ ਨਹੀਂ ਜਾਣਾ' ਲਿਖ ਕੇ ਚੋਖਾ ਵਾਧਾ ਕੀਤਾ ਹੈ।

ਇਹ ਖੋਜ-ਕਾਰਜ ਲਈ ਇਸ ਵਿਸ਼ੇ ਦੀ ਚੋਣ ਦਾ ਕਾਰਨ ਇਹ ਹੈ ਕਿ ਜਿਹੜੇ ਨਾਵਲ ਖੋਜ ਅਧੀਨ ਲਏ ਗਏ ਹਨ ਉਹ ਨਾਵਲ 'ਮਹਾਂਬਲੀ ਸੂਰਾ, ਮੈਂ ਪਾਕਿਸਤਾਨ ਨਹੀਂ ਜਾਣ, ਖਾਕੂ ਜੇਡੂ ਨ ਕੋਇ' ਵੱਖੋ-ਵੱਖ ਸਰੋਕਾਰਾਂ ਨਾਲ ਸਬੰਧਿਤ ਹੋਣ ਦੇ ਬਾਵਜੂਦ ਕਿਤੇ ਨਾ ਕਿਤੇ ਇਤਿਹਾਸ, ਧਰਮ, ਸਮਾਜ ਅਤੇ ਆਰਥਕਤਾ ਨਹੀਂ ਇਕ ਦੂਜੇ ਨਾਲ ਜੁੜਦੇ ਹਨ ਅਤੇ 'ਮਹਾਂਬਲੀ ਸੂਰਾ' ਜੀਵਨੀ ਮੂਲਕ ਨਾਵਲ ਹੋਣ ਦੇ ਨਾਲ-ਨਾਲ ਇਤਿਹਾਸਕ ਨਾਵਲ ਹੋ ਨਿਬੜਦਾ ਹੈ ਕਿਉਂਕਿ ਬੰਦਾ ਬਹਾਦਰ ਇਕ ਇਤਿਹਾਸਿਕ ਪਾਤਰ ਦੇ ਹੋਣ ਦੇ ਨਾਲ ਧਾਰਮਕ ਸ਼ਰਧਾ ਵਾਲਾ ਵੀ ਹੈ।'ਮੈਂ ਪਾਕਿਸਤਾਨ ਨਹੀਂ ਜਾਣਾ' ਨਾਵਲ ਵੀ ਜੀਵਨੀ ਮੂਲਕ ਨਾਵਲ ਹੋਣ ਦੇ ਨਾਲ ਨਾਲ ਇਤਿਹਾਸਿਕ ਨਾਵਲ ਵੀ ਹੈ।'ਖਾਕੂ ਜੇਡੂ ਨ ਕੋਇ' ਨਾਵਲ ਸਮਾਜਕ ਸਰੋਕਾਰਾਂ ਨਾਲ ਭਰਪੂਰ ਨਾਵਲ ਹੈ। ਇਹ ਨਾਵਲ ਆਰਥਕਤਾ ਨਾਲ ਜੁੜੇ ਮਨੁੱਖੀ ਸੰਘਰਸ਼ ਦੀ ਗੱਲ ਕਰਦਾ ਹੈ।

ਇਸ ਖੋਜ-ਕਾਰਜ ਨੂੰ ਨੇਪਰੇ ਚਾੜ੍ਹਣ ਲਈ ਇਸਨੂੰ ਚਾਰ ਅਧਿਆਵਾਂ ਵਿਚ ਵੰਡਿਆ ਗਿਆ ਹੈ।

ਪਹਿਲਾ ਅਧਿਆਇ 'ਸਿਧਾਂਤਕ ਪਿੱਠ-ਭੂਮੀ' ਦਾ ਹੈ। ਇਸ ਅਧਿਆਇ ਵਿਚ ਨਾਵਲ ਦਾ ਸਿਧਾਂਤਕ ਪੱਖ, ਬਲਦੇਵ ਸਿੰਘ ਦਾ ਜੀਵਨ, ਰਚਨਾ ਸੰਸਾਰ, ਬਿਰਤਾਂਤ ਸ਼ਾਸਤਰ, ਪੂਰਵ ਖੋਜ ਕਾਰਜ, ਉਦੇਸ਼, ਖੋਜ ਵਿਧੀਆਂ, ਸੰਭਾਵਿਤ ਨਤੀਜੇ, ਸਾਹਿਤਿਕ ਅਤੇ ਸਮਾਜਿਕ ਸਾਰਥਿਕਤਾ ਦੀ ਜਾਣਕਾਰੀ ਦਿੱਤੀ ਹੈ।

ਦੂਸਰੇ ਅਧਿਆਇ 'ਨਾਵਲ ਦਾ ਇਤਿਹਾਸ ਅਤੇ ਬਿਰਤਾਂਤਕ ਜੁਗਤਾਂ' ਵਿਚ ਪੰਜਾਬੀ ਨਾਵਲ ਦੀਆਂ ਪ੍ਰਵਿਰਤੀਆਂ ਅਤੇ ਬਿਰਤਾਂਤਕ-ਜੁਗਤਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਹੈ। ਇਸ ਵਿਚ ਬਿਰਤਾਂਤ ਸ਼ਾਸਤਰ ਦੇ ਮਾਡਲਾਂ ਬਾਰੇ ਵਿਸਥਾਰਪੂਰਵਕ ਵੇਰਵੇ ਦਿੱਤੇ ਗਏ ਹਨ।

ਤੀਸਰਾ ਅਧਿਆਇ ' ਬਲਦੇਵ ਸਿੰਘ ਦੇ ਨਾਵਲਾਂ ਦਾ ਬਿਰਤਾਂਤ ਸ਼ਾਸਤਰੀ ਅਧਿਐਨ' ਵਿਚ ਬਲਦੇਵ ਸਿੰਘ ਦੇ ਨਾਵਲ 'ਮਹਾਂਬਲੀ ਸੂਰਾ', 'ਮੈਂ ਪਾਕਿਸਤਾਨ ਨਹੀਂ ਜਾਣਾ', 'ਖਾਕੂ ਜੇਡੂ ਨ ਕੋਇ' ਦੇ ਬਿਰਤਾਂਤਕ ਮਾਡਲ ਦੀ ਤਲਾਸ਼ ਕੀਤੀ ਗਈ ਹੈ ਅਤੇ ਪਰਾਪ ਦੇ ਬਿਰਤਾਂਤਕ ਮਾਡਲ ਨੂੰ ਆਧਾਰ ਬਣਕੇ ਤਿੰਨਾਂ ਨਾਵਲਾਂ ਦਾ ਅਧਿਐਨ ਕੀਤਾ ਹੈ। ਅਜਿਹਾ ਕਰਦਿਆਂ ਬਲਦੇਵ ਸਿੰਘ ਦੇ ਨਾਵਲੀ ਸੰਗਠਨ ਦੀ ਵਿਲੱਖਣਤਾ ਨੂੰ ਉਜਾਗਰ ਕੀਤਾ ਗਿਆ ਹੈ।

ਮੈਂ ਧੰਨਵਾਦੀ ਹਾਂ ਆਪਣੇ ਨਿਗਰਾਨ ਡਾ. ਅਵਤਾਰ ਸਿੰਘ ਜੀ ਦੀ ਜਿਹਨਾਂ ਨੇ ਮੇਰੇ ਇਸ ਖੋਜ-ਕਾਰਜ ਵਿਚ ਮੇਰੀ ਸਹਾਇਤਾ ਕੀਤੀ। ਮੈਂ ਆਪਣੇ ਵਿਭਾਗ ਦੇ ਹੋਰ ਅਧਿਆਪਕ ਸਾਹਿਬਾਨ, ਆਪਣੇ ਪਰਿਵਾਰ ਦੇ ਮੈਂਬਰਾਂ ਅਤੇ ਆਪਣੇ ਦੋਸਤਾਂ ਦੀ ਵੀ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਦੀ ਪ੍ਰੇਰਨਾ ਅਤੇ ਹੱਲਾਸ਼ੇਰੀ ਸਦਕਾ ਮੈਂ ਇਸ ਖੋਜ-ਕਾਰਜ ਨੂੰ ਨੇਪਰੇ ਚਾੜ ਸਕੀ ਹਾਂ।

ਸੁਖਜਿੰਦਰ ਕੌਰ

# ਤਤਕਰਾ


**ਭੂਮਿਕਾ** **i-iv**

**ਅਧਿਆਇ ਪਹਿਲਾ:**

**1. ਸਿਧਾਂਤਕ ਪਿੱਠ-ਭੂਮੀ** **1-20**

1.1 ਨਾਵਲ ਦਾ ਸਿਧਾਂਤ

1.2 ਬਲਦੇਵ ਸਿੰਘ ਦਾ ਜੀਵਨ

1.3 ਬਲਦੇਵ ਸਿੰਘ ਦੀਆਂ ਰਚਨਾਵਾਂ

1.4 ਬਿਰਤਾਂਤ ਸ਼ਾਸਤਰ ਦਾ ਸਿਧਾਂਤ

1.5 ਬਿਰਤਾਂਤ ਸ਼ਾਸਤਰ ਦਾ ਮਾਡਲ

1.6 ਪੂਰਵ ਖੋਜ ਕਾਰਜ

1.7 ਉਦੇਸ਼

1.8 ਖੋਜ ਵਿਧੀ

1.9 ਸੰਭਾਵਿਤ ਨਤੀਜੇ

1.10 ਹਵਾਲੇ ਅਤੇ ਟਿੱਪਣੀਆਂ

**ਅਧਿਆਇ ਦੂਜਾ:**

**2. ਨਾਵਲ ਅਤੇ ਬਿਰਤਾਂਤ ਸ਼ਾਸਤਰ** **21-52**

2.1 ਨਾਵਲ ਦਾ ਇਤਿਹਾਸ

2.2 ਬਿਰਤਾਂਤਕ ਜੁਗਤਾਂ

2.2.1 ਮੁੱਢਲੇ ਪੰਜਾਬੀ ਨਾਵਲ ਦੀਆਂ ਪ੍ਰਵਿਰਤੀਆਂ ਅਤੇ ਬਿਰਤਾਂਤਕ ਜੁਗਤਾਂ

2.2.2 ਵਿਅਕਤੀਵਾਦੀ ਆਦਰਸ਼ਵਾਦੀ ਨਾਵਲ ਦੀਆਂ ਪ੍ਰਵਿਰਤੀਆਂ ਅਤੇ ਬਿਰਤਾਂਤਕ ਜੁਗਤਾਂ

2.2.3 ਪ੍ਰਗਤੀਵਾਦੀ/ ਯਥਾਰਥਵਾਦੀ ਨਾਵਲ ਦੀਆਂ ਪ੍ਰਵਿਰਤੀਆਂ ਅਤੇ ਬਿਰਤਾਂਤਕ ਜੁਗਤਾਂ

2.2.4 ਉੱਤਰ ਯਥਾਰਥਵਾਦੀ ਨਾਵਲ ਦੀਆਂ ਪ੍ਰਵਿਰਤੀਆਂ ਅਤੇ ਬਿਰਤਾਂਤਕ ਜੁਗਤਾਂ

2.2.5 ਪਰਵਾਸੀ ਪੰਜਾਬੀ ਨਾਵਲ ਦੀਆਂ ਪ੍ਰਵਿਰਤੀਆਂ ਅਤੇ ਬਿਰਤਾਂਤਕ ਜੁਗਤਾਂ

2.2.6 ਪਾਕਿਸਤਾਨੀ ਪੰਜਾਬੀ ਨਾਵਲ ਦੀਆਂ ਪ੍ਰਵਿਰਤੀਆਂ ਅਤੇ ਬਿਰਤਾਂਤਕ ਜੁਗਤਾਂ

2.3 ਬਿਰਤਾਂਤ ਸ਼ਾਸਤਰ ਦਾ ਇਤਿਹਾਸ ਅਤੇ ਮਾਡਲ

2.3.1 ਪਰਾਪ

2.3.2 ਤੋਦੋਰੋਵ

2.3.3 ਜੈਨੇ

2.3.4 ਕਲਾਦ ਲੈਵੀ-ਸਤਰਾਸ

2.3.5 ਰੋਲਾਂ ਬਾਰਤ

2.3.6 ਗਰੇਮਾਸ

2.3.7 ਜੂਲੀਆ ਕ੍ਰਿਸਤੀਵਾ

2.3.8 ਮੀਕਬਲ

**ਅਧਿਆਇ ਤੀਜਾ:**

**3. ਬਲਦੇਵ ਸਿੰਘ ਦੇ ਨਾਵਲਾਂ ਦਾ ਬਿਰਤਾਂਤ ਸ਼ਾਸਤਰੀ ਅਧਿਐਨ 53-83**

3.1 ਨਾਵਲ ਦਾ ਬਿਰਤਾਂਤ ਸ਼ਾਸਤਰੀ ਅਧਿਐਨ

3.2 ਬਿਰਤਾਂਤ ਸ਼ਾਸਤਰੀ ਸਾਹਿਤ ਅਧਿਐਨ ਵਿਧੀ

3.3 ਬਲਦੇਵ ਸਿੰਘ ਦੇ ਨਾਵਲਾਂ ਦਾ ਬਿਰਤਾਂਤ ਸ਼ਾਸਤਰੀ ਅਧਿਐਨ

3.4 ਬਲਦੇਵ ਸਿੰਘ ਦੇ ਨਾਵਲੀ ਸੰਗਠਨ ਦੀ ਵਿਲੱਖਣਤਾ

**ਸਿੱਟੇ ਤੇ ਸਥਾਪਨਾਵਾਂ 84-87**

**ਮੁਲਾਕਾਤ 88-97**

**ਪੁਸਤਕ ਸੂਚੀ 98-99**

# ਅਧਿਆਇ-ਪਹਿਲਾ

## ਸਿਧਾਂਤਕ ਪਿੱਠ-ਭੂਮੀ

ਸਾਹਿਤ ਨੂੰ ਸਮਾਜ ਦਾ ਸ਼ੀਸ਼ਾ ਵੀ ਆਖਿਆ ਜਾਂਦਾ ਹੈ। ਇਹ ਸਮਾਜ ਨੂੰ ਪ੍ਰਭਾਵਿਤ ਵੀ ਕਰਦਾ ਹੈ ਅਤੇ ਸਮਾਜ ਵਿਚਲੀਆਂ ਘਟਨਾਵਾਂ ਅਤੇ ਪ੍ਰਸਥਿਤੀਆਂ ਤੋਂ ਪ੍ਰਭਾਵਿਤ ਵੀ ਹੁੰਦਾ ਹੈ। ਸਾਹਿਤ ਕੇਵਲ ਸਾਹਿਤਿਕ ਲਹਿਰਾਂ ਦਾ ਹੀ ਨਹੀਂ ਸਗੋਂ ਸਮਾਜ ਵਿਚਲੀਆਂ ਰਾਜਨੀਤਿਕ ਅਤੇ ਧਾਰਮਕ ਲਹਿਰਾਂ ਦਾ ਵੀ ਜਨਮ ਦਾਤਾ ਬਣ ਸਕਣ ਦੀ ਸੰਭਾਵਨਾ ਰੱਖਦਾ ਹੈ। ਸਾਹਿਤ ਵਿੱਚ ਉਹ ਪੇਸ਼ ਕੀਤਾ ਜਾਂਦਾ ਹੈ ਜੋ ਸਾਡੇ ਆਲੇ-ਦੁਆਲੇ ਵਿਚਰਦਾ ਹੈ। ਸਾਹਿਤ ਸਮਾਜ ਨੂੰ ਸੁਹਜ ਸਵਾਦ ਪ੍ਰਦਾਨ ਕਰਦਾ ਹੈ। ਇਹ ਸੁਹਜ ਸਵਾਦ ਸਾਧਾਰਨ ਵਿਅਕਤੀ ਲਈ ਬਹੁਤ ਮਹੱਤਵ ਰੱਖਦਾ ਹੈ। ਇਹ ਨਿਰੋਲ ਅਨੰਦ ਦਿੰਦਾ ਹੈ ਅਤੇ ਇਸ ਅਨੰਦ ਨਾਲ ਮਨ ਉਨੱਤ ਹੁੰਦਾ ਹੈ। ਇਹ ਨਾ ਕੇਵਲ ਜੀਵਨ ਨੂੰ ਚਿਤਰਦਾ ਹੈ ਸਗੋਂ ਵਿਆਖਿਆ ਵੀ ਕਰਦਾ ਹੈ। ਸਾਹਿਤ ਦੁਆਰਾ ਸਾਹਿਤਕਾਰ ਆਪਣੀ ਸੋਚ ਅਤੇ ਵਿਚਾਰ ਨੂੰ ਦੂਜੇ ਵਿਅਕਤੀਆਂ ਨਾਲ ਸਾਂਝਾ ਕਰਦਾ ਹੈ। ਇਸ ਵਿੱਚ ਸਮਾਜ ਅਤੇ ਵਿਅਕਤੀ ਵਿਚਕਾਰ ਸੰਘਰਸ਼ ਹੁੰਦਾ ਹੈ। ਇਹ ਮਨੁੱਖ ਨੂੰ ਪ੍ਰੇਰਨਾ ਦੇਣ ਦੇ ਸਮਰੱਥ ਹੁੰਦਾ ਹੈ। ਸਾਹਿਤਕਾਰ ਨਾ ਕੇਵਲ ਆਪਣੇ ਭਾਵਾਂ ਨੂੰ ਪ੍ਰਗਟਾਉਂਦਾ ਹੈ ਸਗੋਂ ਇਸ ਤਰ੍ਹਾਂ ਪੇਸ਼ ਕਰਦਾ ਹੈ ਕਿ ਲੋਕ ਵੀ ਇਸ ਤੋਂ ਪ੍ਰਭਾਵਿਤ ਹੋਣ। ਭਾਰਤੀ ਕਾਵਿ ਸ਼ਾਸਤਰ ਅਨੁਸਾਰ ਸਾਹਿਤ ਨੂੰ 'ਸੱਤਯਮ ਸ਼ਿਵਾ ਸੁੰਦਰਮ' ਕਿਹਾ ਗਿਆ ਹੈ, ਭਾਵ ਜੋ ਸੱਚ ਹੋਵੇ, ਕਲਿਆਣਕਾਰੀ ਹੋਵੇ ਅਤੇ ਸੁੰਦਰ ਹੋਵੇ ਉਹ ਸਾਹਿਤ ਹੁੰਦਾ ਹੈ। ਸਾਹਿਤ ਦੇ ਦੋ ਪ੍ਰਮੁੱਖ ਰੂਪ ਪਦ ਅਤੇ ਗੱਦ ਮੰਨੇ ਜਾਂਦੇ ਹਨ। ਪਦ ਕਾਵਿ ਰੂਪ ਵਿੱਚ ਜਿੱਥੇ ਕਵਿਤਾ ਦੇ ਵਿਭਿੰਨ ਰੂਪਾਕਾਰ ਜਿਵੇਂ ਗ਼ਜ਼ਲ, ਰੁਬਾਈ, ਗੀਤ, ਖੁੱਲ੍ਹੀ ਕਵਿਤਾ, ਨਜ਼ਮ ਆਦਿ ਨੂੰ ਸ਼ਾਮਲ ਕੀਤਾ ਜਾਂਦਾ ਹੈ, ਉੱਥੇ ਗੱਦ ਵਿੱਚ ਵਾਰਤਕ ਦੇ ਵਿਭਿੰਨ ਸ਼ੁੱਧ ਰੂਪ ਜਿਵੇਂ ਨਿਬੰਧ, ਲੇਖ, ਜੀਵਨੀ, ਸਵੈ ਜੀਵਨੀ, ਸੰਸਮਰਨ, ਡਾਇਰੀ, ਰੇਖਾ-ਚਿੱਤਰ ਅਤੇ ਗੌਣ ਰੂਪ ਵਿੱਚ ਕਹਾਣੀ, ਨਾਵਲ, ਨਾਟਕ, ਇਕਾਂਗੀ ਆਦਿ ਨੂੰ ਸ਼ਾਮਲ ਕੀਤਾ ਜਾਂਦਾ ਹੈ।

### ਨਾਵਲ ਦਾ ਸਿਧਾਂਤ:-

ਨਾਵਲ ਦੀ ਪਰਿਭਾਸ਼ਾ ਅਤੇ ਸਰੂਪ ਨਾਲ ਸਬੰਧਤ ਪ੍ਰਸ਼ਨਾਂ ਦਾ ਉੱਤਰ ਪੂਰਬੀ ਤੇ ਪੱਛਮੀ ਆਲੋਚਕਾਂ ਨੇ ਆਪਣੇ-ਆਪਣੇ ਢੰਗ ਨਾਲ ਦਿੱਤਾ ਹੈ। ਨਿਰਸੰਦੇਹ ਭਾਰਤੀ ਬੋਲੀਆਂ ਵਿੱਚ ਇਸ ਸਾਹਿਤ-ਰੂਪ ਦੀ ਉਪਜ ਪੱਛਮੀ ਸਾਹਿਤ ਅਤੇ ਸੱਭਿਆਚਾਰ ਦੇ ਸੰਪਰਕ ਵਿੱਚ ਆਉਂਣ ਨਾਲ ਹੋਈ ਹੈ। ਜਿਉਂ-ਜਿਉਂ ਅੰਗਰੇਜ਼ਾਂ ਦੇ ਸੰਪਰਕ ਵਿੱਚ ਭਾਰਤ ਦੇ ਲੋਕ ਆਉਂਦੇ ਰਹੇ, ਉਸੇ ਤਰਤੀਬ ਵਿੱਚ ਭਾਰਤੀ ਭਾਸ਼ਾਵਾਂ ਵਿੱਚ ਨਾਵਲ ਦੀ ਰਚਨਾ ਹੁੰਦੀ ਗਈ। ਸਭ ਤੋਂ ਪਹਿਲਾਂ ਬੰਗਲੀ ਭਾਸ਼ਾ ਤੇ ਫਿਰ ਬਾਕੀ ਭਾਸ਼ਾਵਾਂ ਵਿੱਚ ਨਾਵਲ ਦੀ ਰਚਨਾ ਹੋਈ। ਨਾਵਲ (Novel) ਅੰਗਰੇਜ਼ੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਮੂਲ ਲਾਤੀਨੀ ਭਾਸ਼ਾ ਦਾ Novell ਸ਼ਬਦ ਹੈ। "Novel" ਸ਼ਬਦ 'ਨਵੇਂ' ਦੇ ਅਰਥਾਂ ਵਜੋਂ ਵਰਤਿਆ ਜਾਂਦਾ ਹੈ।[1] ਅੰਗਰੇਜ਼ੀ ਵਿੱਚ Novel ਸ਼ਬਦ ਛੋਟੀ ਕਹਾਣੀ ਲਈ ਵੀ ਵਰਤਿਆ ਜਾਂਦਾ ਹੈ। Novel ਦਾ ਪ੍ਰਾਇਵਾਚੀ ਹਿੰਦੀ ਭਾਸ਼ਾ ਦਾ ਸ਼ਬਦ 'ਉਪਨਿਆਸ' ਹੈ।'ਉਪਨਿਆਸ' ਸ਼ਬਦ ਦਾ ਮੂਲ ਸੰਸਕ੍ਰਿਤ ਭਾਸ਼ਾ ਵਿੱਚ ਹੈ। ਪੰਜਾਬੀ ਵਿੱਚ ਇਸ ਦਾ ਅੰਗਰੇਜ਼ੀ

ਵਾਲਾ ਰੂਪ 'ਨਾਵਲ' ਹੀ ਪ੍ਰਸਿੱਧ ਹੈ ਅਤੇ ਇਸੇ ਸ਼ਬਦ ਦੀ ਇਸ ਸਾਹਿਤ ਰੂਪ ਲਈ ਵਰਤੋਂ ਕੀਤੀ ਜਾਂਦੀ ਹੈ। ਇਤਾਲਵੀ ਸ਼ਬਦ 'Novella' ਤੋਂ ਇਹ ਸਪਸ਼ਟ ਹੁੰਦਾ ਹੈ ਕਿ ਨਾਵਲ ਇਕ ਅਜਿਹੀ ਰਚਨਾ ਹੈ ਜਿਸ ਵਿੱਚ ਜੀਵਨ ਦੀ ਕਹਾਣੀ ਨੂੰ ਸਮਕਾਲੀ ਸਮਾਜ ਦੇ ਸੰਦਰਭ ਵਿੱਚ ਨਵੀਨ ਢੰਗ ਨਾਲ ਬਿਆਨ ਕੀਤਾ ਜਾਂਦਾ ਹੈ। ਇਸ ਦਾ ਭਾਵ ਇਹ ਹੋਇਆ ਕਿ ਨਾਵਲ ਵਿੱਚ 'ਨਵੀਨਤਾ' ਦਾ ਤੱਤ ਅਤਿਅੰਤ ਜ਼ਰੂਰੀ ਹੈ। ਡਾ. ਪ੍ਰਤਾਪ ਨਰਾਇਣ ਟੰਡਨ ਦਾ ਵਿਚਾਰ ਹੈ, "ਉਪਨਿਆਸ ਸ਼ਬਦ ਮੂਲ ਰੂਪ ਵਿੱਚ ਸੰਸਕ੍ਰਿਤ ਭਾਸ਼ਾ ਦਾ ਹੈ ਪਰ ਇਸ ਸ਼ਬਦ ਦੇ ਵੱਖ-ਵੱਖ ਪ੍ਰਸੰਗਾਂ ਵਿੱਚ 'ਨਾਵਲ' ਤੋਂ ਬਿਨਾਂ ਹੋਰ ਅਰਥ ਵੀ ਹੋਏ ਮਿਲਦੇ ਹਨ। ਉਪਨਿਆਸ ਨੂੰ 'ਕਲਪਤ ਕਥਾ' ਦੇ ਅਰਥਾਂ ਵਿੱਚ ਵੀ ਵਰਤਿਆ ਜਾਂਦਾ ਹੈ। ਇਸ ਦਾ ਭਾਵ ਇਹ ਵੀ ਨਿਕਲਦਾ ਹੈ ਕਿ ਉਪਨਿਆਸ ਇਕ ਅਜਿਹੀ ਰਚਨਾ ਹੈ ਜਿਸ ਵਿੱਚ ਸੰਪੂਰਨ ਜ਼ਿੰਦਗੀ ਦੀ ਲੰਬੀ ਕਹਾਣੀ ਨੂੰ ਨਾਵਾਂ, ਥਾਵਾਂ, ਘਟਨਾਵਾਂ ਦੀ ਸਹਾਇਤਾ ਨਾਲ ਯੋਗ ਭਾਸ਼ਾ ਵਿੱਚ ਬਿਆਨ ਕੀਤਾ ਗਿਆ ਹੋਵੇ। ਨਾਵਲ, ਪਾਤਰ, ਨਾਵਲੀ ਕਾਰਜ ਅਤੇ ਨਾਵਲੀ ਘਟਨਾਵਾਂ ਜੀਵਨ ਦੀ ਅਸਲੀਅਤ ਦਾ ਭੁਲਾਂਦਰਾ ਪੈਦਾ ਕਰਨ ਵਾਲੇ ਹੋਣੇ ਚਾਹੀਦੇ ਹਨ।"[2] ਪ੍ਰਸਿੱਧ ਸਮਾਜਵਾਦੀ ਆਲੋਚਕ ਰੈਲਫ਼ ਫਾਕਸ, "ਨਾਵਲ ਨੂੰ 'ਪੂੰਜੀਵਾਦੀ ਯੁੱਗ ਦਾ ਮਹਾਂਕਾਵਿ' ਮੰਨਿਆ ਹੈ। ਉਸ ਅਨੁਸਾਰ ਜੋ ਸਥਾਨ ਮਹਾਂਕਵਿ ਨੂੰ ਜਾਗੀਰਦਾਰੀ ਯੁੱਗ ਵਿੱਚ ਪ੍ਰਾਪਤ ਸੀ, ਉਹੀ ਸਥਾਨ ਨਾਵਲ ਨੂੰ ਪੂੰਜੀਵਾਦ ਯੁੱਗ ਵਿੱਚ ਪ੍ਰਾਪਤ ਹੈ। ਨਾਵਲ ਪੂੰਜੀਵਾਦੀ ਯੁੱਗ ਦਾ ਸਭ ਤੋਂ ਪ੍ਰਮੁੱਖ ਰੂਪਾਕਾਰ ਹੈ ਕਿਉਂਕਿ ਜਿਤਨੇ ਸੁਚੱਜੇ ਅਤੇ ਸੰਪੂਰਨ ਢੰਗ ਨਾਲ ਨਾਵਲ ਆਧੁਨਿਕ ਯੁੱਗ ਦੀ ਵਿਆਖਿਆ ਕਰ ਸਕਦਾ ਹੈ, ਓਨੀ ਸਮਰੱਥਾ ਨਾਲ ਸਾਹਿਤ ਦੇ ਹੋਰ ਰੂਪ ਨਹੀਂ ਕਰ ਸਕਦੇ। ਇਹੀ ਕਾਰਨ ਹੈ ਕਿ ਆਧੁਨਿਕ ਯੁੱਗ ਵਿੱਚ ਨਾਵਲ ਸਭ ਤੋਂ ਲੋਕਪ੍ਰਿਆ ਅਤੇ ਸ਼ਰੋਮਣੀ ਸਾਹਿਤ ਰੂਪ ਮੰਨਿਆ ਜਾਂਦਾ ਹੈ।"।[3] ਰਿਚਰਡ ਬਰਟਨ ਅਨੁਸਾਰ, "ਨਾਵਲ ਸਮਕਾਲੀ ਜੀਵਨ ਦਾ ਗੱਦ ਵਿੱਚ ਰਚਿਆ ਅਧਿਐਨ ਹੈ"।[4] H.G.Wells ਅਨੁਸਾਰ, "ਨਾਵਲ ਇਕ ਨੁਕਸਾਨ ਰਹਿਤ ਨਸ਼ਾ ਹੈ ਜਿਹੜਾ ਉਸ ਸਮੇਂ ਸੇਵਨ ਕੀਤਾ ਜਾਂਦਾ ਹੈ ਜਦੋਂ ਮਨੁੱਖੀ ਦਿਮਾਗ਼ ਖ਼ਾਲੀ ਹੋਵੇ ਜਾਂ ਮਨੁੱਖ ਕੋਲ ਕਾਫ਼ੀ ਵਿਹਲ ਹੋਵੇ"।[5] ਰੈਲਫ਼ ਫਾਕਸ ਅਨੁਸਾਰ, " ਨਾਵਲ ਜੀਵਨ ਦੀ ਵਿਆਖਿਆ ਹੈ, ਸਿਰਫ਼ ਮਾਮੂਲੀ ਗੱਦ-ਕਥਾ ਨਹੀਂ। ਨਾਵਲ ਕਲਾ ਦਾ ਅਜਿਹਾ ਰੂਪ ਹੈ ਜੋ ਮਨੁੱਖ ਨੂੰ ਪੂਰਨ ਰੂਪ ਵਿੱਚ ਸਮਝਣ ਅਤੇ ਸਕਾਰ ਕਰਨ ਦਾ ਉਪਰਾਲਾ ਕਰਦੀ ਹੈ"।[6] ਯਥਾਰਥਵਾਦੀ ਨਾਵਲ ਸ਼ਾਸਤਰੀਆਂ ਲਈ ਨਾਵਲ ਵਸਤੂ ਤੋਂ ਵਸਤੂ ਤੱਕ ਦੀ ਯਾਤਰਾ ਹੈ ਜਿਸ ਦੇ ਦਰਮਿਆਨ ਸੱਚ ਕਲਾ ਹੈ। ਆਰਨਲਡ ਕੈਟਲ ਦਾ ਵਿਚਾਰ ਹੈ, "ਸਾਰੇ ਉਪਨਿਆਸਾਂ, ਜਿਨ੍ਹਾਂ ਨੂੰ ਸਫ਼ਲ ਕਲਾਤਮਕ ਰਚਨਾਵਾਂ ਕਿਹਾ ਜਾ ਸਕਦਾ ਹੈ, ਵਿੱਚ ਦੋ ਤੱਤ ਹੁੰਦੇ ਹਨ- ਜੀਵਨ ਅਤੇ ਢਾਂਚਾ"।[7] ਕੁਲਰ ਨਾਵਲ ਦੀ ਪਰਿਭਾਸ਼ਾ ਕਰਦਾ ਲਿਖਦਾ ਹੈ, "ਨਾਵਲ ਹੋਰ ਸਾਹਿਤਕ ਰੂਪਾਂ ਦੇ ਮੁਕਾਬਲੇ 'ਤੇ, ਬਹੁਤ ਚੰਗੀ ਤਰ੍ਹਾਂ, ਜੀਵਨ ਦਾ ਉਹ ਨਮੂਨਾ ਪੇਸ਼ ਕਰਦਾ ਹੈ, ਜਿਸ ਰਾਹੀਂ ਸਮਾਜ ਆਪਣੇ-ਆਪ ਨੂੰ ਨਿੰਮਦਾ ਹੈ"।[8] ਵੈਬਸਟਰ ਅਨੁਸਾਰ, "ਉਪਨਿਆਸ ਵਾਰਤਕ ਵਿੱਚ ਲਿਖੀ ਇਕ ਵੱਡੇ ਆਕਾਰ ਦੀ ਕਲਪਨਾ-ਭਰਪੂਰ ਕਹਾਣੀ ਹੁੰਦੀ ਹੈ ਜਿਸ ਵਿੱਚ ਮਾਨਵ-ਜੀਵਨ ਦੇ ਯਥਾਰਥ ਪੱਖ ਨੂੰ ਪ੍ਰਗਟਾਉਣ ਵਾਲੇ ਪਾਤਰਾਂ ਤੇ ਉਨ੍ਹਾਂ ਦੇ ਕਾਰਜਾਂ ਦਾ ਵਰਨਣ ਹੁੰਦਾ ਹੈ"।[9] ਡਾ. ਸਵਿੰਦਰ ਸਿੰਘ ਉੱਪਲ ਨਾਵਲ ਦੀ ਪਰਿਭਾਸ਼ਾ ਕਰਦੇ ਲਿਖਦੇ ਹਨ, "ਨਾਵਲ ਵਿਧੀ ਅਨੁਸਾਰ ਪੰਜ ਪ੍ਰਮੁੱਖ ਵਿਸ਼ੇਸ਼ਤਾਵਾਂ- ਜੀਵਨ, ਫ਼ਲਸਫ਼ਾ, ਪਾਤਰ, ਗੋਂਦ, ਵਾਤਾਵਰਨ ਅਤੇ ਵਾਰਤਾਲਾਪ ਦਾ ਨਾਵਲ ਵਿੱਚ ਹੋਣਾ ਜ਼ਰੂਰੀ ਮੰਨਿਆ ਜਾਂਦਾ ਹੈ"।[10]

ਉਪਰੋਕਤ ਪਰਿਭਾਸ਼ਾਵਾਂ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਨਾਵਲ ਜੀਵਨ ਦੇ ਯਥਾਰਥ ਨਾਲ ਸਬੰਧਤ ਹਨ ਅਤੇ ਇਸ ਦਾ ਬਿਆਨ ਕਲਪਨਾ ਦੀ ਪੱਧਰ ’ਤੇ ਪਾਤਰਾਂ, ਘਟਨਾਵਾਂ, ਵਾਤਾਵਰਨ ਅਤੇ ਵਿਸ਼ੇਸ਼ ਦ੍ਰਿਸ਼ਟੀਕੋਣ ਦੁਆਰਾ ਕੀਤਾ ਜਾਂਦਾ ਹੈ। ਨਾਵਲੀ-ਰਚਨਾ ਵਿੱਚ ਹਰ ਸਮੇਂ ਵਿਰੋਧਾਭਾਸ ਬਣਿਆ ਰਹਿੰਦਾ ਹੈ। ਇਕ ਪਾਸੇ ਇਸ ਦੀ ਸੀਮਾ ਸਮਕਾਲੀ ਜੀਵਨ ਦੇ ਯਥਾਰਥ ਨਾਲ ਜੁੜਦੀ ਅਤੇ ਦੂਜੇ ਪਾਸੇ ਇਸ ਦਾ ਸਬੰਧ ਕਾਲਪਨਕ ਗਲਪ ਸੰਸਾਰ ਵਿੱਚ ਪੇਸ਼ ਹੋਏ ਕਲਾ-ਯਥਾਰਥ ਨਾਲ ਹੈ। ਨਾਵਲ ਸਾਹਿਤ ਦਾ ਅਜਿਹਾ ਪ੍ਰਮੁੱਖ ਤੇ ਮਹੱਤਵਪੂਰਨ ਸਾਹਿਤ ਰੂਪ ਹੈ ਜਿਸ ਵਿੱਚ ਜੀਵਨ ਦੀ ਵਾਸਤਵਿਕਤਾ ਨੂੰ ਬਿਆਨ ਕੀਤਾ ਗਿਆ ਹੁੰਦਾ ਹੈ ਜਾਂ ਕੀਤਾ ਜਾਂਦਾ ਹੈ। ਨਾਵਲਕਾਰ ਆਪਣੇ ਆਲੇ-ਦੁਆਲੇ ਦੇ ਜੀਵਨ ਵਿੱਚ ਜੋ ਕੁਝ ਚੰਗਾ ਜਾਂ ਮਾੜਾ ਵਾਪਰਦਾ ਵੇਖਦਾ ਹੈ ਅਤੇ ਜੋ ਕੁਝ ਉਸ ਨੂੰ ਆਪਣੇ ਵਿਰਸੇ ਵਿੱਚ ਪ੍ਰਾਪਤ ਹੁੰਦਾ ਹੈ, ਉਸ ਸਾਰੇ ਕੁਝ ਨੂੰ ਆਪਣੀ ਸ਼ਖ਼ਸੀਅਤ ਦੇ ਵਿਲੱਖਣ ਦ੍ਰਿਸ਼ਟੀਕੋਣ ਦੁਆਰਾ ਨਾਵਲੀ-ਰਚਨਾ ਵਿੱਚ ਸਕਾਰ ਕਰਦਾ ਹੈ। ਇਸ ਪ੍ਰਗਟਾਅ ਦਾ ਮਾਧਿਅਮ ਪਲਾਟ, ਪਾਤਰ, ਵਾਰਤਾਲਾਪ, ਮੋਟਿਫ਼ ਅਤੇ ਭਾਸ਼ਾ ਆਦਿ ਬਣਦੇ ਹਨ।

ਨਾਵਲੀ-ਰਚਨਾ ਵਿੱਚ ਪ੍ਰਮੁੱਖ ਵਸਤੂ ਨਾਵਲ ਦਾ ਕਥਾ-ਜਗਤ ਅਥਵਾ ਕਹਾਣੀ ਹੁੰਦੀ ਹੈ। ਇਸ ਕਹਾਣੀ ਨੂੰ ਤਰਤੀਬ ਵਿੱਚ ਬੰਨ੍ਹ ਕੇ ਪਲਾਟ ਹੀ ਪੇਸ਼ ਕਰਦਾ ਹੈ। ਪਲਾਟ ਨਾਵਲੀ ਥੀਮ ਨੂੰ ਸੰਗਠਨ ਕਰਨ ਦਾ ਨਾਮ ਵੀ ਹੈ। ਕੁਝ ਲੋਕ ਕਹਾਣੀ ਨੂੰ ਹੀ ਪਲਾਟ ਕਹਿ ਦਿੰਦੇ ਹਨ। ਕਿਉਂਕਿ ਨਾਵਲ ਵਿਆਪਕ-ਜੀਵਨ ਨਾਲ ਸਬੰਧਤ ਹੁੰਦਾ ਹੈ, ਇਸ ਲਈ ਬੁਨਿਆਦੀ ਤੌਰ ’ਤੇ ਇਹ ਯਥਾਰਥਕ ਸਾਹਿਤ ਹੈ। ਇਸ ਨਾਵਲੀ ਕਹਾਣੀ ਦਾ ਅਕਾਰ F. M. Forster ਅਨੁਸਾਰ 50000 ਸ਼ਬਦਾਂ ਦਾ ਜ਼ਰੂਰ ਹੋਣਾ ਚਾਹੀਦਾ ਹੈ। ਪ੍ਰਾਪਤ ਨਾਵਲਾਂ ਵਿੱਚ ਅਕਸਰ 50 ਤੋਂ 1000 ਪੰਨੇ ਤੱਕ ਦੇ ਨਾਵਲ ਮਿਲਦੇ ਹਨ। ਪਲਾਟ ਦੁਆਰਾ ਹੀ ਨਾਵਲੀ ਕਹਾਣੀ ਵਿੱਚ ਰੌਚਕਤਾ ਅਤੇ ਸਾਹਿਤਕਤਾ ਦਾ ਅੰਸ਼ ਆਉਂਦਾ ਹੈ।

ਅਰਸਤੂ ਨੇ ਆਪਣੇ ਕਾਵਿ-ਸ਼ਾਸਤਰ (The Poetics) ਵਿੱਚ ਪਲਾਟ ਨੂੰ ਬਹੁਤ ਮਹੱਤਵ ਦਿੱਤਾ ਹੈ। ਉਹ ਪਲਾਟ ਨੂੰ ‘ਤ੍ਰਾਸਦੀ ਦੀ ਆਤਮਾ’ ਦਾ ਨਾਂ ਦਿੰਦਾ ਹੈ। ਉਹ ਪਲਾਟ ਨੂੰ ਘਟਨਾਵਾਂ ਦੀ ਕਲਾਤਮਕ ਵਿਉਂਤਬੰਦੀ ਕਹਿੰਦਾ ਹੈ। ਉਹ ਅਜਿਹੇ ਪਲਾਟ ਨੂੰ ਤਰਜੀਹ ਦਿੰਦਾ ਹੈ, ਜੋ ਸੰਪੂਰਨ ਹੋਵੇ, ਅਰਥਾਤ ਜਿਸ ਦਾ ਇਕ ਨਿਸਚਿਤ ਆਰੰਭ ਹੋਵੇ, ਇਕ ਮੱਧ ਹੋਵੇ ਅਤੇ ਨਿਚਸਿਤ ਅੰਤ ਵੀ ਹੋਵੇ। ਉਹ ਪਲਾਟ ਦੀ ਏਕਤਾ ਨੂੰ ਇਸ ਦਾ ਇਕ ਜ਼ਰੂਰੀ ਗੁਣ ਮੰਨਦਾ ਹੈ। ਏਕਤਾ ਦਾ ਅਰਥ ਉਹ ਇਹ ਦੱਸਦਾ ਹੈ ਕਿ ਪਲਾਟ ਵਿੱਚੋਂ ਕਿਸੇ ਇਕ ਘਟਨਾ ਨੂੰ ਵੀ ਕੱਢ ਦਿੱਤਾ ਜਾਵੇ ਤਾਂ ਇਹ ਪੂਰੀ ਤਰ੍ਹਾਂ ਨਾਲ ਬਿਖਰ ਜਾਵੇ। ਅਰਸਤੂ ਨੇ ਪਲਾਟ ਦੀਆਂ ਦੋ ਸ਼੍ਰੇਣੀਆਂ ਮੰਨੀਆਂ ਹਨ:- ਇਕਹਿਰਾ ਪਲਾਟ ਅਤੇ ਗੁੰਝਲਦਾਰ ਪਲਾਟ।

ਭਾਰਤੀ ਵਿਦਵਾਨਾਂ ਦਾ ਕਹਿਣਾ ਹੈ ਕਿ ਪਲਾਟ ਨਾਵਲ ਦੀ ਰਚਨਾ ਦਾ ਮੂਲ ਅਧਾਰ ਹੁੰਦਾ ਹੈ। ਪਲਾਟ ਦਾ ਅੰਗ ਇਸ ਦਾ ਸ਼ੈਲੀਗਤ ਨਿਰਮਾਣ ਵੀ ਹੁੰਦਾ ਹੈ। ਚੰਗੇ ਪਲਾਟ ਵਿੱਚ ਘਟਨਾਵਾਂ ਆਪਸ ਵਿੱਚ ਸੁਭਾਵਿਕ ਤੌਰ ’ਤੇ ਸਬੰਧਤ ਹੁੰਦੀਆਂ ਹਨ। ਨਾਵਲੀ ਪਲਾਟ ਦਾ ਇਕ ਮਹੱਤਵਪੂਰਨ ਗੁਣ, ਇਸ ਦਾ ਰੌਚਕ ਹੋਣਾ ਵੀ ਹੈ।

ਪੱਛਮੀ ਸਾਹਿਤ ਵਿੱਚ ਪਾਤਰ-ਉਸਾਰੀ ਨੂੰ ਵਿਸ਼ੇਸ਼ ਮਹੱਤਵ ਪ੍ਰਾਪਤ ਰਿਹਾ ਹੈ। ਪ੍ਰਤੀਕ-ਕਥਾ, ਨੀਤੀ-ਕਥਾ, ਪਸ਼ੂ-ਕਥਾ ਆਦਿ ਵਿੱਚ ਪਾਤਰਾਂ ਦੀ ਸਿਰਜਣਾ ਹੁੰਦੀ ਰਹੀ ਹੈ। ਸਰ ਵਾਲਟਰ ਰੈਲੇ ਨੇ ਵੀ ਲਿਖਿਆ ਹੈ ਕਿ ਮਨੁੱਖ ਪੂਰੇ ਵਿਸ਼ਵ ਦੀ

ਪ੍ਰਤੀਨਿਧਤਾ ਕਰਨ ਵਾਲਾ ਜੀਵ ਹੈ। ਨਾਵਲ ਵਿੱਚ ਪਾਤਰ ਹੀ ਘਟਨਾਵਾਂ ਸਿਰਜਦੇ ਜਾਂ ਭੋਗਦੇ ਹਨ। ਪਾਤਰ ਹੀ ਮਾਨਵ ਦੀ ਦੁੱਖ-ਸੁੱਖ ਭਰਪੂਰ ਕਹਾਣੀ ਨਾਲ ਸਬੰਧਤ ਹੁੰਦੇ ਹਨ। ਨਾਵਲ ਦਾ ਸਬੰਧ ਮਨੁੱਖੀ ਜ਼ਿੰਦਗੀ ਨਾਲ ਹੈ। ਇਸਲਈ ਕਿਸੇ ਵੀ ਉਪਨਿਆਸ ਦੇ ਪਾਤਰ ਜ਼ਿੰਦਗੀ ਵਿੱਚ ਆਮ ਮਿਲਦੇ ਪਾਤਰ ਹੋਣੇ ਚਾਹੀਦੇ ਹਨ। ਭਾਵ ਪਾਤਰ ਹੱਡ-ਮਾਸ ਦੇ ਜਿਉਂਦੇ-ਜਾਗਦੇ, ਦੁੱਖ-ਸੁੱਖ ਸਹਿਣ ਕਰਦੇ ਪਾਤਰ ਹੋਣੇ ਚਾਹੀਦੇ ਹਨ। ਪਾਤਰਾਂ ਦੀ ਅੰਤਰੀਵੀ ਸੋਚ ਅਤੇ ਬਾਹਰੀ ਲਿਬਾਸ ਵੀ ਜ਼ਿੰਦਗੀ ਵਿੱਚ ਮਿਲਦੇ ਮਨੁੱਖਾਂ ਵਾਲਾ ਹੋਣਾ ਚਾਹੀਦਾ ਹੈ, ਕਿਉਂਕਿ ਨਾਵਲਕਾਰ ਨੇ ਪਾਤਰਾਂ ਦੇ ਵਿਚਾਰਾਂ ਤੇ ਵਿਹਾਰਾਂ ਦਾ ਸਧਾਰਨੀਕਰਨ ਕੀਤਾ ਹੁੰਦਾ ਹੈ। ਨਾਵਲੀ ਪਾਤਰਾਂ ਨੂੰ ਦੋ ਸ਼੍ਰੇਣੀਆਂ ਵਿੱਚ ਵੰਡਿਆਂ ਜਾਦਾਂ ਹੈ:- ਪੱਧਰੇ ਪਾਤਰ ਅਤੇ ਗੋਲ ਪਾਤਰ। ਨਾਵਲੀ ਕਾਰਜ ਪ੍ਰਕਿਰਿਆ ਵਿੱਚ ਪੱਧਰੇ ਪਾਤਰ ਵਧੇਰੇ ਸਫ਼ਲ ਨਹੀਂ ਰਹਿੰਦੇ ਸਗੋਂ ਵਿਕਾਸ ਕਰਦੇ ਸਥਿਤੀਆਂ ਅਨੁਸਾਰ ਬਦਲਦੇ ਪਾਤਰ ਵਧੇਰੇ ਸਫ਼ਲ ਰਹਿੰਦੇ ਹਨ। ਪਾਤਰ ਅਤੇ ਉਸਾਰੀ ਨੂੰ ਪੇਸ਼ ਕਰਦੇ ਸਮੇਂ ਨਾਵਲਕਾਰ ਇਸ ਗੱਲ ਦਾ ਖ਼ਾਸ ਧਿਆਨ ਰੱਖਦਾ ਹੈ ਕਿ ਉਸ ਦੇ ਪਾਤਰ ਸਮਾਜ ਵਿੱਚ ਪ੍ਰਾਪਤ ਮਨੁੱਖੀ ਸ਼੍ਰੇਣੀਆਂ ਦੀ ਪ੍ਰਤੀਨਿਧਤਾ ਕਰਦੇ ਹੋਣ। ਇਹ ਪ੍ਰਤੀਨਿਧਤਾ ਜੀਵਨ ਦੇ ਹਰ ਵਰਗ ਦੇ ਲੋਕਾਂ ਦੀ ਹੋਣੀ ਚਾਹੀਦੀ ਹੈ। ਵਿਦਵਾਨਾਂ ਦਾ ਵਿਚਾਰ ਹੈ ਕਿ ਨਾਵਲ ਵਿੱਚ ਪਾਤਰਾਂ ਦੀ ਪਾਤਰ ਉਸਾਰੀ ਸਜੀਵਤਾ, ਸਚਾਈ ਅਤੇ ਸੁਭਾਵਿਕਤਾ ਦੇ ਨਾਲ-ਨਾਲ ਇਕ ਪ੍ਰਭਾਵਸ਼ਾਲੀ ਢੰਗ ਨਾਲ ਕੀਤੀ ਜਾਣੀ ਚਾਹੀਦੀ ਹੈ। ਪਾਤਰ ਦੀ ਪ੍ਰਕਿਰਤੀ ਤੇ ਪ੍ਰਵਿਰਤੀ ਦੇ ਅਨੁਸਾਰ ਹੀ ਉਸ ਦਾ ਕਾਰਜ ਅਤੇ ਹੋਰ ਗੱਲਾਂ ਹੋਣੀਆਂ ਚਾਹੀਦੀਆਂ ਹਨ। ਪਾਤਰ ਉਸਾਰੀ ਦਾ ਇਕ ਮੁੱਖ ਕਰੱਤਵ ਇਹ ਹੈ ਕਿ ਉਹ ਪਲਾਟ ਦੇ ਵਿਕਾਸ ਵਿੱਚ ਸਹਾਇਕ ਸਿੱਧ ਹੋ ਸਕੇ, ਕਿਉਂਕਿ ਪਲਾਟ ਦੀਆਂ ਨਿਜਿੰਦ ਘਟਨਾਵਾਂ ਨੂੰ ਪਾਤਰ ਹੀ ਇਕ ਲੜੀ ਵਿੱਚ ਜੋੜ ਕੇ ਸਜੀਵਤਾ ਦਾ ਅੰਸ਼ ਪ੍ਰਦਾਨ ਕਰਦੇ ਹਨ। ਪਾਤਰ ਅਤੇ ਪਾਤਰ ਉਸਾਰੀ ਦੀ ਦ੍ਰਿਸ਼ਟੀ ਤੋਂ ਨਾਵਲ ਵਿੱਚ ਪੁਰਾਤਨ ਪਾਤਰ ਅਤੇ ਅਜੋਕੇ ਪਾਤਰਾਂ ਦੀਆਂ ਸ਼੍ਰੇਣੀਆਂ ਵੀ ਵੇਖੀਆਂ ਜਾ ਸਕਦੀਆਂ ਹਨ। ਪਾਤਰ ਉਸਾਰੀ ਦੀ ਦ੍ਰਿਸ਼ਟੀ ਤੋਂ ਮਨੋਵਿਗਿਆਨਕ ਪਾਤਰ ਉਸਾਰੀ 'ਤੇ ਵਧੇਰੇ ਬਲ ਦੇਣਾ ਲੋੜੀਂਦਾ ਹੈ ਕਿਉਂਕਿ ਪਾਤਰ ਦਾ ਮਾਨਸਿਕ ਸੰਘਰਸ਼ ਅਥਵਾ ਮਾਨਸਿਕ ਕਾਰਜ ਹੀ, ਬਾਹਰਮੁਖੀ ਕਾਰਜ ਦਾ ਰੂਪ ਧਾਰਨ ਕਰਦਾ ਹੈ।

ਨਾਵਲ ਵਿੱਚ ਵਾਰਤਾਲਾਪ ਭਾਵੇਂ ਨਾਟਕ ਵਾਂਗ ਕੇਂਦਰੀ ਮਹਾਨਤਾ ਤਾਂ ਨਹੀਂ ਰੱਖਦੇ ਅਥਵਾ ਇੰਨੀ ਜ਼ਿਆਦਾ ਗਿਣਤੀ ਵਿੱਚ ਨਹੀਂ ਹੁੰਦੇ, ਫਿਰ ਵੀ ਨਾਵਲੀ ਬਣਤਰ ਵਿੱਚ ਇਨ੍ਹਾਂ ਦੀ ਆਪਣੀ ਵਿਸ਼ੇਸ਼ ਤੇ ਵਿਲੱਖਣ ਥਾਂ ਹੁੰਦੀ ਹੈ। ਵਾਰਤਾਲਾਪ ਜਾਂ ਸੰਵਾਦ ਨਾਵਲੀ ਘਟਨਾਵਾਂ ਨੂੰ ਸੁਭਾਵਿਕ ਰੂਪ ਵਿੱਚ, ਆਪਸ ਵਿੱਚ ਜੋੜਦੇ ਹਨ, ਨਾਵਲੀ ਕਥਾ ਨੂੰ ਗਤੀ ਬਖਸ਼ਦੇ ਹਨ, ਪਾਤਰਾਂ ਦੀ ਉਸਾਰੀ ਕਰਦੇ ਹਨ ਅਤੇ ਨਾਵਲੀ ਥੀਮ ਨੂੰ ਇਕ ਸੇਧ ਪ੍ਰਦਾਨ ਕਰਦੇ ਹਨ। ਜਿਹੜੇ ਸੰਵਾਦ ਇਨ੍ਹਾਂ ਲੋੜਾਂ ਦੀ ਪੂਰਤੀ ਨਹੀਂ ਕਰਦੇ, ਉਨ੍ਹਾਂ ਨੂੰ ਨਾਵਲੀ-ਜਗਤ ਵਿੱਚ ਸਫ਼ਲ ਸੰਵਾਦ ਨਹੀਂ ਮੰਨਿਆ ਜਾਂਦਾ ਸਗੋਂ ਅਜਿਹੇ ਅਰਥਹੀਣ ਸੰਵਾਦ ਨਾਵਲੀ ਰਚਨਾ ਦੇ ਮੁੱਲ ਨੂੰ ਘਟਾਉਂਦੇ ਹਨ। ਕਿਸੇ ਪੱਛਮੀ ਵਿਦਵਾਨ ਨੇ ਨਾਵਲੀ ਸੰਵਾਦ ਬਾਰੇ ਵਿਚਾਰ ਕਰਦਾ ਹੋਇਆ ਲਿਖਦਾ ਹੈ, ਭਾਵ ਇਹ ਕਿ ਵਾਰਤਾਲਾਪ ਦਾ ਮੁੱਖ ਕੰਮ ਇਕ ਸੰਗਠਨ ਪਲਾਟ ਦੀ ਉਸਾਰੀ ਕਰਨਾ ਅਤੇ ਪ੍ਰਤੱਖ ਜਾਂ ਅਪ੍ਰਤੱਖ ਢੰਗ ਨਾਲ ਨਾਟਕੀ ਥੀਮ ਦੀ ਵਿਆਖਿਆ ਕਰਨਾ ਅਤੇ ਪਾਤਰਾਂ ਦੀ ਯੋਗ ਵਿਆਖਿਆ ਕਰਨਾ ਹੁੰਦਾ ਹੈ।

ਵਿਦਵਾਨ ਆਲੋਚਕਾਂ ਦਾ ਵਿਚਾਰ ਹੈ ਕਿ ਨਾਵਲੀ ਰਚਨਾ ਦੇ ਵਾਰਤਾਲਾਪ ਬੜੇ ਸੁਭਾਵਿਕ ਹੋਣੇ ਚਾਹੀਦੇ ਹਨ। ਵਾਰਤਾਲਾਪ ਸਥਿਤੀ ਅਤੇ ਵਾਤਾਵਰਨ ਦੇ ਅਨੁਕੂਲ ਵੀ ਹੋਣੇ ਜ਼ਰੂਰੀ ਹਨ। ਨਾਵਲ ਵਿੱਚ ਸਜੀਵਤਾ ਅਤੇ ਇਸ ਦੇ ਕਥਾਨਕ ਦੀ ਸਜੀਵਤਾ ਸੁਭਾਵਿਕ ਅਤੇ ਸਮੇਂ ਅਨੁਸਾਰ ਯੋਗ ਵਾਰਤਾਲਾਪ ਦੀ ਵਰਤੋਂ ’ਤੇ ਨਿਰਭਰ ਕਰਦੀ ਹੈ। ਪਾਤਰਾਂ ਦੀ ਬੌਧਿਕ ਪੱਧਰ ਅਥਵਾ ਉਨ੍ਹਾਂ ਦੇ ਗਿਆਨ-ਪੱਧਰ ਦੇ ਅਨੁਸਾਰ ਹੀ ਵਾਰਤਾਲਾਪ ਹੋਣੇ ਚਾਹੀਦੇ ਹਨ। ਵਾਰਤਾਲਾਪ ਦਾ ਪ੍ਰਮੁੱਖ ਕੰਮ ਪਾਤਰਾਂ ਦੀ ਉਸਾਰੀ ਕਰਨਾ ਹੈ। ਕਿਸੇ ਵੀ ਨਾਵਲੀ ਰਚਨਾ ਵਿੱਚ ਅਸੰਗਤ ਵਾਰਤਾਲਾਪ ਸਾਰੇ ਪ੍ਰਭਾਵ ਨੂੰ ਨਸ਼ਟ ਕਰ ਦਿੰਦੇ ਹਨ, ਵਾਰਤਾਲਾਪਾਂ ਵਿੱਚ ਨਿੱਜੀ ਅਤੇ ਵਿਅਕਤੀਗਤ ਰੰਗਤ ਹੋਣੀ ਵੀ ਬਹੁਤ ਜ਼ਰੂਰੀ ਹੈ। ਇਹ ਸਾਰੇ ਅੰਸ਼ ਗਲਪ ਨੂੰ ਸੁਭਾਵਿਕਤਾ ਪ੍ਰਦਾਨ ਕਰਦੇ ਹਨ। ਵਾਰਤਾਲਾਪ ਜਾਂ ਸੰਵਾਦ ਦਾ ਇਕ ਪੱਖ ਮਨੋਵਿਗਿਆਨ ਨਾਲ ਵੀ ਸਬੰਧਤ ਹੈ। ਇਸ ਗੁਣ ਨਾਲ ਨਾਵਲੀ-ਰਚਨਾ ਨੂੰ ਕਲਾਤਮਿਕਤਾ ਦਾ ਅੰਸ਼ ਪ੍ਰਾਪਤ ਹੁੰਦਾ ਹੈ। ਆਰੰਭਕ ਕਾਲ ਦੇ ਨਾਵਲਾਂ ਵਿੱਚ ਮਨੋਵਿਗਿਆਨਕ ਸੰਵਾਦਾਂ ਦਾ ਅਭਾਵ ਹੈ। ਇਨ੍ਹਾਂ ਨਾਵਲਾਂ ਵਿੱਚੋਂ ਮਨੋਵਿਗਿਆਨਕ ਦ੍ਰਿਸ਼ਟੀ ਵੀ ਗਾਇਬ ਹੈ। ਆਰੰਭਕ ਕਾਲ ਦਾ ਨਾਵਲਕਾਰ ਵਾਰਤਾਲਾਪ ਰਚਣ ਸਮੇਂ ਕੇਵਲ ਪਲਾਟ ਦੇ ਵਿਕਾਸ ਨੂੰ ਹੀ ਸਾਹਮਣੇ ਰੱਖਦਾ ਸੀ। ਉਸ ਦੇ ਸਾਹਮਣੇ ਸੁਚੇਤ ਰੂਪ ਵਿੱਚ ਕਿਸੇ ਪਾਤਰ ਦੇ ਮਾਨਸਿਕ ਚਿਤਰਨ ਦਾ ਉਦੇਸ਼ ਨਹੀਂ ਸੀ ਹੁੰਦਾ। ਇਸ ਕਿਸਮ ਦੇ ਸੰਵਾਦ ਖੁਸ਼ਕ ਜਿਹੇ ਅਤੇ ਯੋਜਨਾ ਰਹਿਤ ਹੁੰਦੇ ਸਨ ਪਰ ਅੱਜ ਅਜਿਹਾ ਨਹੀਂ, ਅੱਜ ਨਾਵਲ ਰਚਨਾ ਵਿੱਚ ਵਾਰਤਾਲਾਪ ਦਾ ਮੁੱਖ ਮੰਤਵ ਸੂਖਮਤਾ ਦੇ ਭਾਵਾਂ ਨੂੰ ਸਕਾਰ ਕਰਨਾ ਹੈ। ਇਹ ਸੂਖਮਤਾ ਭਾਵੇਂ ਪਾਤਰ ਦੇ ਮਨ ਦੀ ਸੂਖਮਤਾ ਹੋਵੇ ਜਾਂ ਸਥਿਤੀ, ਘਟਨਾ ਜਾਂ ਵਾਤਾਲਾਪ ਦੀ ਹੋਵੇ। ਵਾਰਤਾਲਾਪ ਹੀ ਇਕ ਅਜਿਹਾ ਸਾਧਨ ਹੈ ਜਿਹੜਾ ਹਰ ਪ੍ਰਕਾਰ ਦੀ ਸੂਖਮਤਾ ਨੂੰ ਬਿਆਨ ਕਰ ਸਕਣ ਦੀ ਸਮਰੱਥਾ ਰੱਖਦਾ ਹੈ। ਅਜੋਕੇ ਗਲਪ ਸਾਹਿਤ ਵਿੱਚ ਭਾਵੇਂ ਉਹ ਨਾਵਲ ਹੈ ਜਾਂ ਕਹਾਣੀ, ਵਾਰਤਾਲਾਪ ਮਨੋਵਿਗਿਆਨਕ ਦ੍ਰਿਸ਼ਟੀ ਤੋਂ ਹੀ ਰਚੇ ਜਾਂਦੇ ਹਨ ਅਤੇ ਇਹ ਜ਼ਰੂਰੀ ਵੀ ਹੋ ਗਿਆ ਹੈ।

ਆਧੁਨਿਕ ਕਾਲ ਵਿੱਚ ਨਾਵਲ ਦੇ ਉਦੇਸ਼ ਜਾਂ ਮੰਤਵ ਬਾਰੇ ਭਰਪੂਰ ਚਰਚਾ ਹੋ ਰਹੀ ਹੈ। ਨਾਵਲ ਦੀ ਅਧਿਕਤਰ ਆਲੋਚਨਾ ਇਸੇ ਨਾਵਲੀ ਤੱਤ ਨੂੰ ਮੁੱਖ ਰੱਖ ਕੇ ਕੀਤੀ ਜਾਂਦੀ ਹੈ। ਇਸੇ ਤੱਤ ਨੂੰ ਨਾਵਲ ਦੀ ਫ਼ਿਲਾਸਫ਼ੀ, ਨਾਵਲਕਾਰ ਦਾ ਦ੍ਰਿਸ਼ਟੀਕੋਣ ਅਤੇ ਸਮਕਾਲ ਚਿੰਤਨ ਦਾ ਨਾਂ ਵੀ ਦਿੱਤਾ ਜਾਂਦਾ ਹੈ। ਨਾਵਲ ਦਾ ਕੇਂਦਰੀ ਕਾਰਜ ਜੀਵਨ ਦੀ ਵਿਆਖਿਆ ਕਰਨੀ ਹੈ ਪਰ ਇਸ ਵਿਆਖਿਆ ਦੀ ਵਿਧੀ ਜਾਂ ਢੰਗ ਵਿੱਚੋਂ ਨਾਵਲਕਾਰ ਦਾ ਦ੍ਰਿਸ਼ਟੀਕੋਣ ਪ੍ਰਗਟ ਹੁੰਦਾ ਹੈ ਜਾਂ ਇਉਂ ਕਹਿ ਲਈਏ ਕਿ ਇਸ ਦ੍ਰਿਸ਼ਟੀਕੋਣ ਅਧੀਨ ਹੀ ਨਾਵਲਕਾਰ ਜੀਵਨ ਦੀ ਵਿਆਖਿਆ ਕਰਦਾ ਹੈ ਅਤੇ ਇਸੇ ਦੁਆਰਾ ਹੀ ਰਚਨਾ ਦੇ ਮੰਤਵਾਂ ਦੀ ਵਿਆਖਿਆ ਕਰਦਾ ਹੈ। ਇਸ ਨਾਵਲੀ ਤੱਤ ਬਾਰੇ ਆਲੋਚਕਾਂ ਦੇ ਆਪਣੇ-ਆਪਣੇ ਵਿਚਾਰ ਹਨ। ਡਾ. ਸਵਿੰਦਰ ਸਿੰਘ ਉੱਪਲ ਦੇ ਅਨੁਸਾਰ, “ਕੁਝ ਨਾਵਲਕਾਰ ਆਪਣੀ ਜੀਵਨ ਦਿੱਬ-ਦ੍ਰਿਸ਼ਟੀ ਕਿਸੇ ਸਿਧਾਂਤ ਨਾਲ ਬੱਝ ਕੇ ਲੱਭਦੇ ਹਨ। ਇੰਜ ਕਰਨ ਨਾਲ ਉਹਨਾਂ ਦੀ ਸ਼ਖ਼ਸੀਅਤ ਅਤੇ ਸੁਤੰਤਰ ਚਿੰਤਨ ਵਿਕਾਸ ਨਹੀਂ ਕਰ ਸਕਦੇ”।[11] ਉਪਰੋਕਤ ਸੰਕੇਤ ਉਨ੍ਹਾਂ ਨਾਵਲਕਾਰਾਂ ਲਈ ਹੈ ਜਿਹੜੇ ਕਿਸੇ ਸਿਧਾਂਤ ਦੇ ਅਧੀਨ ਚਲ ਕੇ ਨਾਵਲ ਲਿਖਦੇ ਹਨ। ਉਦਾਹਰਨ ਲਈ ਮਾਰਕਸਵਾਦੀ ਲੇਖਕ ਅਜਿਹੀਆਂ ਰਚਨਾਵਾਂ ਰਚਦੇ ਹਨ, ਪਰ ਇਸ ਤਰ੍ਹਾਂ ਜੀਵਨ ਦੀ ਸੰਪੂਰਨ ਫ਼ਿਲਾਸਫ਼ੀ ਪੇਸ਼ ਨਹੀਂ ਹੋ ਸਕਦੀ, ਨਾ ਹੀ ਰਚਨਹਾਰ ਦਾ ਸੁਤੰਤਰ ਵਿਅਕਤਿਤਵ। ਕਲਾ ਅਤੇ ਰਾਜਨੀਤੀ ਜਾਂ ਸਿਧਾਂਤ ਵੱਖਰੇ-ਵੱਖਰੇ ਵਿਸ਼ੇ ਹਨ। ਕਲਾ ਸਦੀਵੀ

ਵਿਸ਼ਾ ਹੈ ਅਤੇ ਰਾਜਨੀਤੀ ਵਕਤੀ ਵਿਸ਼ਾ ਹੈ। ਪ੍ਰਸਥਿਤੀਆਂ ਅਤੇ ਵਕਤੀ ਲੋੜਾਂ ਅਨੁਸਾਰ ਸਿਧਾਂਤ ਬਦਲਦੇ ਰਹਿੰਦੇ ਹਨ। ਸਿਧਾਂਤ ਕਦੀ ਵੀ ਇਕਸਾਰ ਨਹੀਂ ਰਹਿੰਦੇ। ਨਾਵਲੀ ਉਦੇਸ਼ ਵੀ ਸੰਪੂਰਨ ਜ਼ਿੰਦਗੀ ਦੇ ਦਰਸ਼ਨ ਨੂੰ ਪੇਸ਼ ਕਰਨ ਵਾਲਾ ਹੋਣਾ ਚਾਹੀਦਾ ਹੈ। ਇਹ ਤਾਂ ਹੀ ਹੋ ਸਕਦਾ ਹੈ ਜੇ ਨਾਵਲ ਵਿੱਚ ਖ਼ੁਦ-ਮੁਖ਼ਤਿਆਰੀ ਦਾ ਅੰਸ਼ ਆ ਜਾਵੇ, ਜਿਸ ਦੀ ਵਿਆਖਿਆ ਡਾ. ਜੋਗਿੰਦਰ ਸਿੰਘ ਰਾਹੀ ਨੇ ਇਸ ਤਰ੍ਹਾਂ ਕੀਤੀ ਹੈ, "ਨਾਵਲੀ ਜਗਤ ਦੀ ਖ਼ੁਦ-ਮੁਖ਼ਤਿਆਰੀ ਦੇ ਮੂਲ ਜਿਥੋਂ ਤੱਕ ਸ਼ਿਲਪ-ਦ੍ਰਿਸ਼ਟੀ ਦੇ ਰਚਨਾਤਮਕ ਕਾਰਜ ਵਿੱਚ ਨਿਹਿਤ ਹੈ, ਇਹ ਅਰਸਤੂ ਦੇ ਅਨੁਕਰਨ ਸਿਧਾਂਤ ਦਾ ਹੀ ਆਧੁਨਿਕ ਰੂਪਾਂਤਰਨ ਜਾਂ ਵਿਕਾਸ ਹੈ ਪ੍ਰੰਤੂ ਆਧੁਨਿਕ ਸਮੇਂ ਵਿੱਚ ਵਿਕਸਤ ਹੋਈਆਂ ਆਲੋਚਨਾ-ਪੱਧਤੀਆਂ ਵਿੱਚ ਇਸ ਦਾ ਤਰਕ ਉਸ ਨਾਲੋਂ ਭਿੰਨ ਹੋ ਗਿਆ ਹੈ"।[12] ਨਾਵਲ ਵਿੱਚ ਨਾਵਲੀ ਉਦੇਸ਼ ਵੀ ਕਾਇਨਾਤ ਵਾਂਗ ਸੁਤੰਤਰ ਅਤੇ ਸਰਬਕਾਲੀ ਹੋਣਾ ਚਾਹੀਦਾ ਹੈ। ਨਾਵਲ ਕੇਵਲ ਮਨ-ਪਰਚਾਵੇ ਦੀ ਵਸਤੂ ਨਹੀਂ ਸਗੋਂ ਜੀਵਨ ਦਾ ਆਲੋਚਨਾਤਮਕ ਅਧਿਐਨ ਹੈ ਅਤੇ ਇਸ ਅਧਿਐਨ ਵਿੱਚ ਨਾਵਲਕਾਰ ਦੀ ਦ੍ਰਿਸ਼ਟੀ ਸਮਾਈ ਹੋਈ ਹੁੰਦੀ ਹੈ।

ਸ਼ੈਲੀ ਹਰ ਲੇਖਕ ਦੀ ਨਿੱਜੀ ਅਤੇ ਵੱਖਰੀ ਹੁੰਦੀ ਹੈ। ਇਸ ਨੂੰ ਮਾਂਗਵੇਂ ਕੋਟ-ਪੈਂਟ ਵਾਂਗ ਨਹੀਂ ਪਹਿਨਿਆ ਜਾ ਸਕਦਾ ਜੇ ਸਾਰੇ ਨਾਵਲੀ-ਤੱਤ ਨੂੰ ਸੁਯੋਗ ਵਿਧੀ ਵਿੱਚ ਨਾ ਢਾਲਿਆ ਜਾਏ ਤਾਂ ਨਾਵਲੀ ਪ੍ਰਭਾਵ ਨਹੀਂ ਸਿਰਜਿਆ ਜਾ ਸਕਦਾ। ਸ਼ੈਲੀ ਸਾਰੇ ਤੱਤਾਂ ਨੂੰ ਅੰਤਰ-ਨਿਹਿਤ ਤੌਰ ’ਤੇ ਸੁਭਾਵਿਕ ਰੂਪ ਵਿੱਚ ਜੋੜਨ ਦਾ ਨਾਂ ਹੈ। ਨਾਵਲ ਕਈ ਪ੍ਰਕਾਰ ਦੀਆਂ ਸ਼ੈਲੀਆਂ ਵਿੱਚ ਲਿਖਿਆ ਜਾਂਦਾ ਹੈ ਜਿਵੇਂ ਪੱਤਰ ਸ਼ੈਲੀ, ਕਥਾ ਸ਼ੈਲੀ, ਆਤਮ-ਕਥਾ ਸ਼ੈਲੀ, ਡਾਇਰੀ ਸ਼ੈਲੀ ਆਦਿ। ਨਾਵਲਕਾਰ ਆਪਣੇ-ਆਪਣੇ ਢੰਗ ਅਥਵਾ ਸ਼ੈਲੀ ਨਾਲ ਆਪਣੀਆਂ ਨਾਵਲੀ ਰਚਨਾਵਾਂ ਦਾ ਆਰੰਭ ਕਰਦੇ ਹਨ। ਕਈ ਅੰਤ ਤੋਂ ਨਾਵਲ ਨੂੰ ਸ਼ੁਰੂ ਕਰਦੇ ਹਨ, ਕਈ ਮੱਧ ਤੋਂ ਸ਼ੁਰੂ ਕਰਦੇ ਹਨ ਅਤੇ ਕੁਝ ਆਰੰਭ ਤੋਂ ਹੀ ਕਹਾਣੀ ਸ਼ੁਰੂ ਕਰ ਦਿੰਦੇ ਹਨ। ਨਾਨਕ ਸਿੰਘ ਕਈ ਵਾਰ ਅੰਤ ਤੋਂ ਸ਼ੁਰੂ ਕਰਦਾ ਹੈ। ਸ਼ੈਲੀ ਨਾਵਲਕਾਰ ਦੀ ਨਿੱਜੀ ਵਸਤੂ ਹੈ। Style is a man (ਸ਼ੈਲੀ ਹੀ ਮਨੁੱਖ ਹੈ) ਦੇ ਅਨੁਸਾਰ ਨਾਵਲੀ-ਸ਼ੈਲੀ ਵਿੱਚੋਂ ਉਸ ਨਾਵਲਕਾਰ ਦੀ ਸ਼ਖ਼ਸੀਅਤ ਨੂੰ ਪਹਿਚਾਣਿਆ ਜਾਂਦਾ ਹੈ। ਅਸਲੀ ਨਾਵਲੀ-ਕਥਾ ਦੇ ਹੇਠਾਂ ਨਾਵਲਕਾਰ ਦੀ ਆਪਣੀ ਸ਼ਖ਼ਸੀਅਤ ਵੀ ਵਿਚਰਦੀ ਰਹਿੰਦੀ ਹੈ। ਇਕ ਚੰਗਾ ਸ਼ੈਲੀਕਾਰ, ਨਾਵਲ ਲਿਖਾਰੀ ਨਾ ਤਾਂ ਨਾਵਲੀ ਕਥਾ ਵਿੱਚੋਂ ਸਪਸ਼ਟ ਰੂਪ ਵਿੱਚ ਪਾਠਕ ਦੇ ਸਾਹਮਣੇ ਆਉਂਦਾ ਹੈ ਅਤੇ ਨਾ ਹੀ ਆਪਣੀ ਰਚਨਾ ਵਿੱਚੋਂ ਅਲੋਪ ਰਹਿੰਦਾ ਹੈ। ਸੁਚੱਜਾ ਸ਼ੈਲੀਕਾਰ, ਬ੍ਰਹਿਮੰਡ ਵਿੱਚ ਵਿਆਪਕ ਪ੍ਰਭੂ ਵਾਂਗ ਹੈ ਜਿਹੜਾ ਹਰ ਸਮੇਂ, ਹਰ ਥਾਂ ਆਪਣੀ ਰਚਨਾ ਵਿੱਚ ਮੌਜੂਦ ਹੁੰਦਾ ਹੈ ਪਰ ਨਜ਼ਰ ਨਹੀਂ ਆਉਂਦਾ। ਨਾਵਲੀ ਸ਼ੈਲੀ ਵਿੱਚ ਨਿੱਜੀ ਛੋਹ ਦਾ ਤੱਤ ਹੋਣਾ ਜ਼ਰੂਰੀ ਹੈ। ਇਸ ਨਿੱਜੀ ਛੋਹ ਦੁਆਰਾ ਲੇਖਕ ਦੀ ਸ਼ਖ਼ਸੀਅਤ ਪਹਿਚਾਣੀ ਜਾਂਦੀ ਹੈ। ਟਾਲਸਟਾਇ, ਗੋਰਕੀ ਅਤੇ ਡਿਕਨਜ਼ ਵਰਗੇ ਨਾਵਲਕਾਰਾਂ ਦੀ ਸ਼ੈਲੀ ਬਾਕੀ ਨਾਵਲਾਂ ਅਤੇ ਨਾਵਲਕਾਰਾਂ ਨਾਲੋਂ ਭਿੰਨ ਹੀ ਨਹੀਂ ਸਗੋਂ ਇਹ ਉਨ੍ਹਾਂ ਦੀਆਂ ਸ਼ਖ਼ਸੀਅਤਾਂ ਦਾ ਅਨਿੱਖੜਵਾਂ ਅੰਗ ਹੈ। ਇਕ ਨਿਪੁੰਨ ਸ਼ੈਲੀਕਾਰ ਹੀ ਸਫ਼ਲ ਨਾਵਲ ਦੀ ਰਚਨਾ ਕਰ ਸਕਦਾ ਹੈ।

## ਬਲਦੇਵ ਸਿੰਘ ਦਾ ਜੀਵਨ :-

ਬਲਦੇਵ ਸਿੰਘ ਪੰਜਾਬੀ ਦਾ ਬਹੁਪੱਖੀ ਲੇਖਕ ਹੈ। ਉਸਨੇ ਨਾਵਲ, ਕਹਾਣੀ, ਨਾਟਕ ਅਤੇ ਢੇਰ ਸਾਰੀ ਵਾਤਰਕ ਲਿਖੀ ਹੈ। ਉਹ ਪੰਜਾਬੀ ਸਾਹਿਤ ਦੇ ਵਿਦਵਾਨਾਂ ਤੇ ਪਾਠਕਾਂ ਵਿੱਚ ਇਕੋ ਜਿਹਾ ਪ੍ਰਵਾਨਤ ਹੈ। ਉਹਨੇ ਮੁੱਢ ਵਿੱਚ ਕਹਾਣੀ ਲਿਖੀ ਅਤੇ ਬਾਅਦ 'ਚ ਨਾਵਲ ‘ਦੂਸਰਾ ਹੀਰੋਸ਼ੀਮਾ’, ‘ਕੱਲਰੀ ਧਰਤੀ’, ‘ਸੂਲੀ ਟੰਗੇ ਪਹਿਰ’, ‘ਕੱਚੀਆਂ ਕੰਧਾਂ’, ‘ਜੀ.ਟੀ.ਰੋਡ’,

‘ਲਾਲ ਬੱਤੀ’ ਅਤੇ ‘ਅੰਨਦਾਤਾ’, ‘ਪੰਜਵਾਂ ਸਾਹਿਬਜ਼ਾਦਾ’, ‘ਸਤਲੁਜ ਸਤਲੁਜ ਵਹਿੰਦਾ ਰਿਹਾ’, ‘ਢਾਹਵਾਂ ਦਿੱਲੀ ਦੇ ਕਿੰਗਰੇ’, ‘ਮਹਾਂਬਲੀ ਸੂਰਾ’, ‘ਮੈਂ ਪਾਕਿਸਤਾਨ ਨਹੀਂ ਜਾਣਾ’, ‘ਖਾਕੂ ਜੇਡੁ ਨ ਕੋਇ’ ਨਾਵਲ ਲਿਖੇ। ਬਲਦੇਵ ਸਿੰਘ ਪਿੰਡ ਦਾ ਜੰਮਿਆ ਤੇ ਪਲਿਆ ਹੋਇਆ ਹੈ। ਉਸਨੂੰ ਪੰਜਾਬੀ ਪੇਂਡੂ ਸਭਿਆਚਾਰ ਦੀ ਡੂੰਘੀ ਸਮਝ ਹੈ, ਜਿਸਦਾ ਉਸ ਨੇ ਪ੍ਰਗਟਾਵਾ ਆਪਣੇ ਨਾਵਲਾਂ ਤੇ ਕਹਾਣੀਆਂ ਵਿੱਚ ਕੀਤਾ ਹੈ। ਉਹਦੇ ਮੁੱਢਲੇ ਨਾਵਲ ‘ਦੂਸਰਾ ਹੀਰੋਸ਼ੀਮਾ’ ਤੇ ‘ਕੱਲਰੀ ਧਰਤੀ’ ਮਾਲਵੇ ਦੇ ਪੇਂਡੂ ਸਮਾਜਕ, ਆਰਥਕ ਤੇ ਸੱਭਿਆਚਾਰਕ ਜੀਵਨ ਦੀ ਡੂੰਘੀ ਪੁਣ-ਛਾਣ ਕਰਦੇ ਹਨ। ਬਲਦੇਵ ਸਿੰਘ ਦਾ ਨਾਵਲ ‘ਲਾਲ ਬੱਤੀ’ ਵੇਸ਼ਵਾਵਾਂ ਬਾਰੇ ਹੈ। ਇਸ ਤੋਂ ਪਹਿਲਾਂ ਪੰਜਾਬੀ ਵਿੱਚ ਇਨ੍ਹਾਂ ਬਦਕਿਮਸਤ ਔਰਤਾਂ ਬਾਰੇ ਕੋਈ ਕਿਰਤ ਨਹੀਂ ਮਿਲਦੀ। ਇਸ ਨਾਵਲ ਨੇ ਸਮਾਜਕ ਤੇ ਸਾਹਿਤਕ ਹਲਕਿਆਂ ਵਿੱਚ ਚੰਗੀ ਚਰਚਾ ਛੇੜੀ ਹੈ ਅਤੇ ਪ੍ਰਸੰਸਾ ਤੇ ਨੁਕਤਾਚੀਨੀ ਪ੍ਰਾਪਤ ਕੀਤੀ ਹੈ। ਬਲਦੇਵ ਸਿੰਘ ਨੂੰ ਜ਼ਿੰਦਗੀ ਦਾ ਬੜਾ ਤਜ਼ਰਬਾ ਹੈ ਕਿਉਂਕਿ ਉਸਨੇ ਮਾਸਟਰੀ ਤੋਂ ਲੈ ਕੇ ਡਰਾਇਵਰੀ ਤੱਕ ਕਈ ਪੇਸ਼ੇ ਅਪਣਾਏ ਹਨ। ਜਿਸ ਸਮਾਜਕ ਤੇ ਸੱਭਿਆਚਾਰਕ ਆਲੇ ਦੁਆਲੇ ਵਿੱਚ ਉਹ ਵਿਚਰਿਆ ਹੈ ਉਹਨੇ ਉਸਦਾ ਡੂੰਘਾ ਨਿਰੀਖਣ ਕੀਤਾ ਹੈ ਅਤੇ ਢੇਰ ਸਾਰੇ ਅਨੁਭਵ ਆਪਣੀ ਸਿਮਰਤੀ ਵਿੱਚ ਸਮੋਈ ਬੈਠਾ ਹੈ ਜਿਹੜਾ ਉਹ ਸਮੇਂ-ਸਮੇਂ ਆਪਣੀਆਂ ਕਿਰਤਾਂ ਰਾਹੀਂ ਪਾਠਕਾਂ ਦੇ ਸਾਹਮਣੇ ਪੇਸ਼ ਕਰਦਾ ਹੈ। ਉਹਨੇ ਵਾਰਤਕ ਦੀ ਇਕ ਵਿਸ਼ੇਸ਼ ਵਿਧੀ ਵਰਤ ਕੇ ਡਰਾਇਵਰਾਂ ਦੇ ਜੀਵਨ ਨਾਲ ਸਬੰਧਤ ਇਕ ਲੰਮੀ ਲੇਖ-ਲੜੀ ‘ਸੜਕਨਾਮਾ’ ਦੇ ਨਾਂ ਹੇਠ ਲਿਖੀ ਹੈ, ਜਿਸ ਕਾਰਨ ਬਹੁਤੇ ਵਿਦਵਾਨ ਤੇ ਪਾਠਕ ਉਹਦੇ ਨਾਂ ਨਾਲ ‘ਸੜਕਨਾਮਾ’ ਜੋੜ ਕੇ ਉਸਨੂੰ ਬਲਦੇਵ ਸਿੰਘ 'ਸੜਕਨਾਮਾ' ਕਹਿੰਦੇ ਰਹੇ ਹਨ। ਉਸਦਾ ਨਾਵਲ 'ਲਾਲ ਬੱਤੀ' ਇਨ੍ਹਾਂ ਚਰਚਿਤ ਹੋਇਆ ਕਿ ਉਹਨੂੰ ਬਲਦੇਵ ਸਿੰਘ 'ਲਾਲ ਬੱਤੀ' ਵਾਲਾ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਰਿਹਾ ਹੈ। ਇਸ ਤੋਂ ਇਲਾਵਾ ਇਤਿਹਾਸ ਦੇ ਅਣਗੌਲੇ ਨਾਇਕਾਂ ਨੂੰ ਬਲਦੇਵ ਸਿੰਘ ਨਾਵਲ ਦੀ ਵਿਧਾ ਰਾਹੀਂ ਪੁਨਰ ਸਿਰਜਣ ਕਰਦਾ ਹੈ ਜੋ ਲੇਖਕ ਦੀ ਗਲਪ ਤੇ ਇਤਿਹਾਸ ਉਪਰ ਪਕੜ ਦਾ ਸਬੂਤ ਹੈ। ਲੇਖਕ ਨੇ ਪੰਜਾਬ ਅਤੇ ਸਿੱਖ ਇਤਿਹਾਸ ਦੀਆਂ ਉਹਨਾਂ ਪਰਤਾਂ ਨੂੰ ਫਰੋਲਿਆ ਹੈ ਜਿੰਨ੍ਹਾਂ ਨੂੰ ਸਾਹਿਤ ਰਾਹੀਂ ਤਲਾਸ਼ਣ ਦੀ ਲੋੜ ਸੀ। ਇਤਿਹਾਸਕ ਨਾਵਲਾਂ ਰਾਹੀਂ ਲੇਖਕ ਨੌਜਵਾਨਾਂ ਦੇ ਜ਼ਮੀਰ ਨੂੰ ਝੰਜੋੜਦਾ ਹੈ ਕਿ ਉਹ ਅੱਗੇ ਆਉਣ ਤੇ ਅਸਲ ਆਜ਼ਾਦੀ ਦੇ ਵਾਰਸ ਬਣਨ ਅਤੇ ਉਹ ਇਤਿਹਾਸਕ ਨਾਇਕਾਂ ਤੋਂ ਸੇਧ ਲੈ ਕੇ ਸਮਾਜਵਾਦੀ ਪ੍ਰਬੰਧ ਦੀ ਉਸਾਰੀ ਲਈ ਇਕਜੁੱਟ ਹੋ ਕੇ ਸੰਘਰਸ਼ ਕਰਨ। ਇਹ ਖੋਜ ਕਾਰਜ ਬਲਦੇਵ ਸਿੰਘ ਦੁਆਰਾ ਰਚਿਤ ਨਾਵਲ: ਮਹਾਂਬਲੀ ਸੂਰਾ, ਮੈਂ ਪਾਕਿਸਤਾਨ ਨਹੀਂ ਜਾਣਾ, ਖਾਕੂ ਜੇਡੁ ਨ ਕੋਇ ਦੇ ਵਿਸ਼ੇਸ਼ ਸੰਦਰਭ ਵਿੱਚ ਰੱਖ ਪੂਰਾ ਕੀਤਾ ਗਿਆ ਹੈ। ਜਿਸ ਰਾਹੀਂ ਉਪਰੋਕਤ ਵਰਵਿਤ ਸੰਭਾਵਨਾਵਾਂ ਨੂੰ ਉਜਾਗਰ ਕਰਨ ਦਾ ਯਤਨ ਕੀਤਾ ਗਿਆ ਹੈ।

ਇਸ ਵਿਸ਼ੇ ਦੀ ਚੋਣ ਦਾ ਕਾਰਨ ਹੈ ਕਿ ਜਿਹੜੇ ਨਾਵਲ ਖੋਜ ਅਧੀਨ ਲਏ ਗਏ ਹਨ। ਉਹ ਤਿੰਨੋਂ ਨਾਵਲ ‘ਮਹਾਂਬਲੀ ਸੂਰਾ, ਮੈਂ ਪਾਕਿਸਤਾਨ ਨਹੀਂ ਜਾਣ, ਖਾਕੂ ਜੇਡੁ ਨ ਕੋਇ’ ਵੱਖੋ-ਵੱਖ ਸਰੋਕਾਰਾਂ ਨਾਲ ਸਬੰਧਿਤ ਹੋਣ ਦੇ ਕਾਰਨ ਕਿਤੇ ਨਾ ਕਿਤੇ ਇਤਿਹਾਸ ਨਾਲ, ਧਰਮ ਨਾਲ, ਸਮਾਜ ਨਾਲ, ਆਰਥਕਤਾ ਨਾਲ ਜੁੜਦੇ ਹੋਣ ਦੇ ਕਾਰਨ ਖਿੱਚ ਦਾ ਕਾਰਨ ਹਨ। ‘ਮਹਾਂਬਲੀ ਸੂਰਾ’ ਇਹ ਜੀਵਨੀ ਮੂਲਕ ਨਾਵਲ ਹੋਣ ਦੇ ਕਾਰਨ ਵੀ ਇਤਿਹਾਸਕ ਨਾਵਲ ਹੋ ਨਿਬੜਦਾ ਹੈ ਕਿਉਂਕਿ ਬੰਦਾ ਬਹਾਦਰ ਇਕ ਇਤਿਹਾਸਿਕ ਪਾਤਰ ਦੇ ਹੋਣ ਦੇ ਨਾਲ ਧਾਰਮਕ ਸ਼ਰਧਾ ਵਾਲਾ ਵੀ ਹੈ।‘ਮੈਂ ਪਾਕਿਸਤਾਨ ਨਹੀਂ ਜਾਣ’

ਇਹ ਨਾਵਲ ਵੀ ਜੀਵਨੀ ਮੂਲਕ ਨਾਵਲ ਹੋਣ ਦੇ ਨਾਲ ਨਾਲ ਇਤਿਹਾਸਿਕ ਨਾਵਲ ਵੀ ਹੈ।'ਖਾਕੂ ਜੇਡੁ ਨ ਕੋਇ' ਇਹ ਨਾਵਲ ਸਮਾਜਕ ਸਰੋਕਾਰਾਂ ਨਾਲ ਭਰਪੂਰ ਨਾਵਲ ਹੈ। ਇਹ ਨਾਵਲ ਆਰਥਕਤਾ ਨਾਲ ਜੁੜਿਆ ਹੋਇਆ ਮਨੁੱਖੀ ਸੰਘਰਸ਼ ਦੀ ਗੱਲ ਕਰਦਾ ਹੈ।

## ਬਲਦੇਵ ਸਿੰਘ ਦੀਆਂ ਰਚਨਾਵਾਂ :-

ਬਲਦੇਵ ਸਿੰਘ ਦੀਆਂ ਸਮੁੱਚੀਆਂ ਰਚਨਾਵਾਂ ਹੇਠ ਲਿਖਿਆਂ ਹਨ-

| **ਲੜੀ ਨੰ:** | **ਕਹਾਣੀ ਸੰਗ੍ਰਹਿ** | **ਸ਼ਾਲ** |
|---|---|---|
| 1 | ਗਿੱਲੀਆਂ ਛਿਟੀਆਂ ਦੀ ਅੱਗ | 1977 |
| 2 | ਚਿੜੀਆ ਖ਼ਾਨਾ | 1979 |
| 3 | ਹਵੇਲੀ ਛਾਵੇਂ ਖੜ੍ਹਾ ਰੱਬ | 1982 |
| 4 | ਝੱਖੜ ਤੇ ਪਰਿੰਦੇ | 1983 |
| 5 | ਸਵੇਰ ਦੀ ਲੋਅ | 1989 |
| 6 | ਸ਼੍ਰੇਸ਼ਟ ਕਹਾਣੀਆਂ (ਟੀ. ਆਰ. ਵਿਨੋਦ) | 1995 |
| 7 | ਪਲੇਟ ਫਾਰਮ ਨੰ: 11 (ਹਿੰਦੀ) | 1996 |
| 8 | ਮਿੱਟੀ ਰੁਦਨ ਕਰੇ | 1998 |
| 9 | ਨਾਗਵਾਲ (ਸੰਪ. ਵਿਰਸਾ ਸਿੰਘ) | 1998 |
| 10 | ਹਨੇਰੇ ਸਵੇਰੇ | 2001 |
| 11 | ਦਿਸਹੱਦਿਆਂ ਤੋਂ ਪਾਰ | 2005 |
| 12 | ਜ਼ਿੰਦਗੀ ਦੇ ਰੰਗ (ਮੇਰੀਆਂ ਚੋਣਵੀਆਂ ਕਹਾਣੀਆਂ) | 2006 |
| **ਨਾਟਕ** | | |

| | | |
|---|---|---|
| 1 | ਸੋਨੇ ਦਾ ਹਿਰਨ | 1991 |
| 2 | ਧੀਆਂ ਵਾਲੇ ਪੁੱਤਾਂ ਵਾਲੇ | 1992 |
| 3 | ਮਿੱਟੀ ਰੁਦਨ ਕਰੇ | 1999 |
| 4 | ਇਹ ਸਿਲਸਲਾ ਚਲਦਾ ਰਹੇਗਾ | 2003 |
| 5 | ਬਿਨਸੈ ਉਪਜੈ ਤੇਰਾ ਭਾਣਾ | 2003 |
| 6 | ਕੀ ਕੀ ਰੰਗ ਵਿਖਾਵੇ ਮਿੱਟੀ | 2003 |
| 7 | ਕੱਠਪੁਤਲੀਆਂ | |
| 8 | ਸਾਵਧਾਨ! ਅੱਗੇ ਖਤਰਾ ਹੈ | 2006 |
| 9 | ਪਰਖ ਦੀ ਘੜੀ | |
| **ਨਾਵਲ** | | |
| 1 | ਦੂਸਰਾ ਹੀਰੋਸ਼ੀਮਾ | 1977,87,93,96 |
| 2 | ਕੱਲਰੀ ਧਰਤੀ | 1980,90 |
| 3 | ਸੂਲੀ ਟੰਗੇ ਪਹਿਰ | 1986 |
| 4 | ਕੱਚੀਆਂ ਕੰਧਾਂ | 1991 |
| 5 | ਜੀ.ਟੀ.ਰੋਡ | 1992 |
| 6 | ਲਾਲ ਬੱਤੀ | 1998,98,99 |
| 7 | ਲਾਲ ਬੱਤੀ (ਹਿੰਦੀ) | 2006 |
| 8 | ਲਾਲ ਬੱਤੀ (ਸ਼ਾਹਮੁਖੀ) | 2007 |
| 9 | ਅੰਨਦਾਤਾ | 2002 |

| | | |
|---|---|---|
| 10 | ਪੰਜਵਾਂ ਸਾਹਿਬਜ਼ਾਦਾ | 2005,10 |
| 11 | ਸਤਲੁਜ ਸਤਲੁਜ ਵਹਿੰਦਾ ਰਿਹਾ | 2007 |
| 12 | ਢਾਹਵਾਂ ਦਿੱਲੀ ਦੇ ਕਿੰਗਰੇ | 2009 |
| 13 | ਮਹਾਂਬਲੀ ਸੂਰਾ | 2011 |
| 14 | ਮੈਂ ਪਾਕਿਸਤਾਨ ਨਹੀਂ ਜਾਣਾ | 2012 |
| 15 | ਖਾਕੂ ਜੇਡੁ ਨ ਕੋਇ | 2013 |
| **ਕਥਾ ਲੇਖ** | | |
| 1 | ਸੜਕਨਾਮਾ-1 | 1986,90 |
| 2 | ਸੜਕਨਾਮਾ ਦੇ ਜਾਏ (ਸੜਕਨਾਮਾ-2) | 1991 |
| 3 | ਸੜਕਾਂ ਤੇ ਸਲੀਬਾਂ (ਸੜਕਨਾਮਾ-3) | 1999 |
| 4 | ਸੜਕਨਾਮਾ (ਤਿੰਨੋ ਭਾਗ ਇੱਕ ਸਾਥ) | |
| **ਰਚਨਾ** | | |
| 1 | ਇਹ ਸੜਕਨਾਮਾ ਨਹੀਂ | |
| 2 | ਮੋਗਾ ਸਿੰਗਾਪੁਰ ਵਾਇਆ ਚੀਨ | 2005 |
| 3 | ਮੈਂ ਏਵੇਂ ਵੇਖਿਆ ਪਾਕਿਸਤਾਨ | 2007 |
| **ਸਵੈ-ਜੀਵਨੀ** | | |
| 1 | ਹਮ ਹੈਂ ਗਿਆਨਹੀਨ ਅਗਿਆਨੀ | 2001 |
| 2 | ਕੱਚੇ ਰਾਹ ਪੱਕੀ ਮਹਿਕ | 2010 |
| **ਬਾਲ ਸਾਹਿਤ** | | |

| | | |
|---|---|---|
| 1 | ਕਲਕੱਤਾ ਦੀ ਸੈਰ | 1980 |
| 2 | ਇੱਕ ਸੀ ਪਰੀ | 1990 |
| 3 | ਰੇਲ ਗੱਡੀ | 1991 |
| 4 | ਤਾਏ ਦੀਆਂ ਭੁਤਾਂ | 2004 |
| 5 | ਮੋਠੂ ਦੇ ਘੁੰਗਰੂ (ਨਾਵਲ) | |

## ਬਿਰਤਾਂਤ ਸ਼ਾਸਤਰ ਦਾ ਸਿਧਾਂਤ :-

ਬਿਰਤਾਂਤ ਰੂਪੀ ਪ੍ਰਗਟਾ ਵਿਧੀ ਪਲੈਟੋ ਅਰਸਤੂ ਦੇ ਸਮੇਂ ਤੋਂ ਹੀ ਸਾਹਿਤ ਸ਼ਾਸਤਰੀਆਂ ਦੇ ਅਧਿਐਨ ਦਾ ਕੇਂਦਰ ਰਹੀ ਹੈ ਪਰ ਸਿਧਾਂਤਮੁਖੀ ਤੇ ਵਿਧੀਬੱਧ ਵਧੇਰੇ ਕਰਕੇ ਆਧੁਨਿਕ ਸਾਹਿਤ ਆਲੋਚਕਾਂ ਦੁਆਰਾ ਹੀ ਇਕ ਸੁਤੰਤਰ ਵਿਸ਼ੇ ਪੱਖੋਂ ਉੱਭਰ ਕੇ ਸਾਹਮਣੇ ਆਇਆ ਹੈ। ਬਿਰਤਾਂਤ ਦੇ ਅਧਿਐਨ ਲਈ 'ਬਿਰਤਾਂਤ ਸ਼ਾਸਤਰ' ਸ਼ਬਦ ਦੀ ਪਹਿਲੀ ਵਾਰ ਵਰਤੋਂ ਤੋਦੋਰੋਵ ਨੇ 1969 ਈ. ਵਿਚ ਕੀਤੀ। ਇਸ ਸੰਕਲਪ ਨੂੰ ਵਿਕਸਿਤ ਕਰਨ ਵਿਚ ਰੂਸੀ ਰੂਪਵਾਦੀਆਂ, ਸੰਰਚਨਾਵਾਦੀਆਂ ਅਤੇ ਉੱਤਰ-ਸੰਰਚਨਾਵਾਦੀਆਂ ਦਾ ਯੋਗਦਾਨ ਵਧੇਰੇ ਮਹੱਤਵਪੂਰਨ ਹੈ। ਇਹਨਾਂ ਧਾਰਾਵਾਂ ਨਾਲ ਜੁੜੇ ਆਲੋਚਕਾਂ ਨੇ ਬਿਰਤਾਂਤ ਦੇ ਸੂਖ਼ਮ ਸਰੂਪ, ਇਸ ਦੀ ਹੋਂਦ ਵਿਧੀ, ਬਿਰਤਾਂਤ ਦੇ ਵਿਭਿੰਨ ਪੱਧਰਾਂ ਦੀਆਂ ਵਿਭਿੰਨ ਅਧਿਐਨ ਵਿਧੀਆਂ, ਭਾਸ਼ਾ ਵਿਗਿਆਨਕ ਅੰਤਰ-ਦ੍ਰਿਸ਼ਟੀਆਂ ਅਤੇ ਬਿਰਤਾਂਤਕ ਸੰਗਠਨ ਦੇ ਆਧਾਰਭੂਤ ਨਿਯਮਾਂ, ਲੱਛਣਾਂ ਅਤੇ ਜੁਗਤਾਂ ਦਾ ਇਕ ਵਿਸਤ੍ਰਿਤ ਅਧਿਐਨ ਬਿਰਤਾਂਤ ਸ਼ਾਸਤਰ ਸੰਕਲਪ ਅਧੀਨ ਸਮੱਗਰ ਰੂਪ ਵਿਚ ਕੀਤਾ। ਬਿਰਤਾਂਤ ਕਿਸੇ ਘਟਨਾ-ਕ੍ਰਮ ਦਾ ਆਰੰਭ ਤੋਂ ਲੈ ਕੇ ਅੰਤਲੇ ਸਿਰੇ ਤਕ ਕੀਤਾ ਗਿਆ ਇਸ ਤਰ੍ਹਾਂ ਦਾ ਬਿਆਨ ਹੁੰਦਾ ਹੈ ਕਿ ਉਸ ਵਿਚ ਕਥਾ ਕਹਿਣ ਜਾਂ ਵਿਖਾਉਣ ਦੀ ਵਿਧੀ ਵਰਤੀ ਜਾਂਦੀ ਹੈ ਅਤੇ ਮੂਲ ਵਿਸ਼ੇ ਦੇ ਜਰਾ ਏਧਰ ਉਧਰ ਜਾਣ ਦੀ ਗੁੰਜਾਇਸ਼ ਵੀ ਹੁੰਦੀ ਹੈ। ਇਸ ਤਰ੍ਹਾਂ ਬਿਰਤਾਂਤ ਘਟਨਾਵਾਂ ਦੀ ਪੇਸ਼ਕਾਰੀ ਹੁੰਦੀ ਹੈ, ਪ੍ਰਮੁੱਖ ਤੌਰ ਤੇ ਇਹ ਸਮੇਂ ਅਤੇ ਸਥਾਨ ਦੀ ਪੁਨਰ-ਪ੍ਰਸਤੁਤੀ ਹੁੰਦੀ ਹੈ। ਇਸ ਪ੍ਰਕਾਰ ਬਿਰਤਾਂਤ ਦੀ ਸਿਰਜਣਾ ਬਿਰਤਾਂਤਕਾਰ ਅਤੇ ਕਥਾ ਤੱਤਾਂ (ਪਾਤਰ, ਘਟਨਾ, ਭਾਸ਼ਾ ਆਦਿ) ਦੇ ਰਾਹੀਂ ਹੁੰਦੀ ਹੈ।

> ਡਾ. ਧਨਵੰਤ ਕੌਰ ਅਨੁਸਾਰ, "ਬਿਰਤਾਂਤਕ ਪਾਠਾਂ ਦੀ ਵਿਆਕਰਨ ਜਾਂ ਪਰਿਕਲਪਨਾ ਹੀ ਬਿਰਤਾਂਤ ਸ਼ਾਸਤਰ ਹੈ"।[13]

> ਪ੍ਰਿੰਸ ਅਨੁਸਾਰ, "ਬਿਰਤਾਂਤ ਦੇ ਕਾਰਜੀ ਸਿਸਟਮ ਨੂੰ ਲੱਭਣਾ, ਵਰਣਨ ਕਰਨਾ ਅਤੇ ਵਿਆਖਿਆਉਣਾ ਹੀ ਬਿਰਤਾਂਤ ਸ਼ਾਸਤਰ ਦਾ ਮਨੋਰਥ ਹੈ"।[14]

ਸਾਹਿਤ ਇਕ ਕਲਾ ਰੂਪ ਹੈ ਅਤੇ ਬਿਰਤਾਂਤ ਇਸ ਦੀ ਇਕ ਪ੍ਰਮੁੱਖ ਵਨੰਗੀ। ਆਦਿਮ ਕਾਲ ਤੋਂ ਹੀ ਬਿਰਤਾਂਤ, ਕਦੇ ਮੌਖਿਕ ਰੂਪ ਅਤੇ ਲਿਖਤੀ ਰੂਪ ਵਿਚ, ਮਨੁੱਖੀ ਸੰਚਾਰ ਦਾ ਇਕ ਅਹਿਮ ਮਾਧਿਅਮ ਰਿਹਾ ਹੈ। ਯੁੱਗ ਦ੍ਰਿਸ਼ਟੀ ਅਨੁਕੂਲ ਇਤਿਹਾਸ ਦੇ ਹਰੇਕ ਪੜਾਅ ਉੱਤੇ ਬਿਰਤਾਂਤ ਦੇ ਵੱਖ-ਵੱਖ ਰੂਪ ਹੋਂਦ ਵਿਚ ਆਉਂਦੇ ਰਹੇ ਹਨ। ਆਦਿਮ ਕਾਲ ਦੀਆਂ ਮਿੱਥ-ਕਥਾਵਾਂ, ਮੱਧਕਾਲ ਦੇ ਮਹਾਂਕਾਵਿ, ਕਿੱਸੇ, ਸਾਖੀਆਂ, ਲੋਕ-ਕਹਾਣੀਆਂ ਅਤੇ ਆਧੁਨਿਕ ਕਾਲ ਦੇ ਨਾਵਲ, ਕਹਾਣੀ ਅਤੇ ਹੋਰ ਗਾਲਪਨਿਕ ਰੂਪ ਆਪਣੇ-ਆਪਣੇ ਯੁੱਗ ਚਿੰਤਨ ਦੇ ਵਿਚ ਵਿਭਿੰਨ ਸੰਰਚਨਾਵਾਂ ਅਤੇ ਪ੍ਰਯੋਜਨ ਦੇ ਧਾਰਨੀ ਰਹੇ ਹਨ। ਕਲਾ ਰੂਪ ਵਜੋਂ ਨਾਵਲ ਕਿਸੇ ਸਮਾਜ ਵਿਚ ਉਸ ਜੁਗ ਵਿਚ ਪੈਦਾ ਹੁੰਦਾ ਹੈ ਜਦੋਂ ਮਨੁੱਖ ਦੇ ਵਿਚਾਰਾਂ, ਵਿਹਾਰਾਂ ਤੇ ਸੋਰਕਾਰਾਂ ਦਾ ਆਧਾਰ ਮਿਥ-ਚੇਤਨਾ ਦੀ ਥਾਂ ਵਿਗਿਆਨ ਤੇ ਯਥਾਰਥ ਆਧਾਰਤ ਚੇਤਨਾ ਹੁੰਦੀ ਹੈ। ਇਨ੍ਹਾਂ ਬਿਰਤਾਂਤ ਰੂਪਾਂ ਦਾ ਸਾਂਝਾ ਸਰੋਤ ਮਨੁੱਖ ਦੀ ਵਿਸ਼ੇਸ਼ ਇਤਿਹਾਸਕ ਕਾਲ ਦੀ ਸਮੂਹਿਕ ਮਾਨਸਿਕਤਾ ਹੈ ਜਿਹੜੀ ਹੱਦ ਦਰਜੇ ਦੀ ਕਾਲਪਨਿਕ ਅਤੇ ਰੌਚਕ ਹੈ ਪ੍ਰੰਤੂ ਆਪਣੇ ਮੂਲ ਰੂਪ ਵਿਚ ਇਤਿਹਾਸਕ ਸਾਂਸਕ੍ਰਿਤਕ ਪੱਖੋਂ ਮਹੱਤਵਪੂਰਨ ਵੀ।

## ਬਿਰਤਾਂਤ ਸ਼ਾਸਤਰ ਦਾ ਮਾਡਲ :-

ਬਿਰਤਾਂਤ ਸ਼ਾਸਤਰ ਨੂੰ ਸਿਧਾਂਤਕ ਰੂਪ ਵਿਚ ਰੂਸੀ ਰੂਪਵਾਦੀ ਚਿੰਤਕ ਵਲਾਦੀਮੀਰ ਪਰਾਪ (Vladimir Propp) ਨੇ ਪ੍ਰਯੁਕਤ ਕੀਤਾ ਹੈ। ਪਰਾਪ ਨੇ 1928 ਵਿਚ ਰੂਸੀ ਵਿਚ ਪ੍ਰਕਾਸ਼ਿਤ ਆਪਣੀ ਪੁਸਤਕ 'Morphology of the Folk Tale' ਵਿਚ ਬਿਰਤਾਂਤ ਦਾ ਵਿਗਿਆਨਕ ਅਧਿਐਨ ਕਰਨ ਦਾ ਯਤਨ ਕੀਤਾ। 1958 ਵਿਚ ਅੰਗਰੇਜ਼ੀ ਵਿਚ ਅਨੁਵਾਦ ਹੋਣ ਤੋਂ ਬਾਅਦ ਇਸ ਪੁਸਤਕ ਨੇ ਵਿਸ਼ਵ ਭਰ ਦੇ ਚਿੰਤਕਾਂ ਦਾ ਧਿਆਨ ਖਿੱਚਿਆ। ਪਰਾਪ ਦੀ 'Morphology of the Folk Tale' ਕਿਤਾਬ ਬਾਰੇ ਕਲਾਡ ਬ੍ਰੈਮੋ ਦੀ ਟਿੱਪਣੀ ਵਧੇਰੇ ਭਾਵਪੂਰਨ ਹੈ ਕਿ ਪਰਾਪ ਨੇ ਉਸ ਵਿਚ ਅਰਥਾਂ ਦੀ ਖੁਦਮੁਖਤਾਰ ਪਰਤ (Autonomous Layer of meaning) ਦਾ ਅਧਿਐਨ ਕੀਤਾ ਹੈ।[15]

"ਪਰਾਪ ਨੇ ਭਾਸ਼ਾ ਦੀ ਸਮੂਰਤ ਵਿਆਕਰਨ ਦੀ ਅਮੂਰਤ ਹੋਂਦ ਦੇ ਦਵੰਦ ਨੂੰ ਸਵੀਕਾਰ ਕਰਦੇ ਹੋਏ ਇਸ ਨੂੰ ਜੀਵਨ ਦੇ ਵਿਭਿੰਨ ਵਰਤਾਰਿਆਂ ਵਿਚੋਂ ਪਹਿਚਾਨਣ ਦਾ ਯਤਨ ਕਰਦਿਆਂ ਹੋਇਆਂ ਸਪੱਸ਼ਟ ਕੀਤਾ ਹੈ ਕਿ ਜਿਉਂਦੀ ਭਾਸ਼ਾ ਇਕ ਸਮੂਰਤ ਤੱਥ ਹੈ ਤੇ ਵਿਆਕਰਨ ਇਸ ਦੀ ਅਮੂਰਤ ਬੁਨਿਆਦ ਹੈ। ਇਹ ਬੁਨਿਆਦ ਹੀ ਸੰਸਕ੍ਰਿਤੀ ਦੇ ਸਮੁੱਚੇ ਪ੍ਰਪੰਚਾਂ ਦਾ ਆਧਾਰ ਹੈ ਅਤੇ ਇਹਨਾਂ ਆਧਾਰਾਂ ਉੱਪਰ ਹੀ ਸਾਹਿਤ ਵਿਗਿਆਨ ਦਾ ਧਿਆਨ ਕੇਂਦਰਿਤ ਹੈ। ਇਹਨਾਂ ਅਮੂਰਤ ਆਧਾਰਾਂ ਦੇ ਅਧਿਐਨ ਤੋਂ ਬਿਨ੍ਹਾਂ ਇਕ ਵੀ ਸਮੂਰਤ ਤੱਥ ਦੀ ਵਿਆਖਿਆ ਨਹੀਂ ਕੀਤੀ ਜਾ ਸਕਦੀ।"[16] 'Morphology of Folk Tale' ਵਿਚ ਪਰਾਪ ਨੇ ਸੌ ਤੋਂ ਵੱਧ ਰੂਸੀ ਪਰੀ ਕਹਾਣੀਆਂ ਨੂੰ ਆਧਾਰ ਬਣਾ ਕੇ ਬਿਰਤਾਂਤ ਸ਼ਾਸਤਰ ਦਾ ਮਾਡਲ ਉਲੀਕਣ ਦਾ ਯਤਨ ਕੀਤਾ। ਪਰਾਪ ਨੇ ਇਹਨਾਂ ਕਥਾਵਾਂ ਵਿਚਲੀਆਂ ਪਰਤਾਂ ਦੇ ਅਧਿਐਨ ਦੌਰਾਨ ਦੋ ਤਰ੍ਹਾਂ ਦੇ ਤੱਤਾਂ ਦਾ ਨਿਖੇੜਾ ਕੀਤਾ: ਇਕ ਸਥਿਰ ਤੱਤ ਤੇ ਦੂਜਾ ਬਦਲਣਸ਼ੀਲ ਤੱਤ। ਪਰਾਪ ਅਨੁਸਾਰ ਕਥਾ ਵਿਚਲੇ

ਪਾਤਰਾਂ ਦੇ ਨਾਮ ਅਤੇ ਗੁਣ ਹੀ ਬਦਲਦੇ ਹਨ। ਪਾਤਰਾਂ ਦੀ ਅਣਗਿਣਤ ਗਿਣਤੀ ਦੇ ਬਾਵਜੂਦ ਉਹਨਾਂ ਵਲੋਂ ਕੀਤੇ ਜਾਂਦੇ ਕਾਰਜਾਂ ਦੀ ਗਿਣਤੀ ਸੀਮਤ ਹੁੰਦੀ ਹੈ। ਉਸ ਕਾਰਜ ਨੂੰ ਹੀ ਪ੍ਰਕਾਰਜ ਕਿਹਾ ਜਾਂਦਾ ਹੈ ਜੋ ਬਿਰਤਾਂਤ ਦੇ ਅਗਲੇਰੇ ਵਿਕਾਸ ਵਿਚ ਹਿੱਸਾ ਪਾਉਂਦਾ ਹੈ। ਪਰਾਪ ਨੇ ਪਾਤਰਾਂ ਦੁਆਰਾ ਕੀਤੇ ਜਾਣ ਵਾਲੇ ਇਹਨਾਂ ਪ੍ਰਕਾਰਜਾਂ ਦੀ ਗਿਣਤੀ ਇਕੱਤੀ ਮਿਥੀ ਹੈ। ਇਹ ਪ੍ਰਕਾਰਜ ਭਿੰਨ-ਭਿੰਨ ਕ੍ਰਮਾਂ ਅਧੀਨ, ਭਿੰਨ-ਭਿੰਨ ਕਹਾਣੀਆਂ ਵਿਚ ਗਤੀਸ਼ੀਲ ਹੁੰਦੇ ਹਨ। ਪ੍ਰਕਾਰਜ ਵੀ ਅਗੋਂ ਉਪਭਾਗਾਂ ਵਿਚ ਵੰਡੇ ਹੁੰਦੇ ਹਨ। ਇਹਨਾਂ ਪ੍ਰਕਾਰਜਾਂ ਨੂੰ ਜੋੜਿਆਂ ਅਤੇ ਸਮੂਹਾਂ ਵਿਚ ਰੱਖਿਆ ਗਿਆ ਹੈ। ਜਿਵੇਂ ਵਰਜਣ-ਉਲੰਘਣ, ਚੜ੍ਹਾਈ-ਵਾਪਸੀ, ਪਿੱਛਾ ਕਰਨਾ-ਫੜਨਾ, ਸੰਘਰਸ਼-ਜਿੱਤ ਆਦਿ। ਇਸ ਤਰ੍ਹਾਂ ਪ੍ਰਕਾਰਜਾਂ ਨੂੰ ਸਮੂਹਾਂ ਵਿਚ ਰੱਖਿਆ ਗਿਆ ਹੈ ਜਿਵੇਂ ਖਲਕਾਰਜਕਤਾ, ਪ੍ਰਤਿ-ਆਕ੍ਰਮਣ ਦਾ ਫੈਸਲਾ ਅਤੇ ਘਰੋਂ ਚੜ੍ਹਾਈ ਕਰਨ ਦਾ ਪ੍ਰਕਾਰਜ। ਪ੍ਰਕਾਰਜਾਂ ਦੀ ਜੋੜਿਆਂ ਦੀ ਸਮੂਹਾਂ ਵਿਚਲੀ ਵੰਡ ਲੋਕ ਕਥਾਵਾਂ ਦੀ ਆਪਸੀ ਸੰਰਚਨਾਤਮਕ ਸਾਂਝ ਨੂੰ ਸਪੱਸ਼ਟ ਕਰਦੀ ਹੈ।

ਇਹ ਸਾਰੇ ਪ੍ਰਕਾਰਜ ਪਾਤਰਾਂ ਰਾਹੀਂ ਹੀ ਨੇਪੇਰ ਚਾੜ੍ਹੇ ਜਾਂਦੇ ਹਨ ਅਤੇ ਇਕ ਕਿਸਮ ਦੇ ਪ੍ਰਕਾਰਜ ਨਿਭਾਉਣ ਵਾਲੇ ਪਾਤਰਾਂ ਦਾ ਇਕ ਸੰਕਲਪ ਕਲਪਿਆ ਗਿਆ ਹੈ। ਸਾਰੇ ਪ੍ਰਕਾਰਜ ਖੇਤਰਾਂ ਨੂੰ ਸੱਤ ਕਿਸਮ ਵਿਚ ਵੰਡਿਆ ਗਿਆ ਹੈ। ਪਰਾਪ ਨੇ ਪਾਤਰਾਂ ਨੂੰ ਪ੍ਰਕਾਰਜਾਂ ਅਨੁਰੂਪ ਹੀ ਵਰਗੀਕ੍ਰਿਤ ਕੀਤਾ ਹੈ। ਇਹ ਸੱਤ ਕਾਰਜ ਖੇਤਰ ਹੇਠਲੇ ਸੱਤ ਕਿਸਮਾਂ ਦੇ ਪਾਤਰਾਂ ਵਿਚ ਵੰਡੇ ਗਏ ਹਨ:-

1. ਖਲਨਾਇਕ ਦਾ ਕਾਰਜ-ਖੇਤਰ
2. ਦਾਤੇ ਦਾ ਕਾਰਜ-ਖੇਤਰ
3. ਸਹਾਇਕ ਦਾ ਕਾਰਜ-ਖੇਤਰ
4. ਪ੍ਰਾਪਤ ਦਾ ਕਾਰਜ-ਖੇਤਰ
5. ਭੇਜਣ ਵਾਲਾ ਦਾ ਕਾਰਜ-ਖੇਤਰ
6. ਨਾਇਕ ਦਾ ਕਾਰਜ-ਖੇਤਰ
7. ਝੂਠੇ ਨਾਇਕ ਦਾ ਕਾਰਜ-ਖੇਤਰ [17]

ਉਪਰੋਕਤ ਸੱਤ ਕਾਰਜ ਖੇਤਰਾਂ ਵਿਚ ਹੀ ਸਾਰੇ ਪ੍ਰਕਾਰਜਾਂ ਦਾ ਵਿਤਰਨ ਹੁੰਦਾ ਹੈ। ਇਹਨਾਂ ਕਾਰਜ ਖੇਤਰਾਂ ਅਨੁਸਾਰ ਅਣਗਿਣਤ ਪਾਤਰਾਂ ਦੇ ਸੱਤ ਵਰਗ ਹੀ ਬਣਦੇ ਹਨ। ਸਪੱਸ਼ਟ ਰੂਪ ਵਿਚ ਪਰਾਪ ਦੀ ਅਜਿਹੀ ਵਰਗ-ਵੰਡ ਪਾਤਰਾਂ ਦੀਆਂ ਭੂਮਿਕਾਵਾਂ ਅਤੇ ਪ੍ਰਕਾਰਜਾਂ ਉੱਪਰ ਅਧਾਰਿਤ ਹੈ। ਹਰ ਇਕ ਕਥਾ ਵਿਚ ਭੂਮਿਕਾਵਾਂ ਦੇ ਆਧਾਰ ਤੇ ਹੀ ਪਾਤਰਾਂ ਦੀ ਸਿਰਜਣਾ ਹੁੰਦੀ ਹੈ ਤੇ ਪ੍ਰਕਾਰਜਾਂ ਦੇ ਆਧਾਰ ਤੇ ਹੀ ਬਿਰਤਾਂਤ ਦੀ ਨਾਟਕੀ ਪੇਸ਼ਕਾਰੀ ਦੀ ਪ੍ਰਕਿਰਤੀ ਨਿਰਧਾਰਿਤ ਹੁੰਦੀ ਹੈ। ਇਸ ਤਰ੍ਹਾਂ ਸਪੱਸ਼ਟ ਹੈ ਕਿ ਪਰਾਪ ਨੇ ਲੋਕ ਕਥਾਵਾਂ ਦੇ ਅਧਿਐਨ ਦੌਰਾਨ ਆਪਣਾ ਧਿਆਨ ਬਦਲਣਸ਼ੀਲ ਤੱਤਾਂ ਦੀ ਥਾਂ ਸਥਿਰ ਤੱਤਾਂ (ਪ੍ਰਕਾਰਜਾਂ) ਵੱਲ ਵਧੇਰੇ ਦਿੱਤਾ ਹੈ ਕਿਉਂਕਿ ਇਹਨਾਂ ਸਥਿਰ ਤੱਤਾਂ ਨੂੰ ਹੀ ਉਸਨੇ ਲੋਕ ਕਥਾ ਦੇ ਬੁਨਿਆਦੀ ਅੰਗ ਮੰਨਿਆ ਹੈ। ਇਹ ਸਥਿਰ ਤੱਤ ਕਥਾ ਵਿਚ ਨਿਰੰਤਰ ਕਾਰਜਾਂ ਦੇ ਆਧਾਰ ਉੱਤੇ ਮਿੱਥੇ ਜਾਂਦੇ ਹਨ।

ਰਿਮਨ ਕੇਨਾਨ ਦਾ ਵਿਚਾਰ ਹੈ ਕਿ "ਪਰਾਪ ਨੇ ਆਪਣੇ ਅਧਿਐਨ ਵਿਚ ਕੀ ਹੋਇਆ ਦੇ ਨਾਲ-ਨਾਲ ਕੌਣ ਕਰ ਰਿਹਾ ਹੈ ਅਤੇ ਕਿਵੇਂ ਕਰ ਰਿਹਾ ਹੈ ਦੇ ਬਾਰੇ ਅਧਿਐਨ ਕਰਨ ਤੇ ਜ਼ੋਰ ਦਿੱਤਾ ਹੈ। ਇਹ ਕੀ, ਕੌਣ ਅਤੇ ਕਿਵੇਂ ਕ੍ਰਮਵਾਰ ਘਟਨਾ, ਪਾਤਰ ਅਤੇ ਕਾਰਣਤਾ ਦੇ ਨਾਲ ਸੰਬੰਧਿਤ ਹੈ।"[18] ਪਰ ਪਰਾਪ ਸਿਧਾਂਤਕ ਤੌਰ ਤੇ ਅਮੂਰਤ ਨੇਮਾਂ ਅਤੇ ਸਮੂਰਤ ਭਾਸ਼ਾ ਦੀ ਗੱਲ ਕਰਕੇ ਵੀ ਵਿਹਾਰਕ ਤੌਰ ਤੇ ਆਪਣੇ ਅਧਿਐਨ ਨੂੰ ਸਮੂਰਤ ਭਾਸ਼ਾ ਤੱਕ ਹੀ ਸੀਮਿਤ ਰੱਖ ਸਕਿਆ ਹੈ। ਤੋਦੋਰੋਵ ਦਾ ਵਿਚਾਰ ਹੈ ਕਿ "ਪਰਾਪ ਨੇ ਬਿਰਤਾਂਤ ਦੇ ਸਹਿਚਾਰੀ ਵਿਸ਼ਲੇਸ਼ਣ ਨੂੰ ਨਕਾਰਿਆ ਹੈ।"[19] ਪਰ ਇਸ ਦਵੰਦ ਦੇ ਬਾਵਜੂਦ ਵੀ ਪਰਾਪ ਨੇ ਬਿਰਤਾਂਤ ਸ਼ਾਸਤਰ ਸੰਬੰਧੀ ਮੁੱਢਲੇ ਨੁਕਤੇ ਪ੍ਰਦਾਨ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਹੈ।

## ਪੂਰਵ ਖੋਜ ਕਾਰਜ :-

ਕਿਸੇ ਵੀ ਖੋਜ ਕਾਰਜ ਨੂੰ ਕਰਨ ਤੋਂ ਪਹਿਲਾਂ ਖੋਜਾਰਥੀ ਨੂੰ ਆਪਣੇ ਦ੍ਰਿਸ਼ਟੀਕੋਣ ਦੀ ਸਪੱਸ਼ਟਤਾ ਅਤੇ ਖੋਜ ਬਾਰੇ ਮੁੱਢਲੀ ਜਾਣਕਾਰੀ ਪ੍ਰਾਪਤ ਕਰਨ ਲਈ ਸਬੰਧਿਤ ਸਾਹਿਤ ਦਾ ਅਧਿਐਨ ਕਰਨਾ ਅਤਿਅੰਤ ਜ਼ਰੂਰੀ ਹੈ। ਇਸ ਨਾਲ ਜਿੱਥੇ ਸਾਨੂੰ ਸਿਰਜੇ ਗਏ ਸਾਹਿਤ ਦੀਆਂ ਵੰਨਗੀਆਂ, ਵਿਸ਼ੇ ਅਤੇ ਸ਼ੈਲੀ ਬਾਰੇ ਭਰਪੂਰ ਜਾਣਕਾਰੀ ਪ੍ਰਾਪਤ ਹੁੰਦੀ ਹੈ, ਉੱਥੇ ਖੋਜਾਰਥੀ ਦੀ ਸੋਚ ਅਤੇ ਵਿਹਾਰ ਵਿੱਚ ਵੀ ਪਰਿਵਰਤਨ ਆਉਂਦਾ ਹੈ। ਵਿਸ਼ੇ ਨਾਲ ਸਬੰਧਿਤ ਹੁਣ ਤੱਕ ਹੋ ਚੁੱਕੇ ਖੋਜ-ਕਾਰਜ ਦਾ ਵੇਰਵਾ ਇਸ ਪ੍ਰਕਾਰ ਹੈ:-

1. ਅਸ਼ਵਨੀ ਕੁਮਾਰ, 'ਬਲਦੇਵ ਸਿੰਘ ਦੀ ਗਲਪ-ਚੇਤਨਾ', ਕੁਰੂਕਸ਼ੇਤਰ ਯੂਨੀਵਰਸਿਟੀ, 2011

- 'ਬਲਦੇਵ ਸਿੰਘ ਦੀ ਗਲਪ ਚੇਤਨਾ' ਵਿਸ਼ੇ ਤੇ ਅਸ਼ਵਨੀ ਕੁਮਾਰ ਨੇ ਕੂਰਕਸ਼ੇਤਰ ਯੂਨੀਵਰਸਿਟੀ ਵਿਖੇ ਪੰਜਾਬੀ ਦੀ ਡਿਗਰੀ ਲਈ ਖੋਜ-ਪ੍ਰਬੰਧ 2011 ਵਿਚ ਪੂਰਾ ਕੀਤਾ। ਇਸ ਖੋਜ-ਪ੍ਰਬੰਧ ਵਿਚ ਅਸ਼ਵਨੀ ਕੁਮਾਰ ਨੇ ਬਲਦੇਵ ਸਿੰਘ ਦੀ ਸਮੁੱਚੀਆਂ ਗਲਪ ਰਚਨਾਵਾਂ ਨੂੰ ਆਧਾਰ ਬਣਾਇਆ ਗਿਆ ਹੈ। ਇਸ ਵਿਚ ਬਲਦੇਵ ਸਿੰਘ ਦੇ ਜੀਵਨ, ਰਚਨਾ ਅਤੇ ਪ੍ਰਾਪਤੀਆਂ ਤੋਂ ਲੈ ਕੇ ਉਸ ਦੇ ਇਕ ਨਾਮੀ ਸਾਹਿਤਕਾਰ ਬਣਨ ਤੱਕ ਦੇ ਸਫ਼ਰ ਨੂੰ ਸਿਰਜਦੇ ਹੋਏ ਉਸ ਦੀਆਂ ਕਹਾਣੀਆਂ ਦੇ ਸਮਾਜਿਕ ਸਰੋਕਾਰਾਂ ਅਤੇ ਨਾਵਲਾਂ ਦੇ ਗਲਪੀ ਵਿਵੇਕ ਸੰਬੰਧੀ ਅਧਿਐਨ ਨੂੰ ਪੇਸ਼ ਕੀਤਾ ਹੈ। ਬਲਦੇਵ ਸਿੰਘ ਦੀ ਗਲਪ ਚੇਤਨਾ ਬਾਰੇ ਭਰਪੂਰ ਜਾਣਕਾਰੀ ਦੇ ਕੇ ਬੜਾ ਹੀ ਗਹਿਨ ਅਧਿਐਨ ਪੇਸ਼ ਕੀਤਾ ਹੈ।

2. ਕਮਲਜੀਤ ਕੌਰ, 'ਭਾਈ ਵੀਰ ਸਿੰਘ, ਨਰਿੰਦਰ ਸਿੰਘ, ਹਰਨਾਮ ਦਾਸ ਸਹਿਰਾਈ ਅਤੇ ਬਲਦੇਵ ਸਿੰਘ ਦੇ ਇਤਿਹਾਸਕ ਨਾਵਲਾਂ ਦਾ ਆਲੋਚਨਾਤਮਕ ਅਧਿਐਨ', ਕੁਰੂਕਸ਼ੇਤਰ ਯੂਨੀਵਰਸਿਟੀ, 2014

- ' ਭਾਈ ਵੀਰ ਸਿੰਘ, ਨਰਿੰਦਰ ਸਿੰਘ, ਹਰਨਾਮ ਦਾਸ ਸਹਿਰਾਈ ਅਤੇ ਬਲਦੇਵ ਸਿੰਘ ਦੇ ਇਤਿਹਾਸਕ ਨਾਵਲਾਂ ਦਾ ਆਲੋਚਨਾਤਮਕ ਅਧਿਐਨ' ਵਿਸ਼ੇ ਤੇ ਕਮਲਜੀਤ ਕੌਰ ਨੇ ਕੂਰਕਸ਼ੇਤਰ ਯੂਨੀਵਰਸਿਟੀ ਵਿਖੇ ਪੰਜਾਬੀ ਦੀ ਡਿਗਰੀ ਲਈ ਖੋਜ-ਪ੍ਰਬੰਧ 2014 ਵਿਚ ਪੂਰਾ ਕੀਤਾ। ਇਸ ਖੋਜ-ਪ੍ਰਬੰਧ ਵਿਚ ਕਮਲਜੀਤ ਕੌਰ ਨੇ ਬਲਦੇਵ

ਸਿੰਘ ਦੇ ਇਤਿਹਾਸਕ ਨਾਵਲਾਂ ਦਾ ਆਲੋਚਨਾਤਮਕ ਅਧਿਐਨ ਬਾਰੇ ਭਰਪੂਰ ਜਾਣਕਾਰੀ ਦੇ ਕੇ ਬੜਾ ਹੀ ਗਹਿਨ ਅਧਿਐਨ ਪੇਸ਼ ਕੀਤਾ ਹੈ।

3. ਹਰਭਿੰਦਰ ਕੌਰ, 'ਬਲਦੇਵ ਸਿੰਘ ਦੇ ਨਾਵਲਾਂ ਦਾ ਵਿਚਾਰਧਾਰਾਈ ਅਧਿਐਨ', ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013

- 'ਬਲਦੇਵ ਸਿੰਘ ਦੇ ਨਾਵਲਾਂ ਦਾ ਵਿਚਾਰਧਾਰਾਈ ਅਧਿਐਨ' ਵਿਸ਼ੇ ਤੇ ਹਰਭਿੰਦਰ ਕੌਰ ਨੇ ਪੰਜਾਬੀ ਯੂਨੀਵਰਸਿਟੀ ਵਿਖੇ ਪੰਜਾਬੀ ਦੀ ਡਿਗਰੀ ਲਈ ਖੋਜ-ਪ੍ਰਬੰਧ 2013 ਵਿਚ ਪੂਰਾ ਕੀਤਾ। ਇਸ ਖੋਜ-ਪ੍ਰਬੰਧ ਵਿਚ ਹਰਪਿੰਦਰ ਕੌਰ ਨੇ ਬਲਦੇਵ ਸਿੰਘ ਦੇ ਨਾਵਲਾਂ ਦਾ ਵਿਚਾਰਧਾਰਾਈ ਅਧਿਐਨ ਬਾਰੇ ਭਰਪੂਰ ਜਾਣਕਾਰੀ ਦੇ ਕੇ ਬੜਾ ਹੀ ਗਹਿਨ ਅਧਿਐਨ ਪੇਸ਼ ਕੀਤਾ ਹੈ।

4. ਸਰਵਣ ਸਿੰਘ (ਮਾਨ), 'ਬਲਦੇਵ ਸਿੰਘ ਦੇ ਇਤਿਹਾਸਕ ਨਾਵਲਾਂ ਵਿੱਚ ਯਥਾਰਥ ਦ੍ਰਿਸ਼ਟੀ ਦਾ ਅਧਿਐਨ', ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2010

- 'ਬਲਦੇਵ ਸਿੰਘ ਦੇ ਇਤਿਹਾਸਕ ਨਾਵਲਾਂ ਵਿੱਚ ਯਥਾਰਥ ਦ੍ਰਿਸ਼ਟੀ ਦਾ ਅਧਿਐਨ' ਵਿਸ਼ੇ ਤੇ ਸਰਵਣ ਸਿੰਘ (ਮਾਨ) ਨੇ ਪੰਜਾਬ ਯੂਨੀਵਰਸਿਟੀ ਵਿਖੇ ਪੰਜਾਬੀ ਦੀ ਡਿਗਰੀ ਲਈ ਖੋਜ-ਪ੍ਰਬੰਧ 2010 ਵਿਚ ਪੂਰਾ ਕੀਤਾ। ਇਸ ਖੋਜ-ਪ੍ਰਬੰਧ ਵਿਚ ਸਰਵਣ ਸਿੰਘ ਨੇ ਬਲਦੇਵ ਸਿੰਘ ਦੇ ਇਤਿਹਾਸਕ ਨਾਵਲਾਂ ਵਿੱਚ ਯਥਾਰਥ ਦ੍ਰਿਸ਼ਟੀ ਦਾ ਅਧਿਐਨ ਬਾਰੇ ਭਰਪੂਰ ਜਾਣਕਾਰੀ ਦੇ ਕੇ ਬੜਾ ਹੀ ਗਹਿਨ ਅਧਿਐਨ ਪੇਸ਼ ਕੀਤਾ ਹੈ।

5. ਰਮਨਪ੍ਰੀਤ ਕੌਰ, 'ਬਲਦੇਵ ਸਿੰਘ ਦੇ ਨਾਵਲਾਂ ਵਿੱਚ ਵਸਤੂ ਤੇ ਬਿਰਤਾਂਤਕਾਰੀ', ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2012

- 'ਬਲਦੇਵ ਸਿੰਘ ਦੇ ਨਾਵਲਾਂ ਵਿੱਚ ਵਸਤੂ ਤੇ ਬਿਰਤਾਂਤਕਾਰੀ' ਵਿਸ਼ੇ ਤੇ ਰਮਨਪ੍ਰੀਤ ਕੌਰ ਨੇ ਪੰਜਾਬ ਯੂਨੀਵਰਸਿਟੀ ਵਿਖੇ ਪੰਜਾਬੀ ਦੀ ਡਿਗਰੀ ਲਈ ਖੋਜ-ਪ੍ਰਬੰਧ 2012 ਵਿਚ ਪੂਰਾ ਕੀਤਾ। ਇਸ ਖੋਜ-ਪ੍ਰਬੰਧ ਵਿਚ ਰਮਨਪ੍ਰੀਤ ਕੌਰ ਨੇ ਬਲਦੇਵ ਸਿੰਘ ਦੇ ਨਾਵਲਾਂ ਵਿੱਚ ਵਸਤੂ ਤੇ ਬਿਰਤਾਂਤਕਾਰੀ ਬਾਰੇ ਭਰਪੂਰ ਜਾਣਕਾਰੀ ਦੇ ਕੇ ਬੜਾ ਹੀ ਗਹਿਨ ਅਧਿਐਨ ਪੇਸ਼ ਕੀਤਾ ਹੈ।

6. ਸੁਖਦੇਵ, 'ਬਲਦੇਵ ਸਿੰਘ ਦੇ ਨਾਵਲਾਂ ਵਿੱਚ ਇਤਿਹਾਸਕ ਚੇਤਨਾ', ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2011

- 'ਬਲਦੇਵ ਸਿੰਘ ਦੇ ਨਾਵਲਾਂ ਵਿੱਚ ਇਤਿਹਾਸਕ ਚੇਤਨਾ' ਵਿਸ਼ੇ ਤੇ ਸੁਖਦੇਵ ਨੇ ਪੰਜਾਬ ਯੂਨੀਵਰਸਿਟੀ ਵਿਖੇ ਪੰਜਾਬੀ ਦੀ ਡਿਗਰੀ ਲਈ ਖੋਜ-ਪ੍ਰਬੰਧ 2011 ਵਿਚ ਪੂਰਾ ਕੀਤਾ। ਇਸ ਖੋਜ-ਪ੍ਰਬੰਧ ਵਿਚ ਸੁਖਦੇਵ ਨੇ ਬਲਦੇਵ ਸਿੰਘ ਦੇ ਨਾਵਲਾਂ ਵਿੱਚ ਇਤਿਹਾਸਕ ਚੇਤਨਾ ਬਾਰੇ ਭਰਪੂਰ ਜਾਣਕਾਰੀ ਦੇ ਕੇ ਬੜਾ ਹੀ ਗਹਿਨ ਅਧਿਐਨ ਪੇਸ਼ ਕੀਤਾ ਹੈ।

7. ਕੰਵਲਜੀਤ ਕੌਰ, 'ਬਲਦੇਵ ਸਿੰਘ ਦਾ ਬਿਰਤਾਂਤ-ਜਗਤ-ਸਭਿਆਚਾਰਕ ਰੂਪਾਂਤਰਣ (ਕਹਾਣੀ, ਨਾਵਲ ਅਤੇ ਵਾਰਤਕ ਦੇ ਸੰਦਰਭ ਵਿੱਚ)', ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2007

- 'ਬਲਦੇਵ ਸਿੰਘ ਦਾ ਬਿਰਤਾਂਤ-ਜਗਤ-ਸਭਿਆਚਾਰਕ ਰੂਪਾਂਤਰਨ (ਕਹਾਣੀ, ਨਾਵਲ ਅਤੇ ਵਾਰਤਕ ਦੇ ਸੰਦਰਭ ਵਿੱਚ)' ਵਿਸ਼ੇ ਤੇ ਕੰਵਲਜੀਤ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਪੰਜਾਬੀ ਦੀ ਡਿਗਰੀ ਲਈ ਖੋਜ-ਪ੍ਰਬੰਧ 2007 ਵਿਚ ਪੂਰਾ ਕੀਤਾ। ਇਸ ਖੋਜ-ਪ੍ਰਬੰਧ ਵਿਚ ਕੰਵਲਜੀਤ ਨੇ ਬਲਦੇਵ ਸਿੰਘ ਦਾ ਬਿਰਤਾਂਤ-ਜਗਤ-ਸਭਿਆਚਾਰਕ ਰੂਪਾਂਤਰਨ (ਕਹਾਣੀ, ਨਾਵਲ ਅਤੇ ਵਾਰਤਕ ਦੇ ਸੰਦਰਭ ਵਿੱਚ) ਬਾਰੇ ਭਰਪੂਰ ਜਾਣਕਾਰੀ ਦੇ ਕੇ ਬੜਾ ਹੀ ਗਹਿਨ ਅਧਿਐਨ ਪੇਸ਼ ਕੀਤਾ ਹੈ।

8. ਗੁਰਜੀਤ ਸਿੰਘ, 'ਬਲਦੇਵ ਸਿੰਘ ਦੇ ਨਾਵਲਾਂ ਦਾ ਸਮਾਜ ਸ਼ਾਸਤਰੀ ਅਧਿਐਨ', ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013

- 'ਬਲਦੇਵ ਸਿੰਘ ਦੇ ਨਾਵਲਾਂ ਦਾ ਸਮਾਜ ਸ਼ਾਸਤਰੀ ਅਧਿਐਨ' ਵਿਸ਼ੇ ਤੇ ਗੁਰਜੀਤ ਸਿੰਘ ਨੇ ਪੰਜਾਬੀ ਯੂਨੀਵਰਸਿਟੀ ਵਿਖੇ ਪੰਜਾਬੀ ਦੀ ਡਿਗਰੀ ਲਈ ਖੋਜ-ਪ੍ਰਬੰਧ 2013 ਵਿਚ ਪੂਰਾ ਕੀਤਾ। ਇਸ ਖੋਜ-ਪ੍ਰਬੰਧ ਵਿਚ ਗੁਰਜੀਤ ਸਿੰਘ ਨੇ ਸਮਾਜ ਸ਼ਾਸਤਰ ਅਤੇ ਸਾਹਿਤ ਸ਼ਾਸਤਰ ਦੇ ਸੰਬੰਧ ਦਾ ਸਿਧਾਂਤਕ ਪਰਿਪੇਖ ਨੂੰ ਪੇਸ਼ ਕੀਤਾ ਹੈ। ਬਲਦੇਵ ਸਿੰਘ ਦੇ ਗ੍ਰਾਮੀਣ ਸੰਸਕ੍ਰਿਤੀ ਨਾਲ ਸੰਬੰਧਤ ਨਾਵਲ, ਮਹਾਂਨਗਰੀ ਜੀਵਨ ਨਾਲ ਸੰਬੰਧਤ ਨਾਵਲ, ਸਿੱਖ ਇਤਿਹਾਸ ਨਾਲ ਸੰਬੰਧਤ ਨਾਵਲ ਅਤੇ ਲੋਕ ਨਾਇਕਾਂ ਦੇ ਜੀਵਨ ਨਾਲ ਸੰਬੰਧਤ ਨਾਵਲ ਦਾ ਸਮਾਜ ਸਭਿਆਚਾਰਕ ਪਰਿਪੇਖ ਪੇਸ਼ ਕੀਤਾ ਹੈ। ਬਲਦੇਵ ਸਿੰਘ ਦੀ ਸਮੁੱਚੀ ਨਾਵਲ ਰਚਨਾ ਦੇ ਸਮਾਜ ਸਭਿਆਚਾਰਕ ਸਰੋਕਾਰ ਨੂੰ ਪੇਸ਼ ਕੀਤਾ ਹੈ। ਬਲਦੇਵ ਸਿੰਘ ਦੇ ਨਾਵਲਾਂ ਦਾ ਸਮਾਜ ਸ਼ਾਸਤਰ ਬਾਰੇ ਭਰਪੂਰ ਜਾਣਕਾਰੀ ਦੇ ਕੇ ਬੜਾ ਹੀ ਗਹਿਨ ਅਧਿਐਨ ਪੇਸ਼ ਕੀਤਾ ਹੈ।

9. ਮਨਦੀਪ ਕੌਰ, 'ਬਲਦੇਵ ਸਿੰਘ ਦੀ ਸਾਹਿਤ-ਸੰਵੇਦਨਾ', ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009

- 'ਬਲਦੇਵ ਸਿੰਘ ਦੀ ਸਾਹਿਤ ਸੰਵੇਦਨਾ' ਵਿਸ਼ੇ ਤੇ ਮਨਦੀਪ ਕੌਰ ਨੇ ਪੰਜਾਬੀ ਯੂਨੀਵਰਸਿਟੀ ਵਿਖੇ ਪੰਜਾਬੀ ਦੀ ਡਿਗਰੀ ਲਈ ਖੋਜ-ਪ੍ਰਬੰਧ 2009 ਵਿਚ ਪੂਰਾ ਕੀਤਾ। ਇਸ ਖੋਜ-ਪ੍ਰਬੰਧ ਵਿਚ ਮਨਦੀਪ ਕੌਰ ਨੇ ਬਲਦੇਵ ਸਿੰਘ ਦੀ ਸਾਹਿਤ ਸੰਵੇਦਨਾ ਬਾਰੇ ਭਰਪੂਰ ਜਾਣਕਾਰੀ ਦੇ ਕੇ ਬੜਾ ਹੀ ਗਹਿਨ ਅਧਿਐਨ ਪੇਸ਼ ਕੀਤਾ ਹੈ।

10. ਗੁਰਮੀਤ ਕੌਰ, '1960 ਤੋਂ ਬਾਅਦ ਦੇ ਪੰਜਾਬੀ ਨਾਵਲ ਦੀਆਂ ਬਿਰਤਾਂਤ ਵਿਧੀਆਂ', ਦਿੱਲੀ ਯੂਨੀਵਰਸਿਟੀ, ਦਿੱਲੀ, 2012

- '1960 ਤੋਂ ਬਾਅਦ ਦੇ ਪੰਜਾਬੀ ਨਾਵਲ ਦੀਆਂ ਬਿਰਤਾਂਤ-ਵਿਧੀਆਂ' ਇਸ ਵਿਸ਼ੇ ਤੇ ਗੁਰਮੀਤ ਕੌਰ ਨੇ ਡਾ. ਅਮਰੀਕ ਸਿੰਘ ਪੁੰਨੀ ਦੀ ਨਿਗਰਾਨੀ ਹੇਠ ਪੰਜਾਬੀ ਦੀ ਡਿਗਰੀ ਲਈ 1990 ਵਿਚ ਦਿੱਲੀ ਯੂਨੀਵਰਸਿਟੀ ਵਿਚ ਪੂਰਾ ਕੀਤਾ। ਇਸ ਥੀਸਿਸ ਵਿਚ ਗੁਰਮੀਤ ਕੌਰ ਨੇ ਮੁੱਖ ਤਿੰਨ ਅਧਿਆਇ ਬਣਾਇਆ ਹਨ। ਪਹਿਲਾ ਅਧਿਆਇ ਵਿਚ ਨਾਵਲ ਅਤੇ ਪੰਜਾਬੀ ਨਾਵਲ ਦੀ ਪ੍ਰੰਪਰਾ ਨਾਲ ਸੰਬੰਧਿਤ ਹੈ। ਦੂਸਰੇ ਅਧਿਆਇ ਵਿਚ ਪੰਜਾਬੀ ਸਾਹਿਤ ਵਿਚ ਪ੍ਰਾਪਤ ਬਿਰਤਾਂਤ ਰੂਪਾਂ ਦੀ ਪਛਾਣ ਕੀਤੀ ਹੈ। ਇਸ ਨੂੰ ਪੰਜਾਬੀ ਨਾਵਲ ਦੀਆਂ ਬਿਰਤਾਂਤ ਵਿਧੀਆਂ ਦੇ ਪਿਛਕੋੜ ਦੇ ਰੂਪ ਵਿਚ ਗ੍ਰਹਿਣ ਕੀਤਾ ਜਾ ਸਕਦਾ ਹੈ। ਨਾਵਲ ਦੀਆਂ ਬਿਰਤਾਂਤ ਵਿਧੀਆਂ ਅਤੇ

ਪੰਜਾਬੀ ਨਾਵਲ ਨਾਲ ਸੰਬੰਧਿਤ ਹੈ। ਤੀਜਾ ਅਧਿਆਇ ਵਿਚ 1960 ਤੋਂ ਬਾਅਦ ਚੋਣਵੇਂ ਨਾਵਲਾਂ ਦਾ ਨਿਕਟ ਅਧਿਐਨ ਪੇਸ਼ ਕੀਤਾ ਹੈ।

11. ਕਰਮਜੀਤ ਕੌਰ, 'ਨਾਨਕ ਸਿੰਘ ਦੇ ਨਾਵਲਾਂ ਦਾ ਬਿਰਤਾਂਤ-ਸ਼ਾਸਤਰੀ ਅਧਿਐਨ', ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008

➢ 'ਨਾਨਕ ਸਿੰਘ ਦੇ ਨਾਵਲਾਂ ਦਾ ਬਿਰਤਾਂਤ-ਸ਼ਾਸਤਰੀ ਅਧਿਐਨ' ਇਸ ਵਿਸ਼ੇ ਤੇ ਕਰਮਜੀਤ ਕੌਰ ਨੇ ਡਾ. ਧਨਵੰਤ ਕੌਰ ਦੀ ਨਿਗਰਾਨੀ ਹੇਠ ਪੰਜਾਬੀ ਦੀ ਡਿਗਰੀ ਲਈ 2008 ਵਿਚ ਪੰਜਾਬੀ ਯੂਨੀਵਰਸਿਟੀ ਵਿਚ ਪੂਰਾ ਕੀਤਾ। ਇਸ ਥੀਸਿਸ ਵਿਚ ਕਰਮਜੀਤ ਕੌਰ ਨੇ ਪੰਜ ਅਧਿਆਇ ਬਣਾਇਆ ਹਨ। ਇਸ ਥੀਸਿਸ ਵਿਚ ਉਸ ਨੇ ਨਾਵਲ ਦਾ ਇਤਿਹਾਸਿਕ ਤੇ ਸਿਧਾਂਤਿਕ ਅਤੇ ਬਿਰਤਾਂਤ ਸ਼ਾਸਤਰ ਦਾ ਇਤਿਹਾਸਿਕ ਤੇ ਸਿਧਾਂਤਿਕ ਪਰਿਪੇਖ ਨੂੰ ਪੇਸ਼ ਕੀਤਾ ਹੈ। ਇਸ ਵਿਚ ਉਸ ਨੇ ਬਿਰਤਾਂਤ ਸ਼ਾਸਤਰ ਦੇ ਵੱਖ-ਵੱਖ ਮਾਡਲਾਂ ਨੂੰ ਆਧਾਰ ਬਣਾਇਆ ਹੈ। ਉਸ ਨੇ ਆਪਣੀ ਇਸ ਖੋਜ ਵਿਚ ਬਿਰਤਾਂਤ ਦੇ ਕਿਸੇ ਇੱਕ ਮਾਡਲ ਨੂੰ ਆਧਾਰ ਨਹੀਂ ਬਣਾਇਆ ਸਗੋਂ ਨੇ ਪਰਾਪ, ਤੋਦੋਰੋਵ, ਜੈਨੇ ਦੇ ਮਾਡਲਾਂ ਨੂੰ ਆਧਾਰ ਬਣਾਇਆ ਹੈ।

12. ਪਰਮੀਤ ਕੌਰ, 'ਜਸਵੰਤ ਸਿੰਘ ਕੰਵਲ ਦੇ ਨਾਵਲਾਂ ਦਾ ਬਿਰਤਾਂਤ-ਸ਼ਾਸਤਰੀ ਅਧਿਐਨ (ਪੂਰਨਮਾਸ਼ੀ, ਰੂਪਧਾਰਾ, ਹਾਣੀ, ਮਨੁੱਖਤਾ ਅਤੇ ਤੋਸ਼ਾਈ ਦੀ ਹੰਸੋ ਉੱਤੇ ਆਧਾਰਿਤ)', ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002

➢ 'ਜਸਵੰਤ ਸਿੰਘ ਕੰਵਲ ਦੇ ਨਾਵਲਾਂ ਦਾ ਬਿਰਤਾਂਤ-ਸ਼ਾਸਤਰੀ ਅਧਿਐਨ (ਪੂਰਨਮਾਸ਼ੀ, ਰੂਪਧਾਰਾ, ਹਾਣੀ, ਮਨੁੱਖਤਾ ਅਤੇ ਤੋਸ਼ਾਈ ਦੀ ਹੰਸੋ ਉੱਤੇ ਆਧਾਰਿਤ) ਵਿਸ਼ੇ ਤੇ ਪਰਮੀਤ ਕੌਰ ਨੇ ਗੁਰਚਰਨ ਸਿੰਘ ਅਰਸ਼ੀ ਦੀ ਨਿਗਰਾਨੀ ਹੇਠ ਪੰਜਾਬੀ ਦੀ ਡਿਗਰੀ ਲਈ 2002 ਵਿਚ ਪੰਜਾਬੀ ਯੂਨੀਵਰਸਿਟੀ ਵਿਚ ਪੂਰਾ ਕੀਤਾ ਹੈ। ਪਰਮੀਤ ਕੌਰ ਨੇ ਇਸ ਵਿਚ ਨਾਵਲ ਦਾ ਬਿਰਤਾਂਤ-ਸਾਸਤਰੀ ਪਰਿਪੇਖ ਨੂੰ ਪੇਸ਼ ਕੀਤਾ ਹੈ। ਜਿਸ ਦਾ ਆਧਾਰ ਉਸ ਨੇ ਜਸਵੰਤ ਸਿੰਘ ਕੰਵਲ ਦੇ ਨਾਵਲ ਪੂਰਨਮਾਸ਼ੀ, ਰੂਪਧਾਰਾ, ਹਾਣੀ, ਮਨੁੱਖਤਾ ਅਤੇ ਤੋਸ਼ਾਈ ਦੀ ਹੰਸੋ ਨੂੰ ਆਧਾਰ ਬਣਕੇ ਬਿਰਤਾਂਤਕ ਪਰਿਪੇਖ ਪੇਸ਼ ਕੀਤਾ ਹੈ।

13. ਪਰਮਜੀਤ ਕੌਰ, 'ਅੰਮ੍ਰਿਤਾ ਪ੍ਰੀਤਮ ਦੇ ਨਾਵਲਾਂ ਦਾ ਬਿਰਤਾਂਤ-ਸ਼ਾਸਤਰੀ ਅਧਿਐਨ (ਚੱਕ ਨੰ. 36, ਬੰਦ ਦਰਵਾਜਾ, ਪਿੰਜਰ, ਦਿੱਲੀ ਦੀਆਂ ਗਲੀਆਂ ਅਤੇ ਏਕਤਾ)', ਦਿੱਲੀ ਯੂਨੀਵਰਸਿਟੀ, 2009

➢ 'ਅੰਮ੍ਰਿਤਾ ਪ੍ਰੀਤਮ ਦੇ ਨਾਵਲਾਂ ਦਾ ਬਿਰਤਾਂਤ-ਸ਼ਾਸਤਰੀ ਅਧਿਐਨ (ਚੱਕ ਨੰ. 36, ਬੰਦ ਦਰਵਾਜਾ, ਪਿੰਜਰ, ਦਿੱਲੀ ਦੀਆਂ ਗਲੀਆਂ ਅਤੇ ਏਕਤਾ)' ਇਸ ਵਿਸ਼ੇ ਤੇ ਪਰਮਜੀਤ ਕੌਰ ਨੇ ਡਾ. ਮਨਜੀਤ ਸਿੰਘ ਦੀ ਨਿਗਰਾਨੀ ਹੇਠ ਪੰਜਾਬੀ ਦੀ ਡਿਗਰੀ ਲਈ 2009 ਵਿਚ ਦਿੱਲੀ ਯੂਨੀਵਰਸਿਟੀ ਵਿਚ ਪੂਰਾ ਕੀਤਾ। ਇਸ ਥੀਸਿਸ ਵਿਚ ਪਰਮਜੀਤ ਕੌਰ ਨੇ ਛੇ ਅਧਿਆਇ ਬਣਾਇਆ ਹਨ। ਇਸ ਥੀਸਿਸ ਪਰਮਜੀਤ ਕੌਰ ਨੇ ਬਿਰਤਾਂਤ-ਸ਼ਾਸਤਰੀ ਪਰਿਪੇਖ ਨੂੰ ਪੇਸ਼ ਕੀਤਾ ਹੈ ਅਤੇ ਅੰਮ੍ਰਿਤਾ ਪ੍ਰੀਤਮ ਨਾਵਲਾਂ ਦਾ ਬਿਰਤਾਂਤਕ ਪਰਿਪੇਖ ਨੂੰ ਪੇਸ਼ ਕੀਤਾ ਹੈ।

14. ਸਤਿੰਦਰ ਕੌਰ, 'ਇੰਦਰ ਸਿੰਘ ਖਾਮੋਸ਼ ਦੇ ਨਾਵਲਾਂ ਦਾ ਬਿਰਤਾਂਤ-ਸ਼ਾਸਤਰੀ ਅਧਿਐਨ', ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009

- 'ਇੰਦਰ ਸਿੰਘ ਖਾਮੋਸ਼ ਦੇ ਨਾਵਲਾਂ ਦਾ ਬਿਰਤਾਂਤ-ਸ਼ਾਸਤਰੀ ਅਧਿਐਨ' ਇਸ ਵਿਸ਼ੇ ਤੇ ਸਤਿੰਦਰ ਕੌਰ ਨੇ ਡਾ. ਗੁਰਦੇਵ ਸਿੰਘ ਚੰਦੀ ਦੀ ਨਿਗਰਾਨੀ ਹੇਠ ਪੰਜਾਬੀ ਦੀ ਡਿਗਰੀ ਲਈ 2009 ਵਿਚ ਪੰਜਾਬੀ ਯੂਨੀਵਰਸਿਟੀ ਵਿਚ ਪੂਰਾ ਕੀਤਾ। ਇਸ ਥੀਸਿਸ ਵਿਚ ਸਤਿੰਦਰ ਕੌਰ ਨੇ ਚਾਰ ਅਧਿਆਇ ਬਣਾਇਆ ਹਨ। ਇਸ ਥੀਸਿਸ ਵਿਚ ਸਤਿੰਦਰ ਕੌਰ ਨੇ ਬਿਰਤਾਂਤ ਸ਼ਾਸਤਰੀ ਅਧਿਐਨ ਤੇ ਸਿਧਾਂਤਕ ਪਰਿਪੇਖ, ਇੰਦਰ ਸਿੰਘ ਖਾਮੋਸ਼ ਦਾ ਗਲਪ ਜਗਤ, ਇੰਦਰ ਸਿੰਘ ਖਾਮੋਸ਼ ਦੇ ਨਾਵਲਾਂ ਦਾ ਬਿਰਤਾਂਤ ਸ਼ਾਸਤਰੀ ਅਧਿਐਨ ਨੂੰ ਪੇਸ਼ ਕੀਤਾ ਹੈ।

## ਉਦੇਸ਼ :-

ਹਰ ਕੰਮ ਪਿੱਛੇ ਕੋਈ ਨਾ ਕੋਈ ਉਦੇਸ਼ ਜ਼ਰੂਰ ਹੁੰਦਾ ਹੈ। ਉਦੇਸ਼ ਤੋਂ ਬਿਨਾਂ ਕੋਈ ਵੀ ਕੰਮ ਸੁਚਾਰੂ ਰੂਪ ਵਿੱਚ ਨੇਪਰੇ ਨਹੀਂ ਚੜ੍ਹ ਸਕਦਾ। ਇਸੇ ਲਈ ਹਥਲੇ ਖੋਜ ਕਾਰਜ ਪਿੱਛੇ ਵੀ ਕੁਝ ਉਦੇਸ਼ ਕਾਰਜਸ਼ੀਲ ਹਨ, ਜਿੰਨ੍ਹਾਂ ਦਾ ਸੰਖੇਪ ਵਿੱਚ ਵੇਰਵਾ ਹੇਠ ਲਿਖੇ ਅਨੁਸਾਰ ਕੀਤਾ ਗਿਆ ਹੈ।

1. ਨਾਵਲ ਸਾਹਿਤ ਰੂਪ ਵਿੱਚ ਬਿਰਤਾਂਤ ਸ਼ਾਸਤਰ ਦੇ ਮਹੱਤਵ ਅਤੇ ਉਪਯੋਗ ਬਾਰੇ ਜਾਣਕਾਰੀ ਪ੍ਰਾਪਤ ਕਰਨੀ।
2. ਬਲਦੇਵ ਸਿੰਘ ਦੇ ਨਾਵਲਾਂ ਵਿਚਲੇ ਬਿਰਤਾਂਤ ਸ਼ਾਸਤਰੀ ਮਾਡਲਾਂ ਦੀ ਤਲਾਸ਼ ਕਰਨੀ।
3. ਵਰਤੇ ਗਏ ਬਿਰਤਾਂਤ ਸ਼ਾਸਤਰੀ ਮਾਡਲਾਂ ਦੀ ਬਿਰਤਾਂਤਕ ਸਾਹਿਤ ਵਿੱਚ ਮਹੱਤਵ ਉਜਾਗਰ ਕਰਨੀ।

## ਖੋਜ ਵਿਧੀ :-

ਉਪਰੋਕਤ ਖੋਜ ਕਾਰਜ ਲਈ ਬਿਰਤਾਂਤ ਸ਼ਾਸਤਰੀ ਪਰਿਪੇਖ ਵਿਚ ਵਿਹਾਰਕ ਅਧਿਐਨ ਕੀਤਾ ਜਾਵੇਗਾ। ਜਿਸ ਵਿਚ ਤਰਕਵਾਦੀ ਵਿਧੀ ਦੀ ਵੀ ਮਦਦ ਲਈ ਜਾਵੇਗੀ।

ਵਿਹਾਰਕ ਅਧਿਐਨ:-

ਵਿਹਾਰਕ ਸਮੀਖਿਆ ਵਿਚ ਸਹੀ ਪੜ੍ਹਣ-ਵਿਧੀ ਤੇ ਪੜ੍ਹਣ-ਕਿਰਿਆ ਦੀ ਬਹੁਤ ਮਹਾਨਤਾ ਹੈ। ਪਾਠਕ/ਆਲੋਚਕ ਲਈ ਸਹੀ ਪਾਠ-ਕਾਰਜ ਬਹੁਤ ਜ਼ਰੂਰੀ ਹੈ। ਵਿਹਾਰਕ ਸਮੀਖਿਆ ਦਾ ਕੰਮ ਸਾਹਿਤ ਦੀ ਜੀਵੰਤ ਤੇ ਪ੍ਰਾਣਵੰਤ ਹੋਂਦ ਨੂੰ ਪਛਾਨਣਾ ਹੈ ਇਸਦੇ ਨੇਮਾਂ ਤੇ ਰਚਨਾਤਮਕ ਵਿਸ਼ੇਸ਼ ਹੋਂਦ ਹੈ ਅਤੇ ਹਰ ਆਲੋਚਕ ਆਪਣੇ ਆਪ ਵਿਚ ਵਿਲੱਖਣ ਹੁੰਦਾ ਹੈ। ਇਸਲਈ ਵਿਹਾਰਕ ਸਮੀਖਿਆ ਦਾ ਕਾਰਜ ਆਸਾਨ ਨਹੀਂ ਹੈ।

ਤਰਕਵਾਦੀ ਵਿਧੀ:-

ਤਰਕਵਾਦੀ ਵਿਧੀ ਤਰਕ ਵਿਤਰਕ ਦੇ ਆਸਰੇ ਚਲਦੀ ਹੈ। ਇੱਕ ਜਾਂ ਵੱਧ ਕਥਨਾਂ ਤੋਂ ਹੋਰਨਾਂ ਕਥਨਾਂ ਜਾਂ ਸਿੱਟਿਆਂ ਤੇ ਅਪੜਨਾ ਤਰਕਵਾਦ ਹੈ। ਗਿਆਨ-ਚੀਨਣ ਦਾ ਇਹ ਢੰਗ ਅੱਗੋਂ ਦੋ ਵਿਧੀਆਂ ਵਿਚ ਵਟ ਜਾਦਾਂ ਹੈ:- ਨਿਗਮਨਾਤਨਕ ਅਤੇ ਆਗਮਨਾਤਮਕ। ਦੋਵੇਂ ਤਰਕਸ਼ਾਸਤਰ ਦੇ ਮੱਹਤਵਪੂਰਨ ਅੰਗ ਹਨ।

➢ ਨਿਗਮਨਾਤਮਕ ਵਿਧੀ:-

ਪ੍ਰਾਧਿਕਾਰਵਾਦ ਤੇ ਫੁਰਨਾਵਾਦ ਵਿਰੁੱਧ ਸੰਦੇਹਵਾਦ ਦੇ ਵਿਦ੍ਰੋਹ ਨੇ ਮਨੁੱਖੀ ਪ੍ਰਗਤੀ ਦੇ ਕਿਸੇ ਪੜਾਅ ਉਤੇ ਤਰਕਸ਼ਾਸਤਰ ਨੂੰ ਜਨਮ ਦਿੱਤਾ। ਇਸ ਦੀ ਨੀਂਹ ਵਿਚ ਮਨੁੱਖ ਦੀ ਤਾਰਕਿਕ ਢੰਗ ਨਾਲ ਸੋਚਣ ਦੀ ਚੇਸ਼ਠਾ ਕੰਮ ਕਰਦੀ ਕਹੀ ਜਾਂ ਸਕਦੀ ਹੈ। ਤਰਕਸ਼ਾਸਤਰ ਉਦੋਂ ਵਜਦ ਵਿਚ ਆਇਆ ਜਦੋਂ ਮਨੁੱਖ ਨੇ ਪ੍ਰਣਾਲੀਬਧ ਢੰਗ ਨਾਲ ਸੋਚਣਾ ਸ਼ੁਰੂ ਕੀਤਾ। ਇਹ ਢੰਗ ਤਰਕ ਵਿਤਰਕ ਦਾ ਸੀ। ਕੋਈ ਗੱਲ ਸਵੀਕਾਰ ਨਹੀਂ ਕੀਤੀ ਜਾਂਦੀ ਸੀ ਜਦੋਂ ਤਕ ਕਿ ਉਹ ਕਾਰਣ-ਕਾਰਜ ਦੀ ਸੰਗਾਲੀ ਵਿਚ ਬਝ ਕੇ ਸਥਾਪਤ ਨ ਕੀਤੀ ਜਾ ਸਕੇ। ਪੱਛਮ ਵਿਚ ਤਰਕ ਸ਼ਾਸਤਰ ਦੀ ਵਿਧੀਵਤ ਵਰਤੋਂ ਯੂਨਾਨੀ ਚਿੰਤਕਾਂ ਦੇ ਹੱਥੋਂ ਕੀਤੀ ਗਈ। ਉਹ ਮੁਖ ਰੂਪ ਵਿਚ ਤਰਕ ਸ਼ਾਸਤਰ ਦੀ ਨਿਗਮਨਾਤਮਕ ਵਿਧੀ ਦੇ ਪ੍ਰਵਕਤਾ ਸਨ। ਨਿਗਮਨਾਤਮਕ ਵਿਧੀ ਵਿਚ ਵਿਆਪਕ ਜਾਂ ਸਰਬਸਾਧਾਰਨ ਸਥਿਤੀ ਤੋਂ ਵਿਸ਼ੇਸ਼ ਸਥਿਤੀ ਤੇ ਪਹੁੰਚਣ ਦਾ ਵਿਧਾਨ ਹੈ।'ਸਾਰੇ ਮਨੁੱਖ ਨਾਸ਼ਮਾਨ ਹਨ: ਸ਼ੰਕਰ ਮਨੁੱਖ ਹੈ, ਇਸਲਈ 'ਸ਼ੰਕਰ ਵੀ ਨਾਸ਼ਮਾਨ ਹੈ' ਇਸ ਤਰ੍ਹਾਂ ਦਾ ਸੋਚਣ-ਢੰਗ ਵਿਆਪਕ ਸਥਿਤੀ (ਮਨੁੱਖ ਦੀ ਨਾਸ਼ਮਾਨਤਾ) ਤੋਂ ਵਿਸ਼ੇਸ਼ ਸਥਿਤੀ (ਸ਼ੰਕਰ ਦੀ ਨਾਸ਼ਮਾਨਤਾ) ਉੱਤੇ ਪਹੁੰਚਣਾ, ਨਿਗਮਨਾਤਮਕ ਵਿਧੀ ਦਾ ਖ਼ਾਸਾ ਹੈ। ਤਰਕ ਦੀ ਇਹ ਵਿਧੀ ਪ੍ਰਾਚੀਨ ਯੂਨਾਨੀ ਚਿੰਤਕਾਂ ਵਿਚ ਬੜੀ ਪ੍ਰਸਿਧ ਸੀ। ਇਸ ਨੂੰ ਅਜੋਕੀ ਭਾਸ਼ਾ ਵਿਚ ਹੇਤੁਵਾਦੀ ਜਾਂ ਤਰਕਵਾਦੀ ਪਧੱਤੀ ਕਿਹਾ ਜਾਂਦਾ ਹੈ ਕਿਉਂ ਜੋ ਇਸ ਦਾ ਆਧਾਰ ਯੁਕਤੀਵਾਦ ਸੀ। ਯੁਕਤੀਵਾਦ ਦਾ ਪ੍ਰਕਾਰਜ ਮੰਨੀਆਂ ਪ੍ਰਮੁੰਨੀਆਂ ਸਥਾਪਨਾਵਾਂ ਜਾਂ ਆਧਾਰ-ਵਾਕਾਂ ਤੋਂ ਤਰਕ ਵਿਤਰਕ ਨਾਲ ਨਵੇਂ ਸਿੱਟੇ ਕਢਣਾ ਸੀ। ਸਪੱਸ਼ਟ ਹੈ ਕਿ ਨਵੇਂ ਸਿੱਟੇ ਤਾਂ ਹੀ ਠੀਕ ਹੋਣਗੇ ਜੇ ਆਧਾਰਵਾਕ ਠੀਕ ਹਨ, ਜੋ ਆਧਾਰਵਾਕ ਹੀ ਗਲਤ ਹਨ ਤਾਂ ਸਿੱਟੇ ਵੀ ਗਲਤ ਹੋਣਗੇ। ਇਸ ਵਿਧੀ ਵਿਚ ਆਧਾਰ-ਵਾਕ ਕਸੱਵਟੀ ਦਾ ਕੰਮ ਕਰਦੇ ਹਨ।

➢ ਆਗਮਨਾਤਮਕ ਵਿਧੀ:-

ਤਰਕ ਸ਼ਾਸਤਰ ਦੀ ਦੂਜੀ ਪਧੱਤੀ ਆਗਮਨਾਤਮਕ ਹੈ। ਇਸ ਵਿਚ ਵਿਸ਼ੇਸ਼ ਸਥਿਤੀ ਤੋਂ ਵਿਆਪਕ ਅਤੇ ਸਰਬਸਾਧਾਰਨ ਸਥਿਤੀ ਵਲ ਪਹੁੰਚਣ ਦਾ ਵਿਧਾਨ ਹੈ। ਜੇ ਇਸ ਦੀ ਚਿੰਤਨ-ਵਿਧੀ ਨੂੰ ਸਮਝਾਣਾ ਹੋਵੇ, ਤਾਂ ਅਸੀਂ ਉਪਰਲੇ ਉਦਾਹਰਨ ਨੂੰ ਉਲਟਾ ਕੇ ਇਸ ਤਰ੍ਹਾਂ ਪੇਸ਼ ਕਰ ਸਕਦੇ ਹਾਂ: 'ਸ਼ੰਕਰ ਨਾਸ਼ਮਾਨ ਹੈ', 'ਸ਼ੰਕਰ ਮਨੁੱਖ ਹੈ' 'ਮਨੁੱਖ ਨਾਸ਼ਮਾਨ ਹੈ'। ਵਿਹਾਰ ਵਿਚ ਵਿਆਪਕ ਜਾਂ ਸਰਬਸਾਧਾਰਨ ਸਥਿਤੀ ਉੱਤੇ ਪਹੁੰਚਣ ਲਈ ਇਕ ਨਹੀਂ, ਬਹੁਤ ਸਾਰੇ ਉਦਾਹਰਨ, ਵਿਸ਼ੇਸ਼ ਸਥਿਤੀ ਦੇ ਲੈਣੇ ਹੋਣਗੇ ਨਹੀਂ ਤਾਂ ਨਤੀਜਾ ਠੀਕ ਨਹੀਂ ਨਿਕਲੇਗਾਂ। ਉਸ ਦੀ ਸੰਦਿਗ੍ਧਤਾ ਦਾ ਭਰਮ ਜ਼ਰੂਰ ਬਣਿਆ ਰਹੇਗਾ। ਇਸ ਪਧੱਤੀ ਵਿਚ ਆਧਾਰ-ਵਾਕ ਕਸਵੱਟੀ ਦਾ ਨਹੀਂ, ਗਵਾਹੀ ਦਾ ਕੰਮ ਕਰਦੇ ਹਨ ਤੇ ਏਂਦ੍ਰਿਕ ਪ੍ਰਤੱਖਣ ਦਾ ਰੋਲ ਮਹੱਤਵਪੂਰਨ ਹੁੰਦਾ ਹੈ।

## ਸੰਭਾਵਿਤ ਨਤੀਜੇ:-

1. ਨਾਵਲ ਵਿੱਚ ਬਿਰਤਾਂਤ ਸ਼ਾਸਤਰ ਦੇ ਮਹੱਤਵ ਅਤੇ ਉਸਦੀ ਵਰਤੋਂ ਬਾਰੇ ਜਾਣਕਾਰੀ ਪ੍ਰਾਪਤ ਹੋਵੇਗੀ।
2. ਬਲਦੇਵ ਸਿੰਘ ਦੇ ਬਿਰਤਾਂਤਕ ਮਾਡਲਾਂ ਦੀ ਜਾਣਕਾਰੀ ਪ੍ਰਾਪਤ ਹੋਵੇਗੀ।
3. ਵਰਤੇ ਗਏ ਬਿਰਤਾਂਤਕ ਮਾਡਲਾਂ ਦੀ ਸਾਰਥਿਕਤਾ ਉਜਾਗਰ ਹੋਵੇਗੀ।

## ਹਵਾਲੇ ਅਤੇ ਟਿੱਪਣੀਆਂ:-

1. ਪਿਆਰ ਸਿੰਘ, ਪੰਜਾਬੀ ਗਲਪ: ਸਿਧਾਂਤ ਅਤੇ ਇਹਿਤਾਸ ਤੇ ਪ੍ਰਵਿਰਤੀਆਂ, ਪੰਨਾ-38
2. ਪਿਆਰ ਸਿੰਘ, ਪੰਜਾਬੀ ਗਲਪ: ਸਿਧਾਂਤ ਅਤੇ ਇਹਿਤਾਸ ਤੇ ਪ੍ਰਵਿਰਤੀਆਂ, ਪੰਨਾ-39
3. ਜੋਗਿੰਦਰ ਸਿੰਘ,ਰਾਹੀ, ਪੰਜਾਬੀ ਨਾਵਲ: ਵਿਧੀ ਤੇ ਵਿਚਾਰ, ਪੰਨਾ-23
4. ਪਿਆਰਾ ਸਿੰਘ, ਪੰਜਾਬੀ ਗਲਪ ਸਿਧਾਂਤ ਇਤਿਹਾਸ ਤੇ ਪ੍ਰਵਿਰਤੀਆਂ, ਪੰਨਾ-39
5. ਉਹੀ, ਪੰਨਾ -39
6. ਸੁਰਿੰਦਰ ਸਿੰਘ, ਪੰਜਾਬੀ ਇਤਿਹਾਸਕ ਨਾਵਲ, ਪੰਨਾ-9
7. ਟੀ. ਆਰ. ਵਿਨੋਦ ਵਲੋਂ ਉਧਰਿਤ, ਪੰਜ ਨਾਵਲ: ਇਕ ਮੁਲਾਂਕਣ, ਪੰਨਾ-10-11
8. ਪਿਆਰਾ ਸਿੰਘ, ਪੰਜਾਬੀ ਗਲਪ: ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ, ਪੰਨਾ-40
9. ਪਿਆਰਾ ਸਿੰਘ, ਪੰਜਾਬੀ ਗਲਪ ਸਿਧਾਂਤ ਇਤਿਹਾਸ ਤੇ ਪ੍ਰਵਿਰਤੀਆਂ, ਪੰਨਾ-41
10. ਜੋਗਿੰਦਰ ਸਿੰਘ, ਰਾਹੀ, ਪੰਜਾਬੀ ਨਾਵਲ: ਵਿਧੀ ਤੇ ਵਿਚਾਰ, ਪੰਨਾ ਨੰ-34
11. ਸਵਿੰਦਰ ਸਿੰਘ, ਉੱਪਲ, ਪੰਜਾਬੀ ਨਾਵਲ ਵਿਧੀ ਤੇ ਵਿਚਾਰ, ਪੰਨਾ-30
12. ਜੋਗਿੰਦਰ ਸਿੰਘ, ਰਾਹੀ, ਪੰਜਾਬੀ ਨਾਵਲ, ਪੰਨਾ-14
13. ਧਨਵੰਤ ਕੌਰ, ਆਧੁਨਿਕ ਪੰਜਾਬੀ ਕਹਾਣੀ: ਬਿਰਤਾਂਤ ਸ਼ਾਸਤਰੀ ਅਧਿਐਨ, ਪੰਨਾ ਨੰ-13
14. ਉਧਰਿਤ, ਗੁਰਜੀਤ ਕੌਰ, ਬਿਤਰਾਂਤ, ਵਿਚਾਰਧਾਰਾ ਤੇ ਪੰਜਾਬੀ ਕਹਾਣੀ, Gerarld Prince, Narratology: The Form and Functioning of Narrative, p-16
15. ਉਧਰਿਤ, ਗੁਰਜੀਤ ਕੌਰ, ਬਿਤਰਾਂਤ, ਵਿਚਾਰਧਾਰਾ ਤੇ ਪੰਜਾਬੀ ਕਹਾਣੀ, Rimmon Kenen, Shlomith, Narrative Fiction: Contemporary Poetics, p-7
16. ਉਧਰਿਤ, ਗੁਰਜੀਤ ਕੌਰ, ਬਿਤਰਾਂਤ, ਵਿਚਾਰਧਾਰਾ ਤੇ ਪੰਜਾਬੀ ਕਹਾਣੀ, Valadimir Prop, Morphology of Folk Tale, p-14
17. ਉਧਰਿਤ, ਗੁਰਜੀਤ ਕੌਰ, ਬਿਤਰਾਂਤ, ਵਿਚਾਰਧਾਰਾ ਤੇ ਪੰਜਾਬੀ ਕਹਾਣੀ, Valadimir Prop, Morphology of Folk Tale, p-79-80

18. ਉਧਰਿਤ, ਗੁਰਜੀਤ ਕੌਰ, ਬਿਤਰਾਂਤ, ਵਿਚਾਰਧਾਰਾ ਤੇ ਪੰਜਾਬੀ ਕਹਾਣੀ, Rimmor Kenen, Shlomith, Narrative Fiction: Contemporary poetics, p-20
19. ਉਧਰਿਤ, ਗੁਰਜੀਤ ਕੌਰ, ਬਿਤਰਾਂਤ, ਵਿਚਾਰਧਾਰਾ ਤੇ ਪੰਜਾਬੀ ਕਹਾਣੀ, Rimmor Kenen, Shlomith, Narrative Fiction: Contemporary poetics, p-25

# ਅਧਿਆਇ-ਦੂਜਾ

# ਨਾਵਲ ਅਤੇ ਬਿਰਤਾਂਤ ਸ਼ਾਸਤਰ

## ਨਾਵਲ ਦਾ ਇਤਿਹਾਸ :-

ਨਾਵਲ ਇੱਕ ਲੰਮੀ ਕਹਾਣੀ ਹੈ ਅਤੇ ਅਜਿਹੀਆਂ ਕਹਾਣੀਆਂ ਸਾਡੇ ਪਹਿਲੇ ਸਾਹਿਤ ਵਿੱਚ ਵੀ ਮਿਲਦੀਆਂ ਸਨ। ਰਮਾਇਣ ਤੇ ਮਹਾਂਭਾਰਤ ਜਿਹੇ ਮਹਾਂ-ਕਾਵਿ ਦੀਆਂ ਸੈਚੀਆਂ ਵਿੱਚ ਜੀਵਨ ਦੀਆਂ ਕਹਾਣੀਆਂ ਪੂਰੇ ਵਿਸਥਾਰ ਨਾਲ ਬਿਆਨੀਆ ਗਈਆ ਹਨ ਉਹ ਪ੍ਰੰਤੂ ਗੱਦ ਨਹੀਂ, ਸਗੋਂ ਪਦ ਵਿੱਚ ਹਨ ਅਤੇ ਅਜਿਹਾ ਹੋਣ ਕਰਕੇ ਅਸੀਂ ਉਨ੍ਹਾਂ ਨੂੰ ਮਹਾਂ-ਕਾਵਿ ਹੀ ਮੰਨਦੇ ਹਾਂ, ਇਸ ਤਰ੍ਹਾਂ ਨਾਲ ਹੋਰ ਵੀ ਕਿੱਸੇ ਅਤੇ ਕਥਾਵਾਂ ਆਦਿ ਸਾਡੇ ਕਾਵਿ ਸਾਹਿਤ ਵਿੱਚ ਢੇਰ ਪੁਰਾਣੇ ਸਮੇਂ ਤੋਂ ਮਿਲਦੇ ਹਨ ਪਰ ਤਕਨੀਕੀ ਸ਼ਬਦਾਂ ਵਿੱਚ ਅਸੀਂ ਉਨ੍ਹਾਂ ਨੂੰ ਇੱਕ ਪ੍ਰਮਾਣਿਕ ਨਾਵਲ ਦਰਸਾ ਨਹੀਂ ਦੇ ਸਕਦੇ। ਨਾਵਲ ਨੂੰ ਮਹਾਂਕਾਵਿ ਦਾ ਉਤਰਾਧਿਕਾਰੀ ਤਾਂ ਕਿਹਾ ਹੀ ਜਾਂਦਾ ਹੈ ਨਾਲ ਹੀ ਇਸਨੂੰ ਆਧੁਨਿਕ ਸਾਹਿਤ ਦਾ ਇੱਕ ਪ੍ਰਤੀਨਿਧ ਰੂਪ ਵੀ ਮੰਨਿਆ ਜਾਂਦਾ ਹੈ। ਪੱਛਮ ਵਿੱਚ ਵੀ ਨਾਵਲ ਪਿਛਲੀਆਂ ਕੁਝ ਸਦੀਆਂ ਤੋਂ ਹੀ ਪ੍ਰਚਲਿਤ ਹੋਇਆ ਹੈ। ਸਰਵਾਨਤੀਸ ਦੇ ਨਾਵਲ 'ਡਾਨ ਕਵਿਗਜ਼ੋਟ' ਨੂੰ ਯੂਰਪ ਦਾ ਪਹਿਲਾ ਨਾਵਲ ਮੰਨਿਆ ਜਾਂਦਾ ਹੈ,[1] ਜਿਸਦੀ ਰਚਨਾ 1605 ਵਿੱਚ ਹੋਈ ਸੀ। ਸਰਵਾਨਤੀਸ, ਸ਼ੇਕਸਪੀਅਰ ਦਾ ਸਮਕਾਲੀ ਸੀ ਪਰ ਦੁਨੀਆਂ ਦਾ ਪਹਿਲਾ ਨਾਵਲ ਸੀ, 'ਗੇਂਜੀ ਦੀ ਕਹਾਣੀ' ਜੋ ਜਪਾਨ ਦੀ ਲੇਖਕਾ ਮੁਰਾਸਕੀ ਸ਼ਿਕਾਬੂ ਨੇ ਗਿਆਰਵੀਂ ਸਦੀ ਵਿੱਚ ਲਿਖਿਆ ਸੀ।[2] 17ਵੀਂ ਸਦੀ ਵਿੱਚ ਜੇਲ੍ਹ ਵਿੱਚ ਸਜ਼ਾ ਭੁਗਤ ਰਹੇ ਜੌਨ ਬਨਿਯਨ ਨੇ 'ਦ ਪਿਲਗਰਿਮ'ਸ ਪਰੌਗਰੈਸ' ਦੀ ਰਚਨਾ ਕੀਤੀ ਜੋ ਧਾਰਮਕ ਪੁਸਤਕ ਹੁੰਦਿਆਂ ਹੋਇਆਂ ਵੀ ਨਾਵਲ ਵਿਧਾ ਦਾ ਬੇਹਤਰੀਨ ਨਮੂਨਾ ਬਣੀ। ਇਹ ਨਾਵਲ ਬਾਈਬਲ ਵਾਂਗ ਅੰਗਰੇਜ਼ਾਂ ਦੇ ਖ਼ੂਨ ਵਿੱਚ ਰਚ ਚੁੱਕਾ ਹੈ। ਇਸ ਸਦੀ ਦੀ ਦੂਜੀ ਮਹਾਨ ਰਚਨਾ ਡੇਨਿਯਨ ਡੈਫੋ ਦੀ ਪੁਸਤਕ 'ਰੌਬਿਨਸਨ ਕਰੂਸੋ (1719) ਸੀ।[3] ਇੰਗਲੈਂਡ ਵਿੱਚ ਸੈਮਯੁਲ ਰਿਚਰਡਸਨ ਦਾ ਨਾਵਲ 'ਪਾਮੇਲਾ'(1741) ਜੋ ਖਤਾਂ ਦੀ ਸ਼ੈਲੀ ਵਿੱਚ ਲਿਖਿਆ ਗਿਆ ਸੀ, ਛਪਦਿਆਂ ਹੀ ਬਹੁਤ ਪ੍ਰਸਿੱਧ ਹੋਇਆ। ਇਹ ਨਾਵਲ 18ਵੀਂ ਸਦੀ ਦੇ ਸਮਾਜ ਅਤੇ ਘਰੇਲੂ ਜ਼ਿੰਦਗੀ ਦੀ ਯਥਾਰਥਕ ਤਸਵੀਰ ਪੇਸ਼ ਕਰਦਾ ਹੈ। ਹੈਨਰੀ ਫਲਿਡਿੰਗ ਇਸ ਸਦੀ ਦਾ ਸਭ ਤੋਂ ਮਹੱਤਵਪੂਰਨ ਨਾਵਲਕਾਰ ਸੀ, ਜਿਸਨੇ ਆਪਣੇ ਪ੍ਰਸਿੱਧ ਨਾਵਲ 'ਜੋਸੇਫ਼ ਐਂਡ ਰਿਊਜ਼' ਅਤੇ 'ਟੌਮ ਜੋਨਜ਼' ਵਿੱਚ ਯਥਾਰਥਵਾਦੀ ਚਿਤਰਨਾ ਕਰਕੇ ਅੰਗਰੇਜ਼ੀ ਨਾਵਲ ਨੂੰ ਨਵਾਂ ਮੁਹਾਵਰਾ ਪ੍ਰਦਾਨ ਕੀਤਾ।[4] 19ਵੀਂ ਸਦੀ ਵਿੱਚ ਅਮਰੀਕਾ ਨੇ ਤਿੰਨ ਅਜਿਹੇ ਵੱਡੇ ਨਾਵਲਕਾਰ ਪੈਦਾ ਕੀਤੇ ਜਿਨ੍ਹਾਂ ਨੇ ਨਾਵਲ ਦੇ ਪਸਾਰ ਅਤੇ ਪ੍ਰਚਾਰ ਵਿੱਚ ਅਹਿਮ ਭੂਮਿਕਾ ਨਿਭਾਈ। ਨੈਥੇਨਿਯਲ ਹਾਥਾਰਨ (1804-1864) ਦਾ ਬੇਮਿਸਾਲ ਨਾਵਲ 'ਸਕਾਰਲੈਟ ਲੈਟਰ' ਅੱਜ ਵੀ ਸਭ ਤੋਂ ਵਿਕਣ ਵਾਲੇ ਨਾਵਲਾਂ ਵਿੱਚ ਗਿਣਿਆ ਜਾਂਦਾ ਹੈ। ਮਾਰਕ ਟਵੇਨ (1835-1901) ਤਾਂ ਅਮਰੀਕਾ ਦਾ ਰਾਸ਼ਟਰੀ ਲੇਖਕ ਹੈ ਜਿਸਦੀ ਪਾਠਕ ਪੂਜਾ ਕਰਦੇ ਹਨ। ਉਸਦਾ ਨਾਵਲ 'ਟੌਮ ਸਵਾਇਰ' ਜੋ 1860 ਵਿੱਚ ਛਪਿਆ ਸੀ, ਨੇ ਹਰ ਵਰਗ ਅਤੇ ਹਰ ਉਮਰ ਦੇ ਪਾਠਕਾਂ ਵਿੱਚ ਬੇਹਦ ਮਕਬੂਲੀਅਤ ਹਾਸਿਲ ਕੀਤੀ। ਹੈਰਅਿਟ ਸਟੋ ਦਾ ਕਲਾਸਿਕ ਨਾਵਲ 'ਅੰਕਲ ਟੌਮ'ਸ ਕੈਬਿਨ' ਜੋ 1852 ਵਿੱਚ ਛਪਿਆ ਸੀ ਨੇ ਆਪਣੇ ਨਾਵਲ ਵਿੱਚ ਦੱਖਣੀ ਅਮਰੀਕਾ ਦੇ

ਗ਼ੁਲਾਮਾਂ ਦੀ ਦਰਦਨਾਕ ਕਹਾਣੀ ਬੜੇ ਹੀ ਜਜ਼ਬਾਤੀ ਢੰਗ ਨਾਲ ਪੇਸ਼ ਕੀਤੀ। ਇੰਗਲੈਂਡ ਦੀਆਂ ਤਿੰਨ ਅਜਿਹੀਆਂ ਲੇਖਕਾਵਾਂ ਦਾ ਜ਼ਿਕਰ ਕਰਨਾ ਹੈ, ਜਿਨ੍ਹਾਂ ਨੇ ਬੇਮਿਸਾਲ ਨਾਵਲਾਂ ਦੀ ਰਚਨਾ ਕਰਕੇ ਨਵੇਂ ਮੀਲ ਪੱਥਰ ਸਥਾਪਤ ਕੀਤੇ। ਸ਼ਾਰਲਟ ਬਰੌਂਟੇ ਦਾ ਨਾਵਲ 'ਜੇਨ ਆਇਰ' ਅਤੇ ਉਸਦੀ ਛੋਟੀ ਭੈਣ ਇਮਾਇਲ ਬਰੌਂਟੇ ਦਾ ਇਕੋ ਇਕ ਨਾਵਲ 'ਵੁਦਰਿੰਗ ਹਾਇਟਸ' ਅਤੇ ਜਾਰਜ ਇਲਿਯਟ ਦਾ ਨਾਵਲ 'ਮਿਲ ਆਨ ਦਾ ਫਲੌਸ' ਅਜਿਹੀਆਂ ਸਦੀਵੀ ਰਚਨਾਵਾਂ ਹਨ ਜਿਨ੍ਹਾਂ ਨੂੰ ਪਾਠਕ ਅੱਜ ਵੀ ਬੜੇ ਪਿਆਰ ਅਤੇ ਸਤਿਕਾਰ ਨਾਲ ਪੜ੍ਹਦੇ ਹਨ।'ਵੁਦਰਿੰਗ ਹਾਇਟਸ' ਨਾਵਲ ਨੂੰ ਤਾਂ ਨਾਵਲ ਜਗਤ ਦੇ ਪ੍ਰਸਿੱਧ ਆਲੋਚਕ ਵਾਲਟਰ ਐਲਨ ਨੇ 'ਪਰਫੈਕਟ' ਨਾਵਲ ਹੋਣ ਦਾ ਦਰਜਾ ਪ੍ਰਦਾਨ ਕੀਤਾ ਹੈ।[5]

ਪੰਜਾਬੀ ਨਾਵਲ ਦਾ ਜਨਮ ਪੱਛਮੀ ਪ੍ਰਭਾਵ ਦਾ ਫਲ ਹੈ। ਇਹ ਪ੍ਰਭਾਵ ਪੰਜਾਬੀ ਨਾਵਲ ਉੱਤੇ ਸਿੱਧਾ ਨਹੀਂ ਸਗੋਂ ਬੰਗਾਲੀ, ਉਰਦੂ ਅਤੇ ਹਿੰਦੀ ਰਾਹੀਂ ਪਿਆ ਹੈ। ਅਸਲ ਵਿੱਚ ਅੰਗ੍ਰੇਜ਼ੀ ਰਾਜ ਆਉਣ ਦੇ ਨਾਲ ਪੰਜਾਬ ਦੀ ਸੰਸਕ੍ਰਿਤੀ ਉਤੇ ਸਿੱਧੇ ਜਾਂ ਅਸਿੱਧੇ ਢੰਗ ਨਾਲ ਜੋ ਪ੍ਰਭਾਵ ਪਿਆ ਉਸਨੇ ਵੀ ਨਾਵਲ ਦੀ ਉਤਪੱਤੀ ਨੂੰ ਪੰਜਾਬੀ ਸਾਹਿਤ ਵਿੱਚ ਸੰਭਵ ਬਣਾਇਆ। ਪੰਜਾਬ ਦੀ ਇਤਿਹਾਸਕ ਸਥਿਤੀ ਵਿੱਚ ਸਦੀਆਂ ਤੋਂ ਚਲੀ ਆ ਰਹੀ ਜਾਗੀਰਦਾਰੀ ਪ੍ਰਥਾ ਅੰਗਰੇਜ਼ੀ ਸਾਮਰਾਜ ਦੇ ਪ੍ਰਭਾਵ ਅਧੀਨ ਪੂੰਜੀਵਾਦੀ ਪ੍ਰਥਾ ਵਿੱਚ ਬਦਲ ਗਈ। ਪੂੰਜੀਵਾਦੀ ਯੁੱਗ ਦੇ ਆਉਣ ਨਾਲ ਪਿੰਡਾਂ ਤੇ ਸ਼ਹਿਰਾਂ ਵਿੱਚ ਸਦੀਆਂ ਤੋਂ ਚਲੀ ਆ ਰਹੀ ਸਾਂਝੀ ਪਰਿਵਾਰਕ ਪ੍ਰਥਾ ਟੁੱਟ ਗਈ, ਸਕੂਲਾਂ ਅਤੇ ਕਾਲਜਾਂ ਵਿੱਚ ਲੱਗੇ ਪੱਛਮੀ ਕੋਰਸਾਂ ਵਿੱਚ ਪੱਛਮੀ ਸਾਹਿਤ ਰੂਪਾਂ ਦੀ ਪਛਾਣ ਹੋਣੀ ਸ਼ੁਰੂ ਹੋ ਗਈ। ਪੱਛਮੀ ਸਾਹਿਤ ਰੂਪਾਂ ਨੇ ਭਾਰਤੀ ਸਾਹਿਤ ਦੇ ਵਿਸ਼ੇ ਅਤੇ ਰੂਪਕ ਪੱਖੋਂ ਆਈ ਖੜੋਤ ਨੂੰ ਨਵੀਂ ਗਤੀ ਦੇ ਦਿੱਤੀ। ਅੰਗ੍ਰੇਜ਼ੀ ਵਿੱਦਿਆ ਦੇ ਗਿਆਨ ਥੱਲੇ ਪੜ੍ਹੀ-ਲਿਖੀ ਮੱਧ ਸ਼੍ਰੇਣੀ ਪੈਦਾ ਹੋ ਗਈ। ਅਜਿਹੀਆਂ ਇਤਿਹਾਸਕ, ਸਮਾਜਕ ਅਤੇ ਸਭਿਆਚਾਰਕ ਗਤਿਵਿਧੀਆਂ ਨੇ ਪੰਜਾਬੀ ਸਾਹਿਤ ਵਿੱਚ ਨਾਵਲ ਦੀ ਉਤਪਤੀ ਨੂੰ ਸੰਭਵ ਬਣਾਇਆ ਹੈ। ਨਾਵਲ ਦੇ ਪ੍ਰਚਲਿਤ ਹੋਣ ਵਿੱਚ ਛਾਪੇਖਾਨੇ ਦੀ ਕਾਢ ਦਾ ਵੱਡਾ ਯੋਗਦਾਨ ਰਿਹਾ ਹੈ। ਪੰਜਾਬ ਵਿੱਚ ਪਹਿਲਾ ਛਾਪਾਖਾਨਾ 1834 ਈ: ਵਿੱਚ ਲੁਧਿਆਣਾ ਵਿਖੇ ਸਥਾਪਤ ਹੋਇਆ। ਨਾਵਲ ਵਰਗੇ ਵਾਰਤਕ ਰੂਪ ਇਸ ਤੋਂ ਪਿੱਛੋਂ ਹੀ ਰਚੇ ਜਾਣੇ ਸ਼ੁਰੂ ਹੋਏ। ਪੰਜਾਬੀ ਭਾਸ਼ਾ ਵਿੱਚ ਛਪਿਆ ਪਹਿਲਾ ਨਾਵਲ ਜਾਨ ਬਨੀਅਨ ਦੀ ਰਚਨਾ 'ਪਿਲਗ੍ਰਿਮਜ਼ ਪ੍ਰਾਗ੍ਰੈੱਸ' ਦਾ ਅਨੁਵਾਦ 'ਯਿਸੂਈ ਮਨੁੱਖ ਦੀ ਯਾਤਰਾ' ਹੈ ਜੋ ਪਹਿਲੀ ਵਾਰ 1859 ਈ: ਵਿੱਚ ਪ੍ਰਕਾਸ਼ਿਤ ਹੋਇਆ। ਇਸ ਉਪਰੰਤ ਦੂਜਾ ਨਾਵਲ 'ਜਯੋਤਿਰੁਦਯ' 1882 ਈ: ਵਿੱਚ ਪ੍ਰਕਾਸ਼ਿਤ ਹੋਇਆ।[6] ਇਹ ਦੋਵੇਂ ਨਾਵਲ ਈਸਾਈ ਮਿਸ਼ਨਰੀਆਂ ਵਲੋਂ ਲੁਧਿਆਣਾ ਦੇ ਮਿਸ਼ਨ ਪ੍ਰੈੱਸ ਵਲੋਂ ਛਾਪੇ ਗਏ। ਇਨ੍ਹਾਂ ਨਾਵਲਾਂ ਦਾ ਮਨੋਰਥ ਪੰਜਾਬ ਵਿੱਚ ਈਸਾਈ ਮਤ ਦਾ ਪ੍ਰਚਾਰ ਕਰਨਾ ਅਤੇ ਇਹ ਦਰਸਾਉਣਾ ਸੀ ਕਿ ਪੱਛਮੀ ਜੀਵਨ-ਸ਼ੈਲੀ ਭਾਰਤੀ ਜੀਵਨ-ਸ਼ੈਲੀ ਨਾਲੋਂ ਬਹੁਤ ਸ੍ਰੇਸ਼ਠ ਅਤੇ ਕਲਿਆਣਕਾਰੀ ਹੈ। ਭਾਰਤ ਵਿੱਚ ਮੌਲਿਕ ਨਾਵਲ ਦੀ ਰਚਨਾ ਬਾਬੂ ਬੰਕਿਮ ਚੰਦਰ ਚੈਟਰਜੀ ਦੀ ਰਚਨਾ 'ਆਨੰਦ ਮਠ' (1881) ਨਾਲ ਸ਼ੁਰੂ ਹੋਈ।[7] ਇਸ ਤੋਂ ਪਿੱਛੋਂ ਭਾਰਤ ਦੇ ਬਹੁਤ ਸਾਰੇ ਲੇਖਕ ਇਸ ਵਿਧਾ ਵੱਲ ਆਕਰਸ਼ਤ ਹੋ ਗਏ ਜਿਨ੍ਹਾਂ ਵਿੱਚੋਂ ਮੁਨਸ਼ੀ ਪ੍ਰੇਮ ਚੰਦ ਅਤੇ ਸ਼ਰਦ ਚੰਦਰ ਚੈਟਰਜੀ ਆਦਿ ਦੇ ਨਾਂ ਵਰਨਣਯੋਗ ਹਨ।

ਪੰਜਾਬੀ ਨਾਵਲ ਦੇ ਅਰੰਭ ਬਾਰੇ ਅਤੇ ਮੋਢੀ ਨਾਵਲਕਾਰ ਬਾਰੇ ਵੱਖ-ਵੱਖ ਸਾਹਿਤ ਦੇ ਇਤਿਹਾਸ ਅਤੇ ਲੇਖਕਾਂ ਦੇ ਆਪਣੇ-ਆਪਣੇ ਵਿੱਚਾਰ ਹਨ। ਪ੍ਰੋ. ਕਿਰਪਾਲ ਸਿੰਘ ਕੇਸਲ ਦਾ ਮੱਤ ਹੈ ਕਿ-'ਪੰਜਾਬੀ ਦਾ ਸਭ ਤੋਂ ਪਹਿਲਾ ਨਾਵਲ ਡਾ. ਚਰਨ

ਸਿੰਘ ਦਾ 'ਜਗ ਮੜੋਲੀ' ਹੈ। ਇਸ ਮੱਤ ਅਨੁਸਾਰ ਮੋਢੀ ਨਾਵਲਕਾਰ ਡਾ. ਚਰਨ ਸਿੰਘ ਸਿੱਧ ਹੁੰਦਾ ਹੈ। ਈਸ਼ਰ ਸਿੰਘ ਤਾਂਘ ਪੰਜਾਬੀ ਦਾ ਪ੍ਰਥਮ ਨਾਵਲਕਾਰ ਭਾਈ ਵੀਰ ਸਿੰਘ ਨੂੰ ਅਤੇ ਪ੍ਰਥਮ ਨਾਵਲ 1898 ਈ: ਵਿੱਚ ਛਪੇ ਨਾਵਲ 'ਸੁੰਦਰੀ' ਨੂੰ ਮੰਨਦਾ ਹੈ। ਡਾ. ਸੁਰਿੰਦਰ ਸਿੰਘ ਦੁਸਾਂਝ ਨੇ ਆਪਣੀ ਪੁਸਤਕ 'ਪੰਜਾਬੀ ਇਤਿਹਾਸਕ ਨਾਵਲ' ਵਿੱਚ ਇਸ ਤੱਥ ਨੂੰ ਪੇਸ਼ ਕੀਤਾ ਹੈ ਕਿ ਭਾਈ ਵੀਰ ਸਿੰਘ ਪੰਜਾਬੀ ਦਾ ਪਹਿਲਾ ਮੌਲਿਕ ਨਾਵਲਕਾਰ ਹੈ ਅਤੇ 'ਸੁੰਦਰੀ' ਨੂੰ ਪੰਜਾਬੀ ਦਾ ਪ੍ਰਥਮ ਮੌਲਿਕ ਨਾਵਲ ਹੋਣ ਦਾ ਮਾਣ ਪ੍ਰਾਪਤ ਹੈ'।[8] ਉਪਰੋਕਤ ਵਿਦਵਾਨਾਂ ਤੋਂ ਇਲਾਵਾ ਪ੍ਰੋ. ਨਰਿੰਜਨ ਸਿੰਘ ਤਸਨੀਮ ਇਕ ਹੋਰ ਧਾਰਨਾ ਪੇਸ਼ ਕਰਦੇ ਹਨ। ਉਨ੍ਹਾਂ ਦਾ ਵਿਚਾਰ ਹੈ ਕਿ ਭਾਈ ਵੀਰ ਸਿੰਘ ਨੂੰ ਪੰਜਾਬੀ ਨਾਵਲ ਦਾ ਪਿਤਾਮਾ ਨਹੀਂ ਮੰਨਿਆ ਜਾ ਸਕਦਾ। ਆਪਣੀ ਪੁਸਤਕ 'ਪੰਜਾਬੀ ਨਾਵਲ ਦਾ ਆਲੋਚਨਾਤਮਕ ਅਧਿਐਨ' ਵਿੱਚ ਨਾਨਕ ਸਿੰਘ ਨੂੰ ਮੋਢੀ ਨਾਵਲਕਾਰ ਸਿੱਧ ਕਰਨ ਦਾ ਯਤਨ ਕਰਦੇ ਹਨ। ਆਪ ਦਾ ਵਿਚਾਰ ਹੈ ਕਿ ਪੰਜਾਬੀ ਨਾਵਲ ਦਾ ਇਤਿਹਾਸ ਭਾਵੇਂ ਭਾਈ ਵੀਰ ਸਿੰਘ ਨਾਲ ਸ਼ੁਰੂ ਹੁੰਦਾ ਹੈ ਪਰ ਪੰਜਾਬੀ ਨਾਵਲ ਦਾ ਮੋਢੀ ਨਾਨਕ ਸਿੰਘ ਹੀ ਹੈ। ਤਸਨੀਮ ਸਾਹਿਬ ਦੀ ਰਾਏ ਨੂੰ ਪੰਜਾਬੀ ਆਲੋਚਕਾਂ ਤੇ ਵਿਦਵਾਨਾਂ ਵਲੋਂ ਕੋਈ ਹੁੰਗਾਰਾ ਨਹੀਂ ਮਿਲਿਆ। ਪੰਜਾਬੀ ਵਿਦਵਾਨਾਂ ਦੀ ਬਹੁਗਿਣਤੀ ਭਾਈ ਵੀਰ ਸਿੰਘ ਰਚਿਤ ਨਾਵਲ 'ਸੁੰਦਰੀ' ਨੂੰ ਹੀ ਪੰਜਾਬੀ ਦਾ ਪਹਿਲਾ ਮੌਲਿਕ ਨਾਵਲ ਮੰਨਦੀ ਹੈ। ਇਸ ਤਰ੍ਹਾਂ ਭਾਈ ਵੀਰ ਸਿੰਘ ਜੀ ਸੁਤੇ-ਸਿੱਧ ਹੀ ਪੰਜਾਬੀ ਨਾਵਲ ਦੇ ਪਿਤਾਮਾ ਸਿੱਧ ਹੋ ਜਾਂਦੇ ਹਨ। ਇਸ 'ਸੁੰਦਰੀ' ਨਾਵਲ ਨੂੰ ਭਾਈ ਵੀਰ ਸਿੰਘ ਜੀ ਨੇ 1898 ਈ: ਵਿੱਚ ਪ੍ਰਕਾਸ਼ਤ ਕਰਕੇ ਪੰਜਾਬੀ ਦੇ ਮੌਲਿਕ ਨਾਵਲ ਦੀ ਨੀਂਹ ਰੱਖੀ। ਪੰਜਾਬੀ ਨਾਵਲ ਦਾ ਜਨਮ ਭਾਵੇਂ ਸਾਹਿਤਕ ਪੱਖ ਤੋਂ ਅਚਾਨਕ ਵਾਪਰੀ ਘਟਨਾ ਹੀ ਪ੍ਰਤੀਤ ਹੁੰਦਾ ਹੈ, ਪਰ ਉਪਰੋਕਤ ਕੀਤੀ ਵਿਚਾਰ ਤੋਂ ਸਪੱਸ਼ਟ ਹੈ ਕਿ ਸਮਾਜਕ ਪੱਖ ਤੋਂ ਪੱਛਮੀ ਪ੍ਰਭਾਵਾਂ ਸਦਕਾ ਪੰਜਾਬੀ ਨਾਵਲ ਦੇ ਪੈਦਾ ਹੋਣ ਲਈ ਭੋਂ ਤਿਆਰ ਹੋ ਚੁੱਕੀ ਸੀ। ਇਹੀ ਕਾਰਨ ਹੈ ਕਿ ਪੰਜਾਬੀ ਵਿੱਚ ਨਾਵਲ ਆਪਣੇ ਜਨਮ ਨਾਲ ਹੀ ਪ੍ਰੰਪਰਾ ਦਾ ਰੂਪ ਧਾਰਨ ਕਰ ਲੈਂਦਾ ਹੈ। ਪਹਿਲਾਂ ਪਹਿਲ ਧਰਮ ਸੁਧਾਰ ਦੀਆਂ ਲਹਿਰਾਂ ਨੇ ਇਸ ਨੂੰ ਆਪਣੇ ਪ੍ਰਚਾਰ ਲਈ ਵਾਹਣ ਬਣਾਇਆ। ਇਹੀ ਕਾਰਨ ਹੈ ਕਿ ਪੰਜਾਬੀ ਦੇ ਪਹਿਲੇ ਨਾਵਲ ਸੁੰਦਰੀ, ਬਿਜੈ ਸਿੰਘ, ਸਤਵੰਤ ਕੌਰ ਸੀਮਤ ਘੇਰੇ ਵਿੱਚ ਹੀ ਧਰਮ ਪ੍ਰਚਾਰ ਕਰਦੇ ਸਨ। ਇਸ ਸਮੇਂ ਤੱਕ ਸਮਾਜਕ ਹਾਲਤ ਨਾਵਲ ਰੂਪ ਦੇ ਅਨੁਕੂਲ ਹੋ ਚੁੱਕੇ ਸਨ ਇਹੀ ਕਾਰਨ ਹੈ ਕਿ ਪੰਜਾਬੀ ਨਾਵਲ ਬਹੁਤਾ ਚਿਰ ਧਰਮ ਪ੍ਰਚਾਰ ਦੇ ਵਿਸ਼ੇ ਤੱਕ ਸੀਮਤ ਨਾ ਰਹਿ ਸਕਿਆ ਅਤੇ ਇਕ ਦਹਾਕੇ ਵਿੱਚ ਹੀ ਅਮਰ ਸਿੰਘ, ਭਾਈ ਮੋਹਨ ਸਿੰਘ ਵੈਦ, ਧਨੀ ਰਾਮ ਚਾਤ੍ਰਿਕ ਆਦਿ ਦੇ ਨਾਵਲਾਂ ਨਾਲ ਭਾਈਚਾਰਕ ਅਤੇ ਸਮਾਜ ਸੁਧਾਰ ਦੇ ਵਿਸ਼ਾਲ ਵਿਸ਼ੇ ਖੇਤਰ ਵਿੱਚ ਪ੍ਰਵੇਸ਼ ਕਰ ਗਿਆ।

ਮੌਲਿਕ ਪੰਜਾਬੀ ਨਾਵਲ ਭਾਈ ਵੀਰ ਸਿੰਘ ਦੇ ਸਿੱਖ ਧਰਮ ਕੇਂਦਰਿਤ ਨਾਵਲ 'ਸੁੰਦਰੀ' ਦੇ ਪ੍ਰਕਾਸ਼ਤ ਹੋਣ ਨਾਲ ਆਰੰਭ ਹੁੰਦਾ ਹੈ। ਭਾਈ ਵੀਰ ਸਿੰਘ ਨੇ ਨਾਵਲ ਧਾਰਮਕ ਪ੍ਰਚਾਰ ਲਈ ਲਿਖੇ। 18ਵੀਂ ਸਦੀ ਦੇ ਇਤਿਹਾਸ ਨੂੰ ਵਿਸ਼ਾ-ਵਸਤੂ ਬਣਾ ਕੇ ਭਾਈ ਵੀਰ ਸਿੰਘ ਨੇ ਪੰਜਾਬੀ ਦੇ ਪਹਿਲੇ 'ਨਾਵਲ ਸੁੰਦਰੀ', 'ਸਤਵੰਤ ਕੌਰ' ਤੇ 'ਬਿਜੈ ਸਿੰਘ' ਲਿਖੇ। ਉਨ੍ਹਾਂ ਦਾ ਇਹ ਨਾਵਲ ਲਿਖਣ ਦਾ ਮਕਸਦ ਸਿੱਖ ਧਰਮ ਵਿੱਚ ਆ ਰਹੇ ਪਤਨ ਨੂੰ ਰੋਕਣਾ ਸੀ।'ਸੁਭਾਗ ਜੀ ਸੁਧਾਰ ਹੱਥੀ ਬਾਬਾ ਨੌਧ ਸਿੰਘ' ਨਾਵਲ ਦਾ ਵਿਸ਼ਾ ਸਿੱਖੀ ਪ੍ਰਚਾਰ ਦੇ ਨਾਲ ਸਮਕਾਲੀ ਪੇਂਡੂ ਸਿੱਖ ਜੀਵਨ ਦੀ ਪੇਸ਼ਕਾਰੀ ਹੈ।

ਮੋਹਨ ਸਿੰਘ ਵੈਦ, ਭਾਈ ਵੀਰ ਸਿੰਘ ਦਾ ਸਮਕਾਲੀ ਨਾਵਲਕਾਰ ਹੈ। ਉਸਦੀ ਨਾਵਲਕਲਾ ਭਾਈ ਵੀਰ ਸਿੰਘ ਤੋਂ ਪ੍ਰਭਾਵਿਤ ਹੈ ਪਰ ਉਹ ਲੌਕਿਕ ਜੀਵਨ ਦੇ ਵਧੇਰੇ ਨੇੜੇ ਹੈ ਅਤੇ ਉਸਨੇ ਪੰਜਾਬੀ ਸਾਹਿਤ ਨੂੰ ਮੌਲਿਕ, ਅਨੁਵਾਦਤ ਅਤੇ ਬਹੁਗਿਣਤੀ ਨਾਵਲ ਦਿੱਤੇ ਹਨ। ਉਸਨੇ 'ਸੁਖਦੇਵ ਕੌਰ' ਅਤੇ 'ਸੁਘੜ ਨੂੰਹ ਤੇ ਲੜਾਕੀ ਸੱਸ', 'ਇੱਕ ਸਿੱਖ ਘਰਾਣਾ', 'ਸੁਸ਼ੀਲ-ਵਿਧਵਾ', 'ਦੰਪਤੀ ਪਿਆਰ', 'ਸਰੇਸ਼ਟ ਕੁਲ', 'ਵਕੀਲ ਦੀ ਕਿਸਮਤ' ਆਦਿ ਲਿਖੇ। ਉਸਨੇ ਪੰਜਾਬੀ ਨਾਵਲ ਨੂੰ ਇਤਿਹਾਸਕ ਘੇਰੇ ਵਿੱਚੋਂ ਕੱਢ ਕੇ ਕੁਝ ਯਥਾਰਥ ਛੋਹ ਲਵਾਈ ਜੋ ਉਸਦੀ ਇਸ ਪਖੋਂ ਵਰਨਣ ਯੋਗ ਦੇਣ ਹੈ। ਮੋਹਨ ਸਿੰਘ ਵੈਦ ਤੋਂ ਪਿਛੋਂ ਚਰਨ ਸਿੰਘ ਸ਼ਹੀਦ ਨੇ ਭਾਈ ਵੀਰ ਸਿੰਘ ਦੇ ਪ੍ਰਭਾਵ ਅਧੀਨ ਤਿੰਨ ਇਤਿਹਾਸਕ ਨਾਵਲ 'ਦਲੇਰ ਕੌਰ', 'ਰਣਜੀਤ ਕੌਰ' ਅਤੇ 'ਚੰਚਲ ਮੂਰਤੀ' ਲਿਖ ਕੇ ਪ੍ਰਕਾਸ਼ਤ ਕਰਾਏ। ਚਰਨ ਸਿੰਘ ਸ਼ਹੀਦ ਦੇ ਨਾਵਲਾਂ ਵਿੱਚ ਭਾਈ ਵੀਰ ਸਿੰਘ ਨਾਲੋਂ ਵਖਰੇਵਾਂ ਇਸ ਗੱਲ ਵਿੱਚ ਹੈ ਕਿ ਸ਼ਹੀਦ ਨੇ ਮਾਨਵਵਾਦੀ ਅਪੀਲ ਰਾਹੀਂ ਸਿੱਖ ਧਰਮ ਵੱਲ ਪਾਠਕਾਂ ਨੂੰ ਪ੍ਰੇਰਿਆ ਹੈ। ਚਰਨ ਸਿੰਘ ਸ਼ਹੀਦ ਆਪਣੇ ਇਤਿਹਾਸਕ ਨਾਵਲਾਂ ਵਿੱਚ ਭਾਈ ਵੀਰ ਸਿੰਘ ਨਾਲੋਂ ਵਧੇਰੇ ਯਥਾਰਥਵਾਦੀ ਜਾਪਦਾ ਹੈ। ਮਾਸਟਰ ਤਾਰਾ ਸਿੰਘ ਦੇ ਲਿਖੇ ਨਾਵਲ 'ਪ੍ਰੇਮ ਲਗਨ' ਅਤੇ 'ਬਾਬਾ ਤੇਗਾ ਸਿੰਘ' ਵਰਨਨਯੋਗ ਹਨ।'ਬਾਬਾ ਤੇਗਾ ਸਿੰਘ' ਇਕ ਇਤਿਹਾਸਕ ਨਾਵਲ ਹੈ।'ਪ੍ਰੇਮ ਲਗਨ' ਨਾਵਲ ਅਕਾਲੀ ਲਹਿਰ ਦੇ ਪਿਛੋਕੜ ਵਿੱਚ ਪੇਂਡੂ ਸਿੱਖ ਜੀਵਨ ਦਾ ਚਿੱਤਰ ਪੇਸ਼ ਕਰਦਾ ਹੈ। ਇਸ ਨਾਵਲ ਵਿੱਚ ਮਾਸਟਰ ਤਾਰਾ ਸਿੰਘ ਨੇ ਭਾਈ ਵੀਰ ਸਿੰਘ ਵਾਂਗ ਪੰਜਾਬੀ ਸਿੱਖ ਭਾਈਚਾਰੇ ਦੇ ਗੁਣਾਂ ਨੂੰ ਵਡਿਆਇਆ ਹੀ ਨਹੀਂ ਸਗੋਂ ਇਸ ਦੇ ਗੁਣਾਂ ਔਗੁਣਾਂ ਦੀ ਸਹੀ ਤਸਵੀਰ ਪੇਸ਼ ਕੀਤੀ ਹੈ।

ਪੰਜਾਬੀ ਨਾਵਲ ਦੇ ਖੇਤਰ ਵਿੱਚ ਨਾਨਕ ਸਿੰਘ ਦੇ ਆਗਮਨ ਨਾਲ ਇਕ ਨਵਾਂ ਮੋੜ ਆਇਆ ਹੈ। ਪੰਜਾਬੀ ਵਿੱਚ ਸਭ ਤੋਂ ਵੱਧ ਨਾਟਕ ਨਾਨਕ ਸਿੰਘ ਨੇ ਲਿਖੇ ਹਨ। ਨਾਨਕ ਸਿੰਘ ਪੰਜਾਬੀ ਨਾਵਲ ਦਾ ਸਭ ਤੋਂ ਵੱਡਾ ਸੁਧਾਰਵਾਦੀ ਨਾਵਲਕਾਰ ਹੈ। ਉਸਦੇ ਮੁੱਢਲੇ ਨਾਵਲਾਂ ਵਿੱਚ ਸਮਾਜਕ ਕੁਰੀਤੀਆਂ, ਵਿਧਵਾ ਵਿਆਹ, ਛੂਤ-ਛਾਤ, ਬਾਲ ਵਿਆਹ, ਭ੍ਰਿਸ਼ਟਾਚਾਰ, ਸਮਾਜ ਦੇ ਠੁਕੇਦਾਰਾਂ ਦੀਆਂ ਕਰਤੂਤਾਂ, ਨਸ਼ਿਆਂ ਦੀ ਨਿਖੇਧੀ, ਵੱਢੀ-ਖੋਰੀ ਤੇ ਮੁਕੱਦਮੇਬਾਜ਼ੀ ਆਦਿ ਸਮੱਸਿਆਵਾਂ ਨੂੰ ਵਿਸ਼ਾ ਬਣਾਇਆ। ਵੇਸਵਾ ਗਮਨ ਦੀ ਗੱਲ ਉਸਨੇ 'ਟੁੱਟੀ ਵੀਣਾ', 'ਗੰਗਾਜਲੀ ਵਿੱਚ ਸ਼ਰਾਬ', 'ਅੱਧ ਖਿੜਿਆ ਫੁੱਲ' ਵਿੱਚ ਕੀਤੀ। ਸ਼ਰਾਬ ਦੀ ਲਾਹਨਤ 'ਜੀਵਨ ਸੰਗਰਾਮ', 'ਸੰਗਮ', 'ਅੱਧ ਖਿੜਿਆ ਫੁੱਲ' ਤੇ 'ਪੁਜਾਰੀ' ਵਿੱਚ ਵੱਖ-ਵੱਖ ਧਰਮਾਂ ਨੂੰ ਧਰਮਾਂ ਨੂੰ ਮੰਨਣ ਵਾਲਿਆਂ ਵਿੱਚ ਭਰਾਤਰੀ ਭਾਵ 'ਅੱਧ ਖਿੜਿਆ ਫੁੱਲ', 'ਛਲਾਵਾ', 'ਪਿਆਰ ਦੀ ਦੁਨੀਆਂ', 'ਪੁਜਾਰੀ' ਆਦਿ।'ਚਿੱਟਾ ਲਹੂ' ਨਾਵਲ ਨਾਲ ਪੰਜਾਬੀ ਨਾਵਲ ਇਕ ਨਵਾਂ ਮੋੜ ਮੁੜਦਾ ਹੈ। ਸੁਤੰਤਰਾ ਤੋਂ ਪਿਛੋਂ ਨਾਨਕ ਸਿੰਘ ਨੇ 'ਖ਼ੂਨ ਦੇ ਸੋਹਲੇ' ਤੇ 'ਅੱਗ ਦੀ ਖੇਡ' ਨਾਵਲਾਂ ਤੋਂ ਇਲਾਵਾ 'ਮੰਝਧਾਰ', 'ਚਿੱਤਰਕਾਰ', 'ਆਦਮਖੋਰ', 'ਕੱਟੀ ਹੋਈ ਪਤੰਗ', 'ਪੁਜਾਰੀ', 'ਨਾਸੂਰ', 'ਕੋਈ ਹਰਿਆ ਬੂਟ ਰਹਿਓ ਰੀ', 'ਇਕ ਮਿਆਨ ਦੋ ਤਲਵਾਰਾਂ', 'ਗਗਨ ਦਮਾਮਾ ਬਾਜਿਓ' ਆਦਿ ਨਾਵਲ ਲਿਖੇ ਇਨ੍ਹਾਂ ਨਾਵਲਾਂ ਦੇ ਵਿਸ਼ੇ ਸਮਕਾਲੀ ਸਮਾਜਕ ਜੀਵਨ ਵਿੱਚੋਂ ਲਏ ਹਨ।

ਸੁਰਿੰਦਰ ਸਿੰਘ ਨਰੂਲਾ ਦੀ ਨਾਵਲ ਕਲਾ ਦਾ ਆਰੰਭ ਉਸ ਦੇ ਨਾਵਲ 'ਪਿਉ ਪੁੱਤਰ' ਨਾਲ ਹੁੰਦਾ ਹੈ।'ਪਿਉ ਪੁੱਤਰ' ਨਾਵਲ ਦੀ ਸਾਹਿਤਕ ਮਹਾਨਤਾ ਦੇ ਨਾਲ-ਨਾਲ ਇਤਿਹਾਸਕ ਮਹਾਨਤਾ ਵੀ ਬਹੁਤ ਹੈ। ਸੰਤ ਸਿੰਘ ਸੇਖੋਂ ਦੇ ਸ਼ਬਦਾਂ ਵਿੱਚ "ਪੰਜਾਬੀ ਪੜ੍ਹਨ ਵਾਲਿਆਂ ਲੋਕਾਂ ਦਾ ਧਿਆਨ ਮੈਂ ਪੰਜਾਬੀ ਸਾਹਿਤ ਦੇ ਇਤਿਹਾਸ ਵਿੱਚ ਹੁਣੇ ਜਹੀ ਹੋਈ ਇਕ ਘਟਨਾ ਵਲ ਖਿਚਣਾ ਚਾਹੁੰਦਾ ਹੈ। ਉਹ ਘਟਨਾ ਇਹ ਹੈ ਕਿ ਪੰਜਾਬੀ ਸਾਹਿਤ ਵਿੱਚ ਇਕ ਅਜਿਹਾ ਨਾਵਲ (ਪਿਉ ਪੁੱਤਰ) ਪ੍ਰਕਾਸ਼ਤ ਹੋਇਆ ਹੈ ਜੋ ਪੰਜਾਬੀ ਜੀਵਨ ਨੂੰ ਪਹਿਲੀ ਵਾਰੀ ਇਸ ਤਰ੍ਹਾਂ ਰੂਪਮਾਨ ਕਰਦਾ ਹੈ ਜਿਸ ਉਤੇ ਯੋਗ ਮਾਣ ਕੀਤਾ ਜਾ ਸਕਦਾ ਹੈ।" ਇਸ ਤੋਂ ਪਿਛੋਂ ਨਰੂਲਾ ਨੇ 'ਰੰਗ ਮੱਹਲ', 'ਦੀਨ ਤੇ ਦੁਨੀਆਂ', 'ਜਗਰਾਤਾ', 'ਲੋਕ ਦੁਸ਼ਮਣ', 'ਨੀਲੀ ਬਾਰ', 'ਦਿਲ ਦਰਿਆ', 'ਸਿੱਲ ਅਲੂਣੀ' ਤੇ 'ਆਪਣੇ ਪਰਾਏ' ਆਦਿ ਨਾਵਲ ਦਿੱਤੇ। ਸੁਰਿੰਦਰ ਸਿੰਘ ਨਰੂਲਾ ਇਕ ਪ੍ਰਗਤੀਵਾਦੀ ਨਾਵਲਕਾਰ ਹੈ। ਇਸ ਨੇ ਆਪਣੇ ਨਾਵਲਾਂ ਵਿੱਚ ਅਗਾਂਹ-ਵਧੂ ਰੁਚੀਆਂ ਨੂੰ ਅਪਣਾਇਆ ਹੈ। ਉਹ ਆਪ ਵੀ ਇਸ ਸੰਬੰਧੀ ਲਿਖਦਾ ਹੈ, "ਕੋਈ ਵੀ ਸਾਹਿਤਕ ਪੁਸਤਕ ਜਦੋਂ ਤਕ ਪ੍ਰਚੱਲਿਤ ਸਮਾਜਕ ਤੇ ਆਰਥਕ ਹਾਲਾਤ ਦਾ ਦਰਪਨ ਨਾ ਹੋਵੇ, ਅਗਾਂਹ-ਵਧੂ ਨਹੀਂ ਹੋ ਸਕਦੀ ਜਦੋਂ ਕੋਈ ਸਾਹਿਤਕਾਰ ਇਸ ਤਰ੍ਹਾਂ ਦੀ ਕੋਸ਼ਿਸ਼ ਕਰੇ ਤਾਂ ਇਹ ਖ਼ਿਆਲ ਰੱਖਣਾ ਚਾਹੀਦਾ ਹੈ ਕਿ ਉਸ ਨੂੰ ਅਮੀਰ ਲੋਕਾਂ ਦੀ ਲੁੱਟ-ਖਸੁੱਟ ਨੂੰ ਰੱਬ ਦਾ ਭਾਣਾ ਨਹੀਂ ਸਮਝਣਾ ਚਾਹੀਦਾ। ਇਸ ਲਈ ਸਮਾਜਕ ਹਾਲਾਤ ਨੂੰ ਦੱਸਣ ਲਈ ਮਾਰਕਸਵਾਦ ਨੂੰ ਮੁੱਖ ਰੱਖਣਾ ਚਾਹੀਦਾ ਹੈ।" 'ਪਿਉ ਪੁੱਤਰ' ਵਿੱਚ ਉਹ ਸਮਾਜਕ ਪਰਿਵਰਤਨ ਨੂੰ ਪੇਸ਼ ਕਰਦਾ ਹੈ।

ਜਸਵੰਤ ਸਿੰਘ ਕੰਵਲ ਮਾਰਕਸਵਾਦੀ ਦ੍ਰਿਸ਼ਟੀਕੋਣ ਵਾਲਾ ਨਾਵਲਕਾਰ ਹੈ। ਉਸ ਨੂੰ ਕਈ ਆਲੋਚਕ ਨਾਨਕ ਸਿੰਘ ਦਾ ਉਤਰਾਧਿਕਾਰੀ ਮੰਨਦੇ ਹਨ। ਜਸਵੰਤ ਸਿੰਘ ਕੰਵਲ ਦੀ ਪੰਜਾਬੀ ਨਾਵਲ ਨੂੰ ਸਭ ਤੋਂ ਵੱਡੀ ਦੇਣ ਇਹ ਹੈ ਕਿ ਉਸ ਨੇ ਮਾਲਵੇ ਦੇ ਪੇਂਡੂ ਜੀਵਨ ਨੂੰ ਨਾਵਲਾਂ ਦਾ ਵਿਸ਼ਾ ਬਣਾਇਆ ਹੈ। ਪਿੰਡਾਂ ਵਿੱਚ ਰਹਿਣ ਕਰਕੇ ਪਿੰਡਾਂ ਦੇ ਜੀਵਨ ਸੰਬੰਧੀ ਉਸ ਦੀ ਜਾਣਕਾਰੀ ਡੂੰਘੀ ਤੇ ਵਿਸ਼ਾਲ ਹੈ।'ਹਾਣੀ' ਅਤੇ 'ਪੂਰਨਮਾਸ਼ੀ' ਨਾਵਲਾਂ ਵਿੱਚ ਉਸ ਨੇ ਪੇਂਡੂ ਜੀਵਨ ਨਾਲ ਸੰਬੰਧਤ ਆਰਥਕ, ਸਮਾਜਕ, ਸਦਾਚਾਰਕ ਤੇ ਧਾਰਮਕ ਸਾਰੇ ਪਹਿਲੂ ਲਏ ਹਨ। ਨਰਿੰਦਰ ਸਿੰਘ ਦੀ ਨਾਵਲ ਰਚਨਾ ਦਾ ਆਕਾਰ ਵੀ ਚੋਖਾ ਹੈ। ਉਸ ਦਾ ਸਭ ਤੋਂ ਪਹਿਲਾ ਨਾਵਲ 'ਮਲਾਹ' ਛਪਿਆ। ਇਸ ਤੋਂ ਪਿਛੋਂ ਉਸਨੇ 'ਖਮਨਿਓਂ ਤਿੱਖੀ ਵਾਲੋਂ', 'ਏਤਿ ਮਾਰਗ ਜਾਣਾ', 'ਸ਼ਕਤੀ', 'ਤ੍ਰੀਆ ਜਾਲ', 'ਇਕ ਰਾਹ ਇਕ ਪੜਾ', 'ਅਮਨ ਦੇ ਰਾਹ', 'ਪੁੰਨਿਆ ਕਿ ਮੱਸਿਆ', 'ਟਾਪੂ', 'ਸੈਨਾਪਤੀ', 'ਉਨਤਾਲੀ ਵਰ੍ਹੇ', 'ਵਿਕੇਂਦ੍ਰਿਤ', 'ਚਾਨਣ ਖੜ੍ਹਾ ਕਿਨਾਰੇ' ਅਤੇ 'ਬਾਮੁਲਾਹਜ਼ਾ ਹੋਸ਼ਿਆਰ' ਨਾਵਲ ਸਾਹਿਤ ਨੂੰ ਦਿੱਤੇ।'ਬਾਮੁਲਾਹਜ਼ਾ ਹੋਸ਼ਿਆਰ' ਨੂੰ ਸਾਹਿਤ ਅਕਾਦਮੀ ਵਲੋਂ ਇਨਾਮ ਮਿਲ ਚੁੱਕਿਆ ਹੈ।

ਸੋਹਣ ਸਿੰਘ ਸੀਤਲ ਇਕ ਢਾਡੀ ਅਤੇ ਇਤਿਹਾਸਕਾਰ ਦੇ ਵਾਰਤਕਕਾਰ ਦੇ ਤੌਰ ਤੇ ਵਧੇਰੇ ਪ੍ਰਸਿਧ ਹੈ। ਸੁਤੰਤਰਤਾ ਤੋਂ ਪਿਛੋਂ ਉਸ ਦਾ ਝੁਕਾਅ ਨਾਵਲਕਾਰੀ ਵੱਲ ਹੋਇਆ। ਉਸ ਨੇ 'ਮੁੱਲ ਦਾ ਮਾਸ', 'ਅੰਨ੍ਹੀ ਸੁੰਦਰਤਾ', 'ਵਿਜੋਗਣ', 'ਪਤਵੰਤੇ-ਕਾਤਿਲ', 'ਦੀਵੇ ਦੀ ਲੋ', 'ਜੰਗ ਤੇ ਅਮਨ', 'ਤੂਤਾਂ ਵਾਲਾ ਖੂਹ', 'ਈਚੋਗਿਲ ਨਹਿਰ ਤਕ', 'ਜੁਗ ਬਦਲ ਗਿਆ' ਆਦਿ ਨਾਵਲ ਲਿਖੇ। ਜਿਥੇ ਨਾਨਕ ਸਿੰਘ ਸ਼ਹਿਰੀ ਮੱਧ ਵਰਗੀ ਜੀਵਨ ਨੂੰ ਆਪਣੀ ਰਚਨਾ ਦਾ ਖੇਤਰ ਬਣਾਉਂਦਾ

ਹੈ। ਸੀਤਲ ਦੀ ਨਾਵਲ ਕਲਾ ਵਿੱਚ ਨਾ ਸਿਰਫ਼ ਪੇਂਡੂ ਕਿਰਸਾਣੀ ਜੀਵਨ ਦੀਆਂ ਬਹੁ-ਪੱਖੀ ਸਮੱਸਿਆਵਾਂ ਦਾ ਵਿਸ਼ਲੇਸ਼ਣ ਹੈ, ਸਗੋਂ ਇਸ ਦੇ ਨਾਲ ਸਮੁੱਚੀ ਮਨੁੱਖਤਾ ਦੀਆਂ ਮਨੋ-ਬਿਰਤੀਆਂ ਬੱਝੀਆਂ ਹਨ। ਮਨੁੱਖੀ ਰਿਸ਼ਤਿਆਂ, ਇਸਤਰੀ ਮਰਦ ਦੇ ਸੰਬੰਧਾਂ, ਵੱਖ-ਵੱਖ ਜਾਤੀਆਂ ਦੇ ਕਿਰਦਾਰਾਂ ਨੂੰ ਯਥਾਰਥ ਸੂਝ ਨਾਲ ਸੀਤਲ ਨੇ ਪੇਸ਼ ਕੀਤਾ ਹੈ। ਸੀਤਲ ਨੇ 'ਤੂਤਾਂ ਵਾਲਾ ਖੂਹ' ਤੇ 'ਜੰਗ ਜਾਂ ਅਮਨ' ਵਰਗੇ ਨਾਵਲ ਲਿਖ ਕੇ ਪੰਜਾਬੀ ਵਿੱਚ ਆਪਣੀ ਖਾਸ ਥਾਂ ਬਣਾ ਲਈ ਹੈ।
ਕਰਤਾਰ ਸਿੰਘ ਦੁੱਗਲ ਨੇ ਪੰਜਾਬੀ ਸਾਹਿਤ ਵਿੱਚ ਕਹਾਣੀਕਾਰ ਦੇ ਤੌਰ ਤੇ ਪ੍ਰਵੇਸ਼ ਕੀਤਾ। ਦੁੱਗਲ ਨੂੰ ਨਾਵਲਕਾਰ ਦੇ ਤੌਰ ਤੇ ਨਾਵਲ ਖੇਤਰ ਵਿੱਚ ਉਹ ਸਥਾਨ ਪ੍ਰਾਪਤ ਨਹੀਂ ਹੋ ਸਕਿਆ ਜੋ ਉਸ ਨੂੰ ਨਿੱਕੀ ਕਹਾਣੀ ਦੇ ਖੇਤਰ ਵਿੱਚ ਪ੍ਰਾਪਤ ਹੈ। ਦੁੱਗਲ ਨੂੰ ਨਾਵਲਕਾਰ ਦੇ ਤੌਰ ਤੇ ਨਾਵਲ ਖੇਤਰ ਵਿੱਚ ਉਹ ਸਥਾਨ ਪ੍ਰਾਪਤ ਨਹੀਂ ਹੋ ਸਕਿਆ ਜੋ ਉਸ ਨੂੰ ਨਿੱਕੀ ਕਹਾਣੀ ਵਿੱਚ ਪ੍ਰਾਪਤ ਹੈ। ਦੁੱਗਲ ਨੇ ਹੁਣ ਤੱਕ 'ਆਦਰਾਂ', 'ਨਹੁੰ ਤੇ ਮਾਸ', 'ਇਕ ਦਿਲ ਵਿਕਾਊ', 'ਦਿਲ ਦਰਿਆ', 'ਮੇਰਾ ਦਿਲ ਮੋੜ ਦੇ', 'ਤ੍ਰੈ ਲੜੀ', 'ਹਾਲ ਮੁਰੀਦਾ ਦਾ', 'ਮਨ ਪਰਦੇਸੀ', 'ਮਾਂ ਪਿਉ ਦੇ ਜਾਏ', 'ਅਮਮੀ ਨੂੰ ਕੀ ਹੋ ਗਿਆ', 'ਫੁੱਲਾਂ ਦਾ ਸਾਥ', 'ਪੈਣਗੇ ਵੈਣ ਡੂੰਘੇ' ਆਦਿ ਨਾਵਲ ਲਿਖੇ ਹਨ।'ਆਂਦਰਾਂ'ਨਾਵਲ ਵਿੱਚ ਦੁੱਗਲ ਨੇ ਜਾਗੀਰਦਾਰ ਤੇ ਮੁਜਾਰਿਆਂ ਦੇ ਆਪਸੀ ਸੰਘਰਸ਼ ਨੂੰ ਬਿਆਨ ਕਰਦੇ ਹੋਏ ਜਾਗੀਰਦਾਰੀ ਸਮਾਜ ਦੀਆਂ ਛੁਪੀਆਂ ਬੁਰਾਈਆਂ ਤੇ ਭ੍ਰਿਸ਼ਟਾਚਾਰ ਨੂੰ ਨੰਗਿਆਂ ਕੀਤਾ ਹੈ। 'ਇਕ ਦਿਲ ਵਿਕਾਊ ਹੈ' ਉਸ ਦਾ ਭਾਵਾਤਮਕ ਤੇ ਰੁਮਾਂਟਿਕ ਪ੍ਰਕਾਰ ਦਾ ਨਾਵਲ ਹੈ।'ਨਹੁੰ ਤੇ ਮਾਸ', 'ਮਨ ਪਰਦੇਸੀ' ਤੇ 'ਮਾਂ ਪਿਉ ਦੇ ਜਾਏ' ਵੰਡ ਨਾਲ ਸੰਬੰਧਤ ਨਾਵਲ ਹਨ। 'ਦਿਲ ਦਰਿਆ', 'ਮੇਰਾ ਦਿਲ ਮੋੜ ਦੇ', 'ਹਾਲ ਮੁਰੀਦਾਂ ਦਾ' ਵਿੱਚ ਰੁਮਾਂਸ ਦੀ ਪ੍ਰਧਾਨਤਾ ਹੈ, ਵਿਸ਼ੇ ਤੇ ਪੱਖ ਤੋਂ ਕੋਈ ਬਹੁਤਾ ਮਹੱਤਵ ਨਹੀਂ, ਮਨੋਵਿਗਿਆਨਕ ਭਾਂਤ ਦੀ ਪਾਤਰ ਉਸਾਰੀ ਜ਼ਰੂਰ ਹੈ। ਦੁੱਗਲ ਦਾ ਨਵਾਂ ਨਾਵਲ 'ਫੁੱਲਾਂ ਦਾ ਸਾਥ' ਹਿੰਦੂ, ਮੁਸਲਮ ਅਤੇ ਸਿੱਖ ਸੰਪਰਦਾਇਕਤਾ ਉਤੇ ਆਧਾਰਤ ਹੈ।

ਨਵੀਂ ਪੀੜ੍ਹੀ ਦੇ ਨਾਵਲਕਾਰਾਂ ਵਿੱਚ ਮੋਹਨ ਕਾਹਲੋਂ ਦਾ ਨਾਂ ਵਰਨਨਯੋਗ ਹੈ। ਇਸ ਦੇ ਨਾਵਲ 'ਬੇੜੀ ਤੇ ਬਰੇਤਾ' ਤੇ 'ਮਛਲੀ ਇਕ ਦਰਿਆ ਦੀ' ਵਿੱਚ ਜੱਟਾਂ ਅਤੇ ਗੁੱਜਰਾਂ ਦਾ ਚਿੱਤਰ ਪੇਸ਼ ਕਰਕੇ ਜ਼ਿੰਦਗੀ ਦੇ ਯਥਾਰਥ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ।'ਪ੍ਰਦੇਸੀ ਰੁੱਖ' ਉਸ ਦਾ ਵੰਡ ਨਾਲ ਸੰਬੰਧਤ ਨਾਵਲ ਹੈ।'ਗੋਰੀ ਨਦੀ ਦਾ ਗੀਤ' ਤੇ 'ਬਰਾਦਰੀ ਦੀ ਰਾਣੀ' ਅਤੇ 'ਕਾਲੀ ਮਿੱਟੀ' ਨਾਵਲ ਪਿਛੋਂ ਛਪੇ ਹਨ। ਉਸ ਦੇ ਕਈ ਨਾਵਲ ਬੜੀ ਚਰਚਾ ਦੇ ਕੇਂਦਰ ਬਣੇ ਹਨ।

ਪੰਜਾਬੀ ਨਾਵਲ ਦੇ ਖੇਤਰ ਵਿੱਚ ਗੁਰਦਿਆਲ ਸਿੰਘ ਦੀ ਆਪਣੀ ਮੌਲਿਕ ਤੇ ਵਿਸ਼ੇਸ਼ ਥਾਂ ਹੈ। ਉਸ ਨੇ ਪੰਜਾਬੀ ਨਾਵਲ ਦੇ ਖੇਤਰ ਵਿੱਚ ਆਪਣੇ ਨਾਵਲ 'ਮੜ੍ਹੀ ਦਾ ਦੀਵਾ' ਨਾਲ ਆਪਣੀ ਥਾਂ ਬਣਾ ਲਈ। ਇਸ ਪਿਛੋਂ 'ਅਣਹੋਏ', 'ਕੁਵੇਲਾ', 'ਰੇਤ ਦੀ ਇਕ ਮੁੱਠੀ', 'ਅੱਧ ਚਾਨਣੀ ਰਾਤ', 'ਆਥਣ ਉਗਣ', 'ਅੰਨ੍ਹੇ ਘੋੜੇ ਦਾ ਦਾਨ' ਅਤੇ 'ਪਰਸਾ' ਨਾਵਲ ਲਿਖੇ। ਗੁਰਦਿਆਲ ਸਿੰਘ ਨੇ ਆਪਣੇ ਨਾਵਲਾਂ ਵਿੱਚ ਪੰਜਾਬ ਅਤੇ ਖਾਸ ਕਰਕੇ ਮਾਲਵੇ ਦੇ ਕਿਰਤੀ ਤੇ ਕਿਸਾਨ ਵਰਗਾ ਦੇ ਜੀਵਨ ਨੂੰ ਚਿਤਰਿਆ ਹੈ। ਉਹ ਪਾਤਰਾਂ ਦੇ ਮਨੋਭਾਵਾਂ ਦਾ ਵਿਸ਼ਲੇਸ਼ਣ ਬੜੀ ਸੋਹਣੀ ਤਰ੍ਹਾਂ ਕਰਦਾ ਹੈ। ਉਸ ਦੇ ਨਾਵਲਾਂ ਦੇ ਪਾਤਰ ਸਾਡੇ ਸਮਾਜ ਦੇ ਜੀਉਂਦੇ ਜਾਗਦੇ ਮਨੁੱਖ ਹਨ।

ਸੁਰਜੀਤ ਸਿੰਘ ਸੇਠੀ ਨੇ ਪੰਜਾਬੀ ਨਾਵਲ ਵਿੱਚ ਕਈ ਨਵੀਆਂ ਤਕਨੀਕਾਂ ਦੀ ਵਰਤੋਂ ਕੀਤੀ। ਉਸ ਨੇ 'ਰੇਤ ਦਾ ਪਹਾੜ', 'ਇਕ ਸ਼ਹਿਰ ਦੀ ਗੱਲ', 'ਕੰਧੀ ਉੱਤੇ ਰੁਖੜਾ', 'ਅੱਲ ਪੱਥਰ', 'ਇੱਕ ਖਾਲੀ ਪਿਆਲਾ', 'ਆਬਰਾ ਕਦਾਬਰਾ', 'ਕੱਲ੍ਹ ਵੀ ਸੂਰਜ ਨਹੀਂ ਚੜ੍ਹੇਗਾ' ਆਦਿ ਨਾਵਲ ਲਿਖੇ ਹਨ।'ਰੇਤ ਦਾ ਪਹਾੜ' ਵਿੱਚ ਪੂੰਜੀਵਾਦੀ ਸਮਾਜ ਨੂੰ ਰੇਤ ਦਾ ਪਹਾੜ ਮੰਨਿਆ ਹੈ ਅਤੇ ਉਸ ਦੇ ਖੋਖਲੇਪਨ ਤੋਂ ਪਰਦਾ ਲਾਹਿਆ ਹੈ।'ਕੰਧੀ ਉੱਤੇ ਰੁਖੜਾ' ਨਾਵਲ ਵਿੱਚ ਚਾਰ ਪੀੜ੍ਹੀਆਂ ਦਾ ਜੀਵਨ ਪੇਸ਼ ਕੀਤਾ ਗਿਆ ਹੈ। ਸੁਰਜੀਤ ਸਿੰਘ ਸੇਠੀ ਦੇ ਪਿਛਲੇ ਦੋ ਨਾਵਲ 'ਇਕ ਖਾਲੀ ਪਿਆਲਾ' ਅਤੇ 'ਕੱਲ੍ਹ ਵੀ ਸੂਰਜ ਨਹੀਂ ਚੜ੍ਹੇਗਾ' ਮਨੋਵਿਗਿਆਨਕ ਯਥਾਰਥਵਾਦ ਨੂੰ ਪੇਸ਼ ਕਰ ਰਹੇ ਹਨ। ਸੇਠੀ ਨੇ ਆਪਣੇ ਨਾਵਲ 'ਇਕ ਖਾਲੀ ਪਿਆਲਾ' ਵਿੱਚ ਚੇਤਨਾ ਪ੍ਰਵਾਨ ਸ਼ੈਲੀ ਦਾ ਬੜੀ ਸਫ਼ਲਤਾ ਨਾਲ ਨਵਾਂ ਤਜਰਬਾ ਕੀਤਾ ਹੈ।'ਬਦਨਾਮ ਸੜਕਾਂ' ਸੇਠੀ ਦਾ ਇਕ ਹੋਰ ਨਵਾਂ ਨਾਵਲ ਹੈ। ਇਹ ਨਾਵਲ ਉੱਚ ਮੱਧ ਵਰਗਾ ਦੇ ਲੋਕਾਂ ਦੀ ਮਾਨਸਿਕ ਜਟਿਲਤਾ ਨੂੰ ਚਿਤਰਦਾ ਹੈ।

ਪੰਜਾਬੀ ਨਾਵਲ ਦੇ ਖੇਤਰ ਵਿੱਚ ਅੰਮ੍ਰਿਤਾ ਪ੍ਰੀਤਮ ਇਕ ਵਰਨਣਯੋਗ ਨਾਵਲਕਾਰ ਹੈ। ਉਸ ਨੇ ਨਾਵਲਾਂ ਵਿੱਚ ਵਧੇਰੇ ਇਸਤਰੀਆਂ ਦੀ ਸਮੱਸਿਆਵਾਂ ਨੂੰ ਪੇਸ਼ ਕੀਤਾ ਹੈ। ਅੰਮ੍ਰਿਤਾ ਪ੍ਰੀਤਮ ਇਸਤਰੀ ਦੇ ਹਿਰਦੇ ਦੇ ਦਰਦ ਨੂੰ ਚੰਗੀ ਤਰ੍ਹਾਂ ਪੇਸ਼ ਕਰ ਸਕਦੀ ਹੈ।'ਜੈ ਸ਼ਿਰੀ' ਅੰਮ੍ਰਿਤਾ ਦਾ ਪਹਿਲਾ ਨਾਵਲ ਹੈ ਫੇਰ ਉਸ ਨੇ 'ਡਾਕਟਰ ਦੇਵ', 'ਪਿੰਜਰ' ਅਤੇ 'ਆਲ੍ਹਣਾ' ਲਿਖੇ।'ਪਿੰਜਰ' ਵੰਡ ਨਾਲ ਸੰਬੰਧਤ ਨਾਵਲ ਹੈ।'ਚੱਕ ਨੰਬਰ ਛੱਤੀ', 'ਇਕ ਸੀ ਅਨੀਤਾ' ਅਤੇ 'ਦਿੱਲੀ ਦੀਆਂ ਗਲੀਆਂ' ਕੁਝ ਉਸ ਦੇ ਵਿਸ਼ੇਸ਼ ਨਾਵਲ ਹਨ। ਵਿਸ਼ੇ ਅਤੇ ਸ਼ੈਲੀ ਦੇ ਪੱਖੋਂ ਅੰਮ੍ਰਿਤਾ ਪ੍ਰੀਤਮ ਦੀ ਪੰਜਾਬੀ ਨਾਵਲ ਨੂੰ ਦੇਣ ਅੱਖੋਂ ਉਹਲੇ ਨਹੀਂ ਕੀਤੀ ਜਾ ਸਕਦੀ। ਸਾਲ 2000 ਦਾ ਸ਼ਤਾਬਦੀ ਅਵਾਰਡ ਅੰਮ੍ਰਿਤਾ ਨੂੰ ਇਸ ਸਾਲ ਮਿਲਿਆ ਹੈ।

ਦਲੀਪ ਕੌਰ ਟਿਵਾਣਾ 'ਇਹੁ ਹਮਾਰਾ ਜੀਵਣਾ', 'ਅਗਨੀ ਪ੍ਰੀਖਿਆ' ਅਤੇ 'ਤੀਲ੍ਹੀ ਦਾ ਨਿਸ਼ਾਨ' ਮਹੱਤਵਪੂਰਨ ਰਚਨਾਵਾਂ ਹਨ।'ਇਹੁ ਹਮਾਰਾ ਜੀਵਣਾ' ਯਤਾਰਥਵਾਦੀ ਦ੍ਰਿਸ਼ਟੀਕੋਣ ਤੋਂ ਇੱਕ ਸਫ਼ਲ ਨਾਵਲ ਹੈ। ਉਸਦੇ ਨਵੇਂ ਨਾਵਲ 'ਹਸਤਾਖਰ', 'ਪੈੜ-ਚਾਲ', 'ਰਿਣ ਪਿੱਤਰਾਂ ਦਾ', 'ਲੰਘ ਗਏ ਦਰਿਆ', ਜ਼ਿਮੀ ਪੁਛੈ ਅਸਮਾਨ' ਅਤੇ 'ਕਥਾ ਕਹੋ ਉਰਵਸ਼ੀ' ਦਲੀਪ ਕੌਰ ਟਿਵਾਣਾ ਨੂੰ ਉਸਦੀ ਵੱਡ ਆਕਾਰੀ ਗੱਦ ਰਚਨਾ 'ਕਥਾ ਕਹੋ ਉਰਵਸ਼ੀ' ਉੱਤੇ ਬਿਰਲਾ ਫਾਊਂਡੇਸ਼ਨ ਦੇ ਸਰਸਵਤੀ ਸਨਮਾਨ ਨਾਲ ਪੁਰਸਕਾਰਿਆ ਹੈ। ਪੰਜਾਬੀ ਗਲਪ ਦੇ ਖੇਤਰ ਵਿੱਚ ਇਹ ਉਸਦੀ ਮਾਣਯੋਗ ਪ੍ਰਾਪਤੀ ਹੈ।

ਅਜੀਤ ਕੌਰ ਦੇ ਨਾਵਲ 'ਪੋਸਟ ਮਾਰਟਮ' ਅਤੇ 'ਧੁੱਪ ਵਾਲਾ ਸ਼ਹਿਰ' ਆਦਿ ਦੇ ਨਾਮ ਪੰਜਾਬੀ ਖੇਤਰ ਵਿੱਚ ਲਏ ਜਾ ਸਕਦੇ ਹਨ ਇਹਨਾਂ ਵਿੱਚ ਉਸਨੇ ਨਵੀਆਂ ਕੀਮਤਾਂ ਨੂੰ ਪਰਿਵਰਤਨਸ਼ੀਲ ਮਨੁੱਖੀ ਸੁਭਾਅ ਦੇ ਪ੍ਰਸੰਗ ਵਿੱਚ ਦੇਖਣ ਦੀ ਕੋਸ਼ਿਸ਼ ਕੀਤੀ ਹੈ। ਸੁਰਿੰਦਰ ਸਿੰਘ ਜੌਹਰ ਦੇ ਨਾਵਲ 'ਰਾਹਾਂ ਦੀ ਧੂੜ', 'ਟੁੱਟੀਆਂ ਤੰਦਾਂ', 'ਮੋਈ ਰੁੱਤ' ਪੰਜਾਬੀ ਨਾਵਲ ਨੂੰ ਦੇ ਚੁੱਕਾ ਹੈ। ਉਸਨੇ ਉਪਰਲੀ ਮੱਧ ਸ਼੍ਰੇਣੀ ਦੇ ਜੀਵਨ ਨੂੰ ਚਿਤਰਿਆ ਹੈ। ਇਸਦੇ ਪਹਿਲੇ ਨਾਵਲਾਂ ਵਿੱਚ ਕਹਾਣੀ ਪ੍ਰਧਾਨ ਹੈ ਉਸਦੇ ਨਵੇਂ ਨਾਵਲ ਮੋਈ ਰੁੱਤ ਵਿੱਚ ਵਸਤੂ ਦੇ ਨਾਲ-ਨਾਲ ਆਕਾਰ ਵੀ ਬਦਲਿਆ ਹੈ।

ਬਲਦੇਵ ਸਿੰਘ ਨੇ ਇਕੋ ਵੇਲੇ ਕਹਾਣੀਆਂ, ਨਾਵਲ, ਨਾਟਕ, ਸਫ਼ਰਨਾਮਾ ਲਿਖੇ ਹਨ। ਉਸ ਦੇ ਨਾਵਲ ਸਮਕਾਲੀ ਪੰਜਾਬ ਨਾਵਲ ਵਿਚ ਖ਼ਾਸ ਥਾਂ ਰੱਖਦੇ ਹਨ। ਉਸਦੇ ਨਾਵਲ 'ਦੂਸਰਾ ਹੀਰੋਸ਼ੀਮਾ', 'ਕੱਲਰੀ ਧਰਤੀ', 'ਸੂਲੀ ਟੰਗੇ ਪਹਿਰ', 'ਕੱਚੀਆਂ ਕੰਧਾਂ', 'ਜੀ. ਟੀ.ਰੋਡ', 'ਲਾਲ ਬੱਤੀ', 'ਅੰਨਦਾਤਾ' ਅਤੇ 'ਪੰਜਵਾਂ ਸਾਹਿਬਜ਼ਾਦਾ', 'ਮਹਾਂਬਲੀ ਸੂਰਾ', 'ਮੈਂ ਪਾਕਿਸਤਾਨ ਨਹੀਂ ਜਾਣਾ', 'ਖਾਕੂ ਜੇਡੁ ਨ ਕੋਇ' ਆਦਿ। ਬਲਦੇਵ ਸਿੰਘ ਵੰਨ ਸੁਵੰਨੇ ਵਿਸ਼ਿਆਂ ਨੂੰ ਨਾਵਲੀ ਕਥਾ ਦਾ ਆਧਾਰ ਬਣਾਉਦਾ ਹੈ। ਇਸੇ ਕਰਕੇ ਉਹ ਸਮਾਜਕ ਯਥਾਰਥ ਦੇ ਭਿੰਨ ਭਿੰਨ ਪੱਖਾਂ ਅਤੇ ਪਸਾਰਾਂ ਨੂੰ ਨਾਵਲੀ ਰਚਨਾ ਦਾ ਵਿਸ਼ਾ ਬਣਾਉਂਦਾ ਰਿਹਾ ਹੈ। ਪੰਜਾਬੀ ਦਾ ਹਰ ਬਹੁਤ ਨਾਵਲਕਾਰ ਨੇ ਨਾਵਲ ਦੇ ਸਾਹਿਤ ਦੇ ਵਿਕਾਸ ਵਿੱਚ ਆਪਣੇ ਮਹੱਤਵਪੂਰਨ ਯੋਗਦਾਨ ਦਿੱਤਾ ਹੈ।

ਮਨਮੋਹਨ ਸਾਹਿਤ ਚਿੰਤਨ ਅਤੇ ਸਿਰਜਣਾਤਮਕ ਸਾਹਿਤ ਨਾਲ ਜੁੜਿਆ ਬਹੁਪੱਖੀ ਪ੍ਰਤਿਭਾ ਵਾਲਾ ਲੇਖਕ ਹੈ। ਇਕ ਗੰਭੀਰ ਚਿੰਤਕ ਦੇ ਤੌਰ 'ਤੇ ਪੱਛਮੀ ਤੇ ਭਾਰਤੀ ਦਾਰਸ਼ਨਿਕ ਪ੍ਰੰਪਰਾਵਾਂ ਦੀ ਸਮਝ, ਇਕ ਕੋਮਲ ਚਿਤ ਕਵੀ ਦੇ ਤੌਰ 'ਤੇ ਵੱਖ-ਵੱਖ ਵਿਸ਼ਿਆਂ ਦੀ ਤਰਲਤਾ ਵਿਚ ਉਤਰਨ ਦੀ ਸਮਰੱਥਾ ਅਤੇ ਕਵਿਤਾ ਨੂੰ ਦਾਰਸ਼ਨਿਕ ਰੰਗ ਵਿਚ ਢਾਲਣ ਦੀ ਸਿਰਜਣਾਤਮਕ ਯੋਗਤਾ ਸਹਿਤ ਮਨਮੋਹਨ ਨੇ ਪੰਜਾਬੀ ਨਾਵਲ ਜਗਤ ਵਿਚ ਆਪਣੇ ਨਾਵਲ 'ਨਿਰਵਾਣ' ਰਾਹੀ ਪ੍ਰਵੇਸ਼ ਕੀਤਾ ਹੈ। ਜਿਸ ਨੂੰ 2014 ਦਾ ਸਾਹਿਤ ਅਕਾਦਮੀ ਇਨਾਮ ਹਾਸਲ ਹੈ।

## ਨਾਵਲ ਦੀਆਂ ਪ੍ਰਵਿਰਤੀਆਂ ਅਤੇ ਬਿਰਤਾਂਤਕ ਜੁਗਤਾਂ :-

ਨਾਵਲ ਨੂੰ ਆਧੁਨਿਕ ਯੁੱਗ ਦਾ ਬਿਰਤਾਂਤ ਕਿਹਾ ਜਾਂਦਾ ਹੈ। ਇਕ ਪਾਸੇ ਤਾਂ ਇਹ ਆਧੁਨਿਕ ਯੁੱਗ ਦੀ ਸੰਵੇਦਨਾ ਨਾਲ ਜੁੜਦਾ ਹੈ ਅਤੇ ਨਵੇਂ ਦੌਰ ਦੇ ਪ੍ਰਤੱਖਣ-ਪ੍ਰਬੰਧ ਅਨੁਸਾਰ ਅਜੋਕੇ ਯਥਾਰਥ ਦੇ ਲੁਕਵੇਂ ਅਤੇ ਦਿਸਣਹਾਰ ਪਸਾਰਾਂ ਨੂੰ ਆਪਣੀ ਰਚਨਾਤਮਕਤਾ ਦਾ ਆਧਾਰ ਬਣਾਉਂਦਾ ਹੈ। ਦੂਜੇ ਪਾਸੇ ਇਹ ਆਪਣੀ ਬਿਰਤਾਂਤਕ ਪ੍ਰਗਟਾਅ-ਸ਼ੈਲੀ ਮੁਤਾਬਕ ਆਪਣੇ ਰਚਨਾ ਸੰਸਾਰ ਨੂੰ ਵਡੇਰੇ ਅਤੇ ਬਹੁਪਸਾਰੀ ਸੰਦਰਭਾਂ ਅਨੁਸਾਰ ਪੇਸ਼ ਕਰਦਾ ਹੈ। ਇਸੇ ਕਰਕੇ ਨਾਵਲ ਦੀਆਂ ਰੂਪਾਕਾਰਕ ਸੰਭਾਵਨਾਵਾਂ ਵਿਚ ਮਨੁੱਖ ਦੀਆਂ ਇਤਿਹਾਸਕ, ਸਮਾਜਕ, ਸਭਿਆਚਾਰਕ, ਮਾਨਸਿਕ ਅਤੇ ਭਾਸ਼ਿਕ ਸਮਰੱਥਾਵਾਂ ਇਕੋ ਵੇਲੇ ਸੰਗਠਿਤ ਸਮੁੱਚ ਦੇ ਰੂਪ ਵਿਚ ਪੇਸ਼ ਹੁੰਦੀਆਂ ਹਨ। ਇਹ ਅੱਜ ਦੇ ਸਰਬ-ਸਧਾਰਨ ਮਨੁੱਖ ਦੇ ਸਾਹਿਤ ਵਿਵਹਾਰ ਤੋਂ ਲੈ ਕੇ ਉਸ ਦੀਆਂ ਗੁੰਝਲਦਾਰ ਮਨੋਸਥਿਤੀਆਂ ਦੀ ਪੇਸ਼ਕਾਰੀ ਵੀ ਕਰਦਾ ਹੈ ਅਤੇ ਉਸਦੇ ਚੌਗਿਰਦੇ ਵਿਚਲੇ ਸਮਾਜਿਕ ਯਥਾਰਥ ਦੇ ਪਰਤ-ਦਰ-ਪਰਤ ਪਸਾਰਾਂ ਨੂੰ ਵੀ ਉਭਾਰਦਾ ਹੈ। ਇਸੇ ਕਰਕੇ ਫਰਾਂਸੀਸੀ ਚਿਹਨ ਵਿਗਿਆਨ ਰੋਲਾਂ ਬਾਰਤ ਇਹ ਵਿਚਾਰ ਰਖਦਾ ਹੈ ਕਿ ਨਾਵਲਕਾਰ ਸਵੈ-ਨਿਰਭਰ ਸੰਸਾਰ ਨੂੰ ਸਿਰਜਣ ਦੇ ਯੋਗ ਹੁੰਦਾ ਹੈ, ਜੋ ਆਪਣੀਆਂ ਹੀ ਸੀਮਾਵਾਂ ਅਤੇ ਸੰਭਾਵਨਾਵਾਂ ਨੂੰ, ਆਪਣੇ ਹੀ ਕਾਲ, ਆਪਣੇ ਹੀ ਸਥਾਨ, ਆਪਣੇ ਹੀ ਜਨ ਜੀਵਨ, ਆਪਣੀਆਂ ਹੀ ਵਸਤੂਆਂ ਅਤੇ ਆਪਣੀਆਂ ਹੀ ਮਿੱਥਾਂ ਦੇ ਸੰਗਠਨ ਰਾਹੀਂ ਪੇਸ਼ ਕਰਦਾ ਹੈ। ਨਾਵਲ ਇਕ ਗਲਪੀ ਪ੍ਰਵਚਨ ਹੁੰਦਾ ਹੈ। ਇਸ ਵਿਚ ਗਲਪੀ ਰਚਨਾ ਵਿਧੀ ਦੀ ਵਰਤੋਂ ਵਿਚਾਰਾਂ ਦੀ ਪ੍ਰਤੱਖਣ ਪ੍ਰਕਿਰਿਆ ਸਮੇਂ ਵੀ ਹੁੰਦੀ ਹੈ ਅਤੇ

ਪ੍ਰਗਟਾਅ ਵੇਲੇ ਵੀ। ਨਾਵਲੀ ਬਿਰਤਾਂਤ ਯਥਾਰਥ ਦੇ ਵਸਤੂ-ਵੇਰਵਿਆਂ ਨੂੰ ਨਵੇਂ ਸਿਰੇ ਤੋਂ ਵਿਉਂਤ ਕੇ, ਉਹਨਾਂ ਦਾ ਨਿਵੇਕਲਾ ਅਰਥ-ਪ੍ਰਬੰਧ ਰਚਦਾ ਹੋਇਆ, ਉਸਨੂੰ ਨਿਵੇਕਲੇ ਸੰਸਾਰ ਦੀ ਹਸਤੀ ਪ੍ਰਦਾਨ ਕਰਦਾ ਹੈ। ਇਸੇ ਕਰਕੇ ਨਾਵਲੀ ਪਾਠ ਵਿਚ ਇਹ ਅਰਥਸ਼ੀਲ ਪ੍ਰਬੰਧ ਆਪਣੇ ਆਪ ਨੂੰ ਸੈਵ-ਸਿੱਧ ਸੰਸਾਰ ਵਿਚ ਬਦਲ ਕੇ ਇਕ ਖ਼ੁਦਮੁਖ਼ਤਾਰ ਵਸਤੂ ਬਣ ਜਾਂਦਾ ਹੈ। ਨਾਵਲ ਦਾ ਗਲਪੀ ਪ੍ਰਵਚਨ ਭਾਵੇਂ ਵਸਤੂ-ਯਥਾਰਥ ਦਾ ਹੀ ਰੂਪ ਹੁੰਦਾ ਹੈ, ਪਰ ਇਸ ਦੇ ਆਪਣੇ ਨਿਯਮ, ਰਵਾਇਤਾਂ ਅਤੇ ਵਿਸ਼ੇਸ਼ਤਾਵਾਂ ਹੁੰਦੀਆਂ ਹਨ। ਇਸ ਸਥਿਤੀ ਦੀ ਵਿਆਖਿਆ ਇਸ ਤਰ੍ਹਾਂ ਵੀ ਕੀਤੀ ਜਾ ਸਕਦੀ ਹੈ ਕਿ ਵਸਤੂ-ਯਥਾਰਥ ਵਿਚ ਵਾਪਰਨ ਵਾਲੀਆਂ ਘਟਨਾਵਾਂ, ਨਾਵਲ ਵਿਚ ਕਾਰਜ ਬਣ ਜਾਂਦੀਆਂ ਹਨ, ਜਿਉਂਦੇ ਜਾਗਦੇ ਮਨੁੱਖ ਪਾਤਰ ਬਣ ਜਾਂਦੇ ਹਨ, ਜ਼ਿੰਦਗੀ ਵਿਚਲੇ ਇਤਫ਼ਾਕ, ਦੁਰਘਟਨਾਵਾਂ, ਸੰਗਤੀਆਂ, ਵਿਸੰਗਤੀਆਂ ਅਤੇ ਰੁਝਾਣ ਵਿਸ਼ੇਸ਼ ਕਿਸਮ ਦੀਆਂ ਪਾਠਗਤ ਜੁਗਤਾਂ ਬਣ ਜਾਂਦੇ ਹਨ। ਇਹ ਪ੍ਰਕਿਰਿਆਂ ਹੀ ਨਾਵਲੀ-ਸੰਸਾਰ ਨੂੰ ਵਸਤੂ ਯਥਾਰਥ ਨਾਲ ਦੋਹਰੇ ਰਿਸ਼ਤੇ ਵਿਚ ਜੋੜਦੀ ਹੈ ਅਤੇ ਉਹ ਉਸ ਵਰਗਾ ਹੁੰਦਾ ਹੋਇਆ ਵੀ ਉਸਤੋਂ ਪੂਰੀ ਤਰ੍ਹਾਂ ਵਿਲੱਖਣ ਹੁੰਦਾ ਹੈ। ਨਾਵਲ ਦੀ ਪ੍ਰਮੁੱਖ ਵਿਸ਼ੇਸ਼ਤਾ ਉਸਦਾ ਬਿਰਤਾਂਤਕ ਸਰੂਪ ਹੈ। ਇਹ ਇਕੋ ਵੇਲੇ ਆਪਣੇ ਆਪ ਨੂੰ ਪਹਿਲਾਂ ਪ੍ਰਚਲਿਤ ਰਹਿ ਚੁੱਕੇ ਬਿਰਤਾਂਤਾਂ ਜਿਵੇਂ ਮਹਾਂਕਾਵਿ, ਦੁਖਾਂਤ, ਲੰਮੇ ਬਿਰਤਾਂਤਾਂ ਤੋਂ ਵੀ ਨਿਖੇੜਦਾ ਹੈ ਅਤੇ ਸਮਕਾਲ ਵਿਚ ਰਚੇ ਜਾ ਰਹੇ ਬਿਰਤਾਂਤ ਜਿਵੇਂ ਨਾਟਕ, ਕਹਾਣੀ, ਜੀਵਨੀ, ਸਵੈ-ਜੀਵਨੀ, ਸੰਸਮਰਣ, ਡਾਇਰੀ ਅਤੇ ਬਿਰਤਾਂਤਕ ਕਵਿਤਾ ਆਦਿ ਤੋਂ ਵੀ ਪੂਰੀ ਤਰ੍ਹਾਂ ਅਲੱਗ ਕਰਦਾ ਹੈ। ਨਾਵਲ ਦਾ ਇਹਨਾਂ ਬਿਰਤਾਂਤਾਂ ਨਾਲ ਰਿਸ਼ਤਾ ਸਾਂਝ ਅਤੇ ਨਿਖੇੜੇ ਵਾਲਾ ਹੈ। ਆਪਣੇ ਬਿਰਤਾਂਤਕ ਸਰੂਪ ਦੇ ਸਿੱਟੇ ਵਜੋਂ ਇਹ ਉਹਨਾਂ ਨਾਲ ਸਾਂਝ ਕਾਇਮ ਕਰਦਾ ਹੈ ਅਤੇ ਆਪਣੀ ਰੂਪਾਕਾਰਕ ਵਿਲੱਖਣਤਾ ਦੇ ਸਿੱਟੇ ਵਜੋਂ ਉਹਨਾਂ ਨਾਲੋਂ ਅਲੱਗ ਹੋ ਕੇ ਆਪਣੀ ਪਹਿਚਾਣ ਬਣਾ ਲੈਂਦਾ ਹੈ। ਉਸਦੀ ਵਿਲੱਖਣਤਾ ਯਥਾਰਥ ਦੀ ਪ੍ਰਤੱਖਣ-ਵਿਧੀ, ਵਰਤਾਰੇ ਦੇ ਸਮੁੱਚ ਨੂੰ ਗ੍ਰਹਿਣ ਕਰਨ ਦੀ ਸਮੱਰਥਾ ਅਤੇ ਨਾਵਲੀ ਕਥਾ ਨੂੰ ਇਤਿਹਾਸਕ, ਸਭਿਆਚਾਰਕ ਤੇ ਮਾਨਸਿਕ ਮੰਡਲਾਂ ਦੇ ਪ੍ਰਸੰਗ ਵਿਚ ਸਮਝਦੇ ਹੋਏ ਉਸਨੂੰ ਸਮੁੱਚੇ ਚੌਗਿਰਦੇ ਦੇ ਹਵਾਲੇ ਨਾਲ ਪੇਸ਼ ਕਰਦਾ ਹੈ।

ਪੰਜਾਬੀ ਨਾਵਲ ਪੰਜਾਬੀ ਬਿਰਤਾਂਤ ਦੀਆਂ ਰੂੜ੍ਹ ਹੋ ਚੁੱਕੀਆਂ ਬਿਰਤਾਂਤਕ ਜੁਗਤਾਂ ਦੀ ਵਰਤੋਂ ਕਰਦਾ ਵੇਖਿਆ ਜਾ ਸਕਦਾ ਹੈ। ਇਸ ਕਰਕੇ ਪੰਜਾਬੀ ਨਾਵਲ ਦੀਆਂ ਬਿਰਤਾਂਤਕ ਜੁਗਤਾਂ ਦੀ ਤਲਾਸ਼ ਕਰਨ ਸਮੇਂ ਜ਼ਰੂਰੀ ਹੈ ਕਿ ਪੰਜਾਬੀ ਨਾਵਲ ਦੇ ਗਲਪੀ ਚਿਹਨਾਂ ਦੀ ਸੰਯੋਜਨ-ਵਿਧੀ ਅਤੇ ਅਰਥ-ਸੰਚਾਰ ਪ੍ਰਕਿਰਿਆ ਵਿਚ ਪ੍ਰਯੁਕਤ ਬਿਰਤਾਂਤਕ ਜੁਗਤਾਂ ਨਾਲ ਨਿਭਾਉ ਦਾ ਪੂਰਵ-ਪ੍ਰਚਲਿਤ ਬਿਰਤਾਂਰਿਕ ਰੂਪਾਕਾਰਾਂ ਦੀਆਂ ਬਿਰਤਾਂਤਕ ਜੁਗਤਾਂ ਨਾਲ ਸੰਬਾਦੀ ਰਿਸ਼ਤਾ ਤਲਾਸ਼ਿਆ ਜਾਵੇ। ਮਧੱਕਾਲੀਨ ਪੰਜਾਬੀ ਸਾਹਿਤ ਵਿਚ ਪ੍ਰਚਲਿਤ ਬਿਰਤਾਂਤਿਕ ਰੂਪਾਕਾਰ ਜਿਵੇਂ ਕਿੱਸਾ-ਕਾਵਿ, ਵਾਰ-ਕਾਵਿ ਅਤੇ ਜਨਮਸਾਖੀ-ਸਾਹਿਤ ਵਿਚ ਬਿਰਤਾਂਤਿਕ ਚਿਹਨਾਂ ਦੀ ਸੰਯੋਜਨ-ਵਿਧੀ ਅਤੇ ਅਰਥ-ਸੰਚਾਰ ਪ੍ਰਕਿਰਿਆ ਵਿਚ ਗਤੀਸ਼ੀਲ ਬਿਰਤਾਂਤਕ ਜੁਗਤਾਂ, ਪੰਜਾਬੀ ਨਾਵਲ ਵਿਚ ਅਤੇ ਵਿਸ਼ੇਸ਼ ਰੂਪ ਵਿਚ ਮੁੱਢਲੇ ਪੰਜਾਬੀ ਨਾਵਲ ਵਿਚ ਪ੍ਰਵਾਹਮਾਨ ਦਿਖਾਈ ਦਿੰਦੀਆਂ ਹਨ।

## ਮੁੱਢਲੇ ਪੰਜਾਬੀ ਨਾਵਲ ਦੀਆਂ ਪ੍ਰਵਿਰਤੀਆਂ ਅਤੇ ਬਿਰਤਾਂਤਕ ਜੁਗਤਾਂ :-

ਮੁੱਢਲੇ ਪੰਜਾਬੀ ਨਾਵਲ ਵਿਚ ਇਕ ਪਾਸੇ ਤਾਂ ਈਸਾਈ ਮਿਸ਼ਨਰੀਆਂ ਦੇ ਪ੍ਰਭਾਵ ਅਧੀਨ ਨਾਵਲ ਲਿਖਵਾਏ/ਅਨੁਵਾਦ ਕੀਤੇ ਗਏ, ਜਿਸ ਵਿਚ ਦੋ ਨਾਵਲ 'ਜਯੋਤਿਰੁਦਯ' ਅਤੇ 'ਮਸੀਹੀ ਮੁਸਾਫਰ ਦੀ ਯਾਤਰਾ' ਨੂੰ ਰੱਖਿਆ ਜਾ ਸਕਦਾ ਹੈ। ਦੂਜੇ ਪਾਸੇ ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਰਚੇ ਗਏ ਭਾਈ ਵੀਰ ਸਿੰਘ, ਮੋਹਨ ਸਿੰਘ ਵੈਦ ਅਤੇ ਚਰਨ ਸਿੰਘ ਸ਼ਹੀਦ ਦੇ ਨਾਵਲ ਨੂੰ ਰੱਖਿਆ ਜਾ ਸਕਦਾ ਹੈ। 'ਜਯੋਤਿਰੁਦਯ' ਅਤੇ 'ਮਸੀਹੀ ਮੁਸਾਫਰ ਦੀ ਯਾਤਰਾ' ਈਸਾਈ ਧਰਮ ਦੀ ਪ੍ਰੇਰਿਕਤਾ ਰਾਹੀਂ ਈਸਾਈ ਨਾਇਕ ਦੀ ਸ੍ਰੇਸ਼ਠਤਾ ਨੂੰ ਸਥਾਪਿਤ ਕਰਨ ਲਈ ਯਤਨਸ਼ੀਲ ਹਨ ਜਦਕਿ ਭਾਈ ਵੀਰ ਸਿੰਘ, ਮੋਹਨ ਸਿੰਘ ਵੈਦ ਅਤੇ ਚਰਨ ਸਿੰਘ ਸ਼ਹੀਦ ਆਦਿ ਨਾਵਲਕਾਰ ਸਿੱਖ ਧਰਮ ਅਤੇ ਪੰਥ ਦੀ ਪ੍ਰੇਰਿਕਤਾ ਅਧੀਨ, ਵਿਗਠਿਤ ਹੋਏ ਨਾਇਕ ਨੂੰ ਸੰਗਠਿਤ ਸਵੈ ਵਿਚ ਬੰਨ੍ਹ ਕੇ, ਸਿੱਖ ਹਉਂ ਦੀ ਸਥਾਪਤੀ ਲਈ ਪ੍ਰਤਿਬੱਧ ਹਨ। ਜਦੋਂ ਮੁੱਢਲੇ ਪੰਜਾਬੀ ਨਾਵਲ ਦੀ ਅਰਥ-ਸਿਰਜਣ ਦੀ ਪ੍ਰਕਿਰਿਆ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਪੰਜ ਪ੍ਰਮੁੱਖ ਬਿਰਤਾਂਤਕ ਜੁਗਤਾਂ ਦੀ ਵਰਤੋਂ ਕੀਤੀ ਗਈ ਮਿਲਦੀ ਹੈ। ਪਹਿਲੀ, ਗਲਪੀ ਸੰਸਾਰ ਦੀ ਪ੍ਰਕਿਰਿਆ ਇਕਬਚਨੀ ਸੁਭਾਅ ਦੀ ਧਾਰਨੀ ਹੈ। ਲੇਖਕ ਪਾਠਕ ਨੂੰ ਆਦੇਸ਼ ਦਿੰਦਾ ਹੈ ਅਤੇ ਪਾਠਕ ਦੀ ਵਿਅਕਤੀਪਰਕਤਾ ਨੂੰ ਸਮੂਹਿਕਤਾ ਦੀ ਸੰਬੋਧਨੀ ਸੁਰ ਨਾਲ ਖਾਰਜ ਕਰ ਦਿੰਦਾ ਹੈ। ਦੂਜੀ, ਸਮੁੱਚਾ ਗਲਪੀ ਵਾਤਾਵਰਣ ਨਾਇਕਮੁਖੀ ਹੈ ਅਤੇ ਨਾਇਕਤਵ ਦੀ ਸਥਾਪਤੀ ਲਈ ਬਿਰਤਾਂਤਕ ਜੁਗਤਾਂ ਕਾਰਜਸ਼ੀਲ ਹਨ। ਤੀਜੀ, ਗਲਪੀ ਪਾਠ ਦਾ ਸਮੁੱਚਾ ਸੰਕਲਪ-ਪ੍ਰਬੰਧ ਪ੍ਰਤਿਮਾਨਿਕ ਹੈ, ਨਾਇਕ ਆਪਣੀ ਆਦਰਸ਼ਕ ਕਰਮ-ਪਰਕਤਾ ਨਾਲ ਸਮੁੱਚੇ ਗਲਪੀ-ਬ੍ਰਹਿਮੰਡ ਨੂੰ ਦਿਸ਼ਾ ਅਤੇ ਦਸ਼ਾ ਪ੍ਰਦਾਨ ਕਰਦਾ ਹੈ। ਚੌਥਾ, ਪਾਠ ਵਿਚ ਨੇਕ-ਸ਼ਕਤੀਆਂ ਅਤੇ ਬਦਸ਼ਕਤੀਆਂ ਵਿਚ ਤਣਾਉ ਨਿਰੰਤਰ ਜਾਰੀ ਰਹਿੰਦਾ ਹੈ, ਜਿਸ ਵਿਚ ਨੇਕੀ ਦੀ ਜਿੱਤ ਲਾਜ਼ਮੀ ਹੈ। ਪੰਜਵੀਂ ਗਲਪੀ ਪਾਠ ਦੀਆਂ ਸਮੁੱਚੀਆਂ ਘਟਨਾਵਾਂ, ਘਟਨਾਤਮਕ ਕ੍ਰਮ, ਘਟਨਾਵਾਂ ਵਿਚਲਾ ਤਰਕ, ਘਟਨਾਤਮਕ ਵਿਵੇਕ ਦਾ ਸਿੱਟਾ ਹੋਣ ਦੀ ਥਾਂ, ਲੇਖਕ ਦੀ ਮਨੋਰਥਪਰਕਤਾ ਦਾ ਪ੍ਰਤਿਫ਼ਲ ਬਣ ਜਾਂਦਾ ਹੈ। ਜਿਸ ਕਰਕੇ ਲੇਖਕ ਆਪਣੇ ਆਦਰਸ਼ ਦੀ ਸਿਰਜਣਾ ਲਈ ਅਜਿਹੀਆਂ ਵਿਧੀਆਂ ਦੀ ਵਰਤੋਂ ਕਰਦਾ ਹੈ, ਜੋ ਨਾਵਲ ਨੂੰ ਨਾ ਕੇਵਲ ਗਲਪੀ ਸੰਭਾਵਨਾਵਾਂ ਤੋਂ ਪਰ੍ਹੇ ਲੈ ਕੇ ਜਾਂਦੀਆਂ ਹਨ ਸਗੋਂ ਰੋਮਾਂਟਿਕ ਵਾਤਾਵਰਣ ਸਿਰਜਣ ਦੀ ਕੋਸ਼ਿਸ਼ ਵੀ ਕਰਦੀਆਂ ਹਨ।

## ਵਿਅਕਤੀਵਾਦੀ ਆਦਰਸ਼ਵਾਦੀ ਨਾਵਲ ਦੀਆਂ ਪ੍ਰਵਿਰਤੀਆਂ ਅਤੇ ਬਿਰਤਾਂਤਕ ਜੁਗਤਾਂ :-

ਪੰਜਾਬੀ ਨਾਵਲ ਦੇ ਇਸ ਦੌਰ ਦੇ ਨਾਵਲਕਾਰ ਪਹਿਲੀ ਪੀੜ੍ਹੀ ਦੇ ਨਾਵਲਕਾਰਾਂ ਤੋਂ ਰਚਨਾ ਸੰਸਾਰ ਦੀ ਦ੍ਰਿਸ਼ਟੀ ਤੋਂ ਭਿੰਨਤਾ ਸਿਰਜਦੇ ਹਨ, ਪਰ ਬਿਰਤਾਂਤਕ ਜੁਗਤਾਂ ਦੇ ਨਿਭਾਉ ਦੀ ਦ੍ਰਿਸ਼ਟੀ ਤੋਂ ਭਿੰਨਤਾ ਸਿਰਜਣਾ ਤੋਂ ਅਸਮਰਥ ਹਨ। ਪਹਿਲੀ ਪੀੜ੍ਹੀ ਦੇ ਨਾਵਲਾਂ ਵਿਚ ਜਿੱਥੇ ਸਦਾਚਾਰਕਤਾ, ਆਦਰਸ਼ਾਤਮਕਤਾ ਅਤੇ ਸਮਾਜ-ਸੁਧਾਰਕਤਾ, ਧਾਰਮਕ ਮਰਯਾਦਾ ਦੀ ਦ੍ਰਿਸ਼ਟੀ ਤੋਂ ਪੇਸ਼ ਹੁੰਦੀ ਹੈ, ਉਥੇ ਇਹ ਨਾਵਲ ਧਾਰਮਕ ਸਦਾਚਾਰਕਤਾ ਅਤੇ ਆਦਰਸ਼ਾਤਮਕਤਾ ਨੂੰ ਸਮਾਜ-ਸੁਧਾਰਕ ਪਰਿਪੇਖ ਲਈ ਸਿਰਜਦੇ ਹਨ। ਇਸ ਕਰਕੇ ਵਿਧੀ ਦੀ ਦ੍ਰਿਸਟੀ ਤੋਂ ਇਹ ਨਾਵਲ ਵੀ ਆਦਰਸ਼-ਸਿਰਜਣਾ ਲਈ ਬਿਰਤਾਂਤਕ ਜੁਗਤਾਂ ਦੀ ਵਰਤੋਂ ਕਰਦੇ ਹਨ। ਸਮਾਜਕ ਸਦਾਚਾਰਕਤਾ ਨੂੰ ਸਥਾਪਿਤ ਕਰ ਲਈ ਵਰਤੀਆਂ ਗਈਆਂ

ਬਿਰਤਾਂਤਕ ਜੁਗਤਾਂ ਦੀ ਪਹਿਲੀ ਪੀੜ੍ਹੀ ਦੇ ਨਾਵਲਕਾਰਾਂ ਨਾਲ ਕਾਫੀ ਸਾਂਝ ਦੇਖੀ ਜਾ ਸਕਦੀ ਹੈ। ਪੰਜਾਬੀ ਨਾਵਲਾਂ ਤੋਂ ਬਿਨਾਂ ਮੱਧਕਾਲੀਨ ਬਿਰਤਾਂਤ ਦੀਆਂ ਬਿਰਤਾਂਤਕ ਜੁਗਤਾਂ ਦੀ ਇਸ ਪੀੜ੍ਹੀ ਦੇ ਨਾਵਲਕਾਰਾਂ ਲਈ ਵਿਸ਼ੇਸ਼ ਰੂਪ ਵਿਚ ਪ੍ਰੇਰਨਾ-ਸ੍ਰੋਤ ਬਣਕੇ 'ਆਦਰਸ਼ ਸਿਮਰਨ' ਦਾ ਸੰਕਲਪਾਤਮਕ ਧਰਾਤਲ ਪ੍ਰਦਾਨ ਕਰਦੀਆਂ ਹਨ। ਹਰ ਇਕ ਨਾਵਲ ਵਿਚ ਸਮੱਸਿਆਵਾਂ ਦੇ ਹੱਲ ਲਈ ਦਿਸ਼ਾ ਪ੍ਰਦਾਨ ਕਰਨ ਵਾਸਤੇ, ਕਿਸੇ ਬਿਰਧ ਸ਼ਕਤੀ ਨੂੰ ਸਥਾਪਿਤ ਕਰਨ ਦੀ ਬਿਰਤਾਂਤਕ ਜੁਗਤ ਦੀ ਵਰਤੋਂ ਕੀਤੀ ਗਈ ਮਿਲਦੀ ਹੈ।

## ਪ੍ਰਗਤੀਵਾਦੀ/ ਯਥਾਰਥਵਾਦੀ ਨਾਵਲ ਦੀਆਂ ਪ੍ਰਵਿਰਤੀਆਂ ਅਤੇ ਬਿਰਤਾਂਤਕ ਜੁਗਤਾਂ :-

ਸਮੁੱਚੇ ਕਾਲ ਦੇ ਸਮੁੱਚੇ ਨਾਵਲ ਦੀ ਨਾਵਲੀ-ਦ੍ਰਿਸ਼ਟੀ ਵੱਲ ਧਿਆਨ ਮਾਰਿਆਂ ਇਹ ਗੱਲ ਉਜਾਗਰ ਹੁੰਦੀ ਹੈ ਕਿ ਇਸ ਦੌਰ ਵਿਚ ਵੀ ਭਿੰਨ-ਭਿੰਨ ਵਿਸ਼ੇ ਖੇਤਰਾਂ ਨੂੰ ਪੇਸ਼ ਕਰਨ ਵਾਲੀ ਬਿਰਤਾਂਤ ਦ੍ਰਿਸ਼ਟੀ ਦੇ ਸਾਰੇ ਸੰਦਰਭ ਲਗਭਗ ਇਕੋ ਜਿਹੀ ਹੀ ਨਾਵਲੀ ਦ੍ਰਿਸ਼ਟੀ ਦਾ ਨਿਰਮਾਣ ਕਰਦੇ ਹਨ। ਇਸ ਦੌਰ ਦੇ ਨਾਵਲਾਂ ਵਿਚਲੀ ਯਥਾਰਥਵਾਦੀ ਧਾਰਾ, ਆਂਚਲਿਕ ਯਥਾਰਥ ਦੀ ਪੇਸ਼ਕਾਰੀ, ਮਹਾਨਗਰੀ ਚੇਤਨਾ/ਯਥਾਰਥ ਦੀ ਪੇਸ਼ਕਾਰੀ ਅਤੇ ਨਾਰੀਵਾਦੀ ਯਥਾਰਥ ਦੀ ਪੇਸ਼ਕਾਰੀ ਆਦਿ ਪ੍ਰਮੁੱਖ ਵਿਸ਼ੇਗਤ ਸੰਦਰਭ ਪ੍ਰਚਲਿਤ ਹੁੰਦੇ ਹਨ। ਇਸ ਕਾਲ ਵਿਚ ਰਚੇ ਗਏ ਪਹਿਲੇ ਪਸਾਰ ਦੇ ਅਧੀਨ ਅਸੀਂ ਉਹਨਾਂ ਨਾਵਲਾਂ ਨੂੰ ਰੱਖ ਸਕਦੇ ਹਾਂ ਜੋ ਆਪਣੀਆਂ ਸਮੁੱਚੀਆਂ ਬਿਰਤਾਂਤਕ ਜੁਗਤਾਂ ਨੂੰ ਯੁਗਬੋਧ ਦੇ ਪਰਿਪੇਖ ਵਿਚ ਸਿਰਜਣ ਦੀ ਕੋਸ਼ਿਸ਼ ਕਰਦੇ ਹਨ। ਇਹਨਾਂ ਨਾਵਲਾਂ ਦਾ ਘਟਨਾ-ਸਥਲ ਪੇਂਡੂ ਜੀਵਨ ਹੈ ਅਤੇ ਪੇਂਡੂ ਭਾਈਚਾਰੇ ਦੇ ਸਮੂਹਵਾਚੀ ਸੰਕਲਪ ਪ੍ਰੰਬਧ ਦੇ ਵਿਖੰਡਿਤ ਹੋਣ ਨਾਲ ਉਪਜਣ ਵਾਲੇ ਬਹੁ-ਪਸਾਰੀ ਸੰਤਾਪ ਨੂੰ ਪੇਸ਼ ਕਰਨਾ ਇਹਨਾਂ ਦਾ ਪ੍ਰਯੋਜਨ ਹੈ। ਇਹ ਬਿਰਤਾਂਤਕ ਜੁਗਤਾਂ ਪ੍ਰੰਪਰਿਕ ਸਭਿਆਚਾਰਕ ਵਿਚਾਰ-ਪ੍ਰੰਬਧ ਅਤੇ ਸਮਕਾਲੀਨ ਇਤਿਹਸਾਕ ਰੂਪਾਂਤਰਣ ਦੇ ਯੁਗਮੁਖੀ ਪ੍ਰੰਸਗ ਦੀ ਦਵੰਦਾਤਮਕਤਾ ਨੂੰ ਸੰਚਾਰ ਦੀ ਪ੍ਰਕਿਰਿਆ ਵਿਚ ਪਾਉਣ ਲਈ ਯਤਨਸ਼ੀਲ ਹਨ। ਜਿੱਥੇ ਪਰੰਪਰਿਕ ਨਾਵਲਕਾਰ ਨਾਇਕ-ਸਿਮਰਨ ਦੀ ਰੁਚੀ ਅਧੀਨ ਨਾਇਕ ਦੀ ਕਰਮ ਮੂਲਕਤਾ ਨੂੰ ਸਿਰਜਦੇ ਸਨ, ਇਹ ਗਲਪਕਾਰ ਨਾਇਕ ਦੀ ਪ੍ਰਤਿਕਰਮ-ਮੂਲਕਤਾ ਅਤੇ ਪਰਿਸਥਿਤੀਆਂ ਦੀ ਕਰਮ-ਮੂਲਕਤਾ ਨੂੰ ਸਿਰਜਣ ਲਈ ਬਿਰਤਾਂਤਕ ਜੁਗਤਾਂ ਦੀ ਵਰਤੋਂ ਕਰਦੇ ਹਨ। ਪਰਸਥਿਤੀਆਂ ਦੇ ਵਿਰੋਧ ਵਿਚ ਖੜ੍ਹਾ ਹੋ ਕੇ ਸਿਰਫ ਪ੍ਰਤਿਕਰਮ ਵਿਚ ਹੀ ਵਿਵਹਾਰ ਦੀ ਸਿਰਜਣਾ ਕਰਦਾ ਹੈ। ਗਲਪੀ ਬਿਰਤਾਂਤ ਵਿਚ ਅਪ੍ਰਾਪਤੀਆਂ ਅਤੇ ਸੰਘਰਸ਼ਸ਼ੀਲ ਘਟਨਾਵਾਂ ਦੀ ਸੰਘਣਤਾ ਨਾਲ ਦੁਖਾਂਤ ਨੂੰ ਸ਼ੁੱਧ ਦੁਖਾਂਤ ਤੱਕ ਪਹੁੰਚਾਇਆ ਜਾਂਦਾ ਹੈ। ਦੂਜੇ ਪਸਾਰ ਨੂੰ ਪੇਸ਼ ਕਰਨ ਵਾਲੇ ਨਾਵਲ ਆਪਣੀਆਂ ਬਿਰਤਾਂਤਕ ਜੁਗਤਾਂ ਆਤਮ-ਬੋਧ ਦੇ ਪਰਿਪੇਖ ਸਿਰਜਣ ਦੀ ਕੋਸ਼ਿਸ਼ ਕਰਦੇ ਹਨ। ਇਹਨਾਂ ਨਾਵਲਾਂ ਵਿਚ ਨਾਵਲਕਾਰ ਮਨੁੱਖ ਦੀ ਸੰਕਲਪਨਾ ਉਸ ਦੇ ਵ੍ਰਿਤੀਆਤਮਕ ਪ੍ਰਸੰਗ ਵਿਚ ਕਰਦੇ ਹੋਏ, ਵ੍ਰਿਤੀਆਤਮਕ ਤਣਾਉ ਦੇ ਆਧਾਰ 'ਤੇ ਉਪਜੇ ਮਾਨਸਿਕ ਸੰਕਟ ਦੇ ਵਿਆਪਕ ਪ੍ਰਸੰਗ ਨੂੰ ਪੇਸ਼ ਕਰਦਾ ਹੈ। ਇਹਨਾਂ ਨਾਵਲਾਂ ਦਾ ਘਟਨਾ-ਸਥਲ ਸ਼ਹਿਰ ਅਤੇ ਵਿਸ਼ੇਸ਼ ਕਰਕੇ ਮਹਾਨਗਰੀ ਜੀਵਨ ਹੈ ਅਤੇ ਇਹ ਮਹਾਨਗਰੀ ਤਰਜ਼-ਇ-ਜ਼ਿੰਦਗੀ ਵਿਚ ਵਿਆਪੇ ਮਾਨਵੀ ਸੰਕਟ ਦੇ ਬਹੁਪਸਾਰੀ ਚਰਿੱਤਰ ਨੂੰ ਪੇਸ਼ ਕਰਨ ਹਿਤ ਬਿਰਤਾਂਤਕ ਜੁਗਤਾਂ ਦੀ ਵਰਤੋਂ ਕਰਦੇ ਹਨ।

## ਉੱਤਰ ਯਥਾਰਥਵਾਦੀ ਨਾਵਲ ਦੀਆਂ ਪ੍ਰਵਿਰਤੀਆਂ ਅਤੇ ਬਿਰਤਾਂਤਕ ਜੁਗਤਾਂ :-

ਉੱਤਰ ਯਥਾਰਥਵਾਦੀ ਨਾਵਲ ਆਪਣੀਆਂ ਪ੍ਰਵਿਰਤੀਆਂ ਅਤੇ ਬਿਰਤਾਂਤਕ ਜੁਗਤਾਂ ਦੀ ਦ੍ਰਿਸ਼ਟੀ ਤੋਂ ਸਮੁੱਚੇ ਪੰਜਾਬੀ ਨਾਵਲ ਵਿਚ ਵੱਖਰੀ ਪਹਿਚਾਣ ਕਾਇਮ ਕਰਨ ਵਿਚ ਸਫ਼ਲ ਹੁੰਦਾ ਹੈ। ਇਸ ਕਾਲ ਵਿਚ ਰਚੇ ਗਏ ਨਾਵਲਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਨਾਵਲ ਬਿਰਤਾਂਤਕ ਸੰਦਰਭਾਂ ਦੇ ਲਿਹਾਜ਼ ਨਾਲ ਵੀ ਵੰਨ-ਸਵੰਨੇ ਵਿਸ਼ਿਆਂ ਦੀ ਪੇਸ਼ਕਾਰੀ ਕਰਦੇ ਹਨ ਅਤੇ ਰਚਨਾ ਦ੍ਰਿਸ਼ਟੀ ਦੇ ਪੱਖ ਤੋਂ ਵੀ ਵੰਨ ਸੁਵੰਨਤਾ ਨੂੰ ਧਾਰਨ ਕਰਦੇ ਹਨ। ਸਮੁੱਚੇ ਪੰਜਾਬੀ ਨਾਵਲ ਵਿਚ ਸਿਰਫ਼ ਉੱਤਰ ਯਥਾਰਥਵਾਦੀ ਕਾਲ ਦਾ ਨਾਵਲ ਹੀ ਇਸ ਸਿਫਤ ਨੂੰ ਧਾਰਨ ਕਰਦਾ ਹੈ। ਜਿਥੇ ਇਸ ਤੋਂ ਪਹਿਲੇ ਨਾਵਲ ਵਿਚ ਇਕ ਵਿਸ਼ੇਸ਼ ਦੌਰ ਵਿਚ ਇਕ ਵਿਸ਼ੇਸ਼ ਰਚਨਾ-ਦ੍ਰਿਸ਼ਟੀ ਹੀ ਪ੍ਰਚਲਿਤ ਰਹਿੰਦੀ ਹੈ, ਉਥੇ ਇਸ ਕਾਲ ਵਿਚ ਸਿਰਫ ਇਕ ਰਚਨਾ-ਦ੍ਰਿਸ਼ਟੀ ਦੀ ਥਾਂ ਭਿੰਨ-ਭਿੰਨ ਨਾਵਲਕਾਰ ਵਿਕੋਲਿਤਰੇ ਬਿਰਤਾਂਤਕ ਸੰਦਰਭਾਂ ਦੀ ਪੇਸ਼ਕਾਰੀ ਕਰਨ ਦੇ ਨਾਲ-ਨਾਲ ਵੱਖੋ ਵੱਖਰੀਆਂ ਰਚਨਾ-ਦ੍ਰਿਸ਼ਟੀ ਦੀ ਵੀ ਪੇਸ਼ਕਾਰੀ ਕਰਦੇ ਹਨ। ਇਸ ਦੌਰ ਦੇ ਨਾਵਲਾਂ ਵਿਚ ਉਹਨਾਂ ਨਾਵਲਾਂ ਨੂੰ ਰੱਖਿਆ ਜਾ ਸਕਦਾ ਹੈ, ਜੋ ਯੁਗ-ਬੋਧ ਨੂੰ ਮੁਲਾਂਕਣੀ ਪ੍ਰਕਿਰਿਆ ਵਿਚ ਪਾ ਕੇ ਸਮਕਾਲੀਨ ਪਰਿਸਥਿਤੀਆਂ ਨੂੰ ਚਿੱਤਰਦੇ ਹਨ। ਦੂਜੇ ਪਸਾਰ ਦੇ ਨਾਵਲਾਂ ਬਾਰੇ ਚਰਚਾ ਕਰਨ ਸਮੇਂ ਅਸੀਂ ਦੇਖਿਆ ਹੈ ਕਿ ਯਥਾਰਥਵਾਦੀ ਨਾਵਲਕਾਰਾਂ ਨੇ ਆਪਣੀਆਂ ਬਿਰਤਾਂਤਕ ਜੁਗਤਾਂ ਦੀ ਵਰਤੋਂ ਰਾਹੀਂ ਪਰਿਸਥਿਤੀਆਂ ਦੇ ਵਿਵੇਕ ਵਿਚੋਂ ਉਪਜਣ ਵਾਲੇ ਸੰਕਟਾਂ ਨੂੰ ਪੇਸ਼ ਕੀਤਾ ਸੀ। ਉਸ ਪਸਾਰ ਦੇ ਨਾਵਲਾਂ ਵਿਚ ਨਾਇਕ ਆਪਣੇ ਸੰਘਰਸ਼ ਰਾਹੀਂ ਪਰਿਸਥਿਤੀਆਂ ਦੇ ਸਾਹਮਣੇ ਖੜ੍ਹਣ ਦੀ ਸਥਿਤੀ ਨੂੰ ਧਾਰਨ ਕਰ ਲੈਂਦਾ ਹੈ ਪਰ ਇਸ ਪਾਸਾਰ ਦੇ ਨਾਵਲ ਪਰਿਸਥਿਤੀਆਂ ਦੇ ਉਸ ਵਿਕਰਾਲ ਰੂਪ ਨੂੰ ਪੇਸ਼ ਕਰਨ ਲਈ ਬਿਰਤਾਂਤਕ ਜੁਗਤਾਂ ਦੀ ਵਰਤੋਂ ਕਰਦੇ ਹਨ, ਜਿਸ ਵਿਚ ਨਾਇਕ ਪੂਰੀ ਤਰ੍ਹਾਂ ਅਨਾਇਕ ਹੁੰਦਾ ਹੋਇਆ ਪਰਿਸਥਿਤੀਆਂ ਦੇ ਹੱਥੋਂ ਲਾਚਾਰ ਹੈ। ਇਸ ਲਈ ਗਲਪੀ ਬਿਰਤਾਂਤ ਦੀ ਸਿਰਜਣਾ ਘਟਨਾਤਮਕ ਵਿਵੇਕ ਦੀ ਗਤੀਸ਼ੀਲ ਪ੍ਰਕਿਰਿਆ ਰਾਹੀਂ ਸੰਭਵ ਹੁੰਦੀ ਹੈ।

## ਪਰਵਾਸੀ ਪੰਜਾਬੀ ਨਾਵਲ ਦੀਆਂ ਪ੍ਰਵਿਰਤੀਆਂ ਅਤੇ ਬਿਰਤਾਂਤਕ ਜੁਗਤਾਂ :-

ਪਰਵਾਸੀ ਪੰਜਾਬੀ ਨਾਵਲ ਦੀ ਵੀ ਆਪਣੀ ਹੀ ਕਿਸਮ ਦੀ ਵਿਕਾਸ-ਰੇਖਾ ਦੇਖੀ ਜਾ ਸਕਦੀ ਹੈ। ਨਿਰਸੰਦੇਹ ਇਸ ਨਾਵਲ ਨੂੰ ਵੀ ਨਿਰੋਲ ਰੂਪ ਵਿਚ ਇਥੇ ਲਿਖੇ ਜਾ ਰਹੇ ਨਾਵਲ ਦੇ ਬਰਾਬਰ ਰੱਖਕੇ ਨਹੀਂ ਵਿਚਾਰਿਆ ਜਾ ਸਕਦਾ। ਇਸ ਸਥਿਤੀ ਨੂੰ ਇਸ ਰੂਪ ਵਿਚ ਵੀ ਬਿਆਨ ਕੀਤਾ ਜਾ ਸਕਦਾ ਹੈ, ਪਰਵਾਸੀ ਪੰਜਾਬੀ ਨਾਵਲ ਦੀਆਂ ਆਪਣੀਆਂ ਵੱਖਰੀਆਂ ਪ੍ਰਵਿਰਤੀਆਂ ਹਨ ਅਤੇ ਇਸ ਦੇ ਬਿਰਤਾਂਤਕ ਪ੍ਰਗਟਾਅ ਵਿਚ ਵੱਖਰੀ ਕਿਸਮ ਦੀਆਂ ਬਿਰਤਾਂਤਕ ਜੁਗਤਾਂ ਗਤੀਸ਼ੀਲ ਹੁੰਦੀਆਂ ਵੇਖੀਆਂ ਜਾ ਸਕਦੀਆਂ ਹਨ। ਪਰਵਾਸੀ ਪੰਜਾਬੀ ਨਾਵਲ ਦਾ ਕੇਂਦਰੀ ਸਰੋਕਾਰ ਪੱਛਮੀ ਸਮਾਜਿਕ ਪ੍ਰਬੰਧ ਵਿਚ ਪਰਵਾਸ ਕਰਨ ਉਪਰੰਤ ਅਤੇ ਉਥੇ ਪੱਕੇ ਤੌਰ ਤੇ ਵਸਣ ਤੋਂ ਬਾਅਦ ਪੈਦਾ ਹੋਣ ਵਾਲਾ ਸੰਕਟਾਂ ਅਤੇ ਸੰਤਾਪਾਂ ਦੀ ਬਿਰਤਾਂਤਕ ਪੇਸ਼ਕਾਰੀ ਕਰਨਾ ਹੈ। ਇਸ ਕਰਕੇ ਇਹ ਨਾਵਲ ਪੱਛਮੀ ਸਮਾਜ ਅਤੇ ਸਭਿਆਚਾਰ ਦੇ ਭਰਵੇਂ ਦ੍ਰਿਸ਼ ਪੇਸ਼ ਕਰਦਾ ਹੋਇਆ ਉਹਨਾਂ ਮਾਨਵੀ ਸਥਿਤੀਆਂ ਦੀ ਪੇਸ਼ਕਾਰੀ ਕਰਦਾ ਹੈ, ਜਿਸ ਵਿਚ ਫਸ ਕੇ ਪੰਜਾਬੀ ਮਨੁੱਖ ਨੂੰ ਆਪਣੀ

ਹੋਂਦ ਅਤੇ ਹਸਤੀ ਬਾਰੇ ਪਨੁਰ-ਚਿਤਵਨ ਦੇ ਰਾਹੇ ਪੈਣਾ ਪੈਂਦਾ ਹੈ। ਪਰਵਾਸੀ ਪੰਜਾਬੀ ਨਾਵਲ ਦਾ ਬਿਰਤਾਂਤ ਪੱਛਮੀ ਮੁਆਸ਼ਰੇ ਅਤੇ ਜੀਵਨ-ਸੰਦਰਭਾਂ ਦੀ ਨਵੇਂ ਸਿਰੇ ਤੋਂ ਵਿਆਖਿਆ ਵੀ ਕਰਦਾ ਹੈ ਅਤੇ ਇਸਦੇ ਮੁੱਲ-ਵਿਧਾਨ ਦੀ ਨਵੀਂ ਪਰਿਭਾਸ਼ਾ ਵੀ ਕਾਇਮ ਕਰਨ ਦੇ ਲਈ ਯਤਨਸ਼ੀਲ ਦੇਖਿਆ ਜਾ ਸਕਦਾ ਹੈ। ਇਹੀ ਕਾਰਨ ਹੈ ਕਿ ਨਵੇਂ ਪਰਵਾਸੀ ਪੰਜਾਬੀ ਨਾਵਲ ਦੇ ਬਿਰਤਾਂਤ ਦਾ ਹਿੱਸਾ ਬਣਿਆ ਪੱਛਮੀ ਸਮਾਜ ਦਾ ਯਥਾਰਥ ਪ੍ਰਸੰਸਾ ਅਤੇ ਰੋਮਾਂਸ ਦੇ ਕੇਂਦਰ ਘਟ ਬਣਾ ਹੈ ਅਤੇ ਮੁਲਾਂਕਣ ਅਤੇ ਆਲੋਚਨਾ ਦਾ ਕੇਂਦਰ ਬਣ ਕੇ ਪੇਸ਼ ਹੁੰਦਾ ਹੈ। ਪਰਵਾਸੀ ਪੰਜਾਬੀ ਨਾਵਲ ਦਾ ਬਿਰਤਾਂਤ ਵੱਖਰੀ ਕਿਸਮ ਦੀਆਂ ਬਿਰਤਾਂਤਕ ਜੁਗਤਾਂ ਦੀ ਵੀ ਸਿਰਜਣਾ ਕਰਦਾ ਹੈ। ਪਰਵਾਸੀ ਪੰਜਾਬੀ ਨਾਵਲ ਆਪਣੀ ਵਿਲੱਖਣ ਬਿਰਤਾਂਤ ਸਿਰਜਣ ਦੀ ਸਮਰਥਾ ਅਤੇ ਵਿਧੀਆਂ ਨਾਲ ਸਮੁੱਚੇ ਪੰਜਾਬੀ ਨਾਵਲ ਵਿਚ ਆਪਣੀ ਵੱਖਰੀ ਪਹਿਚਾਣ ਕਾਇਮ ਕਰਨ ਵਿਚ ਸਫ਼ਲ ਹੁੰਦਾ ਹੈ।

## ਪਾਕਿਸਤਾਨੀ ਪੰਜਾਬੀ ਨਾਵਲ ਦੀਆਂ ਪ੍ਰਵਿਰਤੀਆਂ ਅਤੇ ਬਿਰਤਾਂਤਕ ਜੁਗਤਾਂ :-

ਭਾਰਤੀ ਪੰਜਾਬ ਵਿਚ ਲਿਖੇ ਜਾ ਰਹੇ ਪੰਜਾਬੀ ਨਾਵਲ ਵਾਂਗ ਹੀ ਪਾਕਿਸਤਾਨੀ ਪੰਜਾਬ ਵਿਚ ਰਚਿਆ ਜਾ ਰਿਹਾ ਪੰਜਾਬੀ ਨਾਵਲ ਸਮੁੱਚੇ ਪਾਕਿਸਤਾਨੀ ਪੰਜਾਬੀ ਸਾਹਿਤ ਵਿਚ ਵਿਸ਼ੇਸ਼ ਸਥਾਨ ਰੱਖਦਾ ਹੈ। ਪਾਕਿਸਤਾਨੀ ਪੰਜਾਬੀ ਨਾਵਲ ਦੀ ਵਿਲੱਖਣਤਾ ਅਤੇ ਅਹਿਮ ਪ੍ਰਾਪਤੀ ਇਹ ਹੈ ਕਿ ਇਸ ਨੇ ਅਜਿਹੀਆਂ ਦੋ ਪ੍ਰਵਿਰਤੀਆਂ ਪੰਜਾਬੀ ਨਾਵਲ ਵਿਚ ਪ੍ਰਚਲਿਤ ਕੀਤੀਆਂ, ਜਿਨ੍ਹਾਂ ਦੀ ਇਧਰਲੇ ਪੰਜਾਬ ਵਿਚ ਰਚੇ ਜਾ ਰਹੇ ਨਾਵਲ ਵਿਚ ਪੂਰੀ ਤਰ੍ਹਾਂ ਅਣਹੋਂਦ ਹੈ। ਪਹਿਲੀ ਵਿਖੰਡਤ ਮਨੁੱਖੀ ਆਪੇ ਹੀ ਪ੍ਰਤੀਕਾਤਮਕ ਪੇਸ਼ਕਾਰੀ ਅਤੇ ਦੂਜੇ ਜਨੌਰਾਂ ਆ ਜਾਨਵਰਾਂ ਦੀ ਮਾਨਵੀਕਰਨ ਦੀ ਜੁਗਤ ਰਾਹੀਂ ਨਵੇਂ ਮੁਆਸ਼ਰੇ ਵਿਚ ਵਿਆਪੇ ਹੋਏ, ਵਿਗਠਨਾਂ ਅਤੇ ਦਮਨਕਾਰੀ ਦੀ ਪ੍ਰਕਿਰਿਆ ਦਾ ਪ੍ਰਤੀਕਾਤਮਕ ਚਿਤਰਣ। ਜ਼ਾਹਿਰ ਹੈ ਕਿ ਇਧਰਲੇ ਪੰਜਾਬ ਵਿਚ ਪ੍ਰਚਲਿਤ ਹੋਣ ਵਾਲੀ ਨਾਵਲ ਰਚਨਾ ਦੀ ਲੰਮੀ ਪ੍ਰੰਪਰਾ ਵਿਚ ਇਹਨਾਂ ਦੋਹਾਂ ਬਿਰਤਾਂਤਕ ਵਿਧੀਆਂ ਦੀ ਵਰਤੋਂ ਨਾ ਹੀ ਬਰਾਬਰ ਹੈ। ਇਸ ਕਰਕੇ ਇਹਨਾਂ ਬਿਰਤਾਂਤਕ ਜੁਗਤਾਂ ਦੀ ਵਿਧੀ ਰਾਹੀਂ ਪਾਕਿਸਤਾਨੀ ਪੰਜਾਬੀ ਨਾਵਲ ਸਮੁੱਚੇ ਪੰਜਾਬੀ ਨਾਵਲ ਵਿਚ ਹੀ ਆਪਣੀ ਵਿਲੱਖਣ ਪਛਾਣ ਨੂੰ ਸਥਾਪਤ ਕਰਨ ਦੇ ਕਾਬਿਲ ਹੋ ਜਾਂਦਾ ਹੈ।

ਸਾਰ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਭਾਈ ਵੀਰ ਸਿੰਘ ਤੋਂ ਲੈ ਕੇ ਆਧੁਨਿਕਤਮ ਨਾਵਲਕਾਰਾਂ ਦੀਆਂ ਰਚਨਾਵਾਂ ਤੱਕ ਪੰਜਾਬੀ ਨਾਵਲ ਨੇ ਇਤਿਹਾਸਕ ਨਾਵਲ, ਰੁਮਾਂਟਿਕ ਨਾਵਲ, ਯਥਾਰਥਵਾਦੀ ਨਾਵਲ, ਸਮਾਜਕ ਨਾਵਲ, ਮਨੋਵਿਗਿਆਨਕ ਨਾਵਲ, ਚੇਤਨਾ ਪ੍ਰਵਾਹ ਦੀ ਸ਼ੈਲੀ ਦੇ ਨਾਵਲ, ਰਾਜਨੀਤਕ ਨਾਵਲ ਅਤੇ ਪੰਜਾਬ ਦੇ ਅਜੋਕੇ ਸਿਆਸੀ ਅਤੇ ਸੱਭਿਆਚਾਰਕ ਸੰਕਟ ਨਾਲ ਸਬੰਧਤ ਨਾਵਲਾਂ ਦੇ ਰੂਪ ਵਿੱਚ ਲੰਮਾ ਤੇ ਮਹੱਤਵਪੂਰਨ ਪੈਂਡਾ ਤੈਅ ਕਰ ਲਿਆ ਹੈ। ਭੱਵਿਖ ਵਿੱਚ ਨਵੀਨ ਨਾਵਲਕਾਰਾਂ ਕੋਲੋਂ ਵੱਡੀਆਂ ਸੰਭਾਵਨਾਵਾਂ ਨੂੰ ਪ੍ਰਾਪਤ ਕਰਨ ਦੀ ਆਸ ਬੱਝਦੀ ਹੈ। ਪੰਜਾਬੀ ਨਾਵਲ ਵਿਲੱਖਣ ਬਿਰਤਾਂਤਕ ਜੁਗਤਾਂ ਦੀ ਵਰਤੋਂ ਰਾਹੀਂ ਵਸਤੂ-ਯਥਾਰਥ ਨਾਲ ਸੰਬਾਦੀ ਰਿਸ਼ਤਾ ਸਿਰਜ ਕੇ ਉਸ ਦਾ ਰਚਨਾਤਮਕ ਸਰੂਪ ਪੇਸ਼ ਕਰਦਾ ਹੈ। ਇਸ ਪ੍ਰਕਿਰਿਆ ਵਿਚ ਉਹ ਪੂਰਵ-ਪ੍ਰਚਲਿਤ ਬਿਰਤਾਂਤਕ ਜੁਗਤਾਂ ਦਾ ਤਿਆਗ ਕਰਕੇ ਨਵੀਆਂ ਬਿਰਤਾਂਤਕ ਜੁਗਤਾਂ ਦੀ ਵਰਤੋਂ ਕਰਦਾ ਹੈ।

## ਬਿਰਤਾਂਤ-ਸ਼ਾਸਤਰ: ਇਤਿਹਾਸਿਕ ਤੇ ਸਿਧਾਂਤਿਕ ਪਰਿਪੇਖ:-

ਬਿਰਤਾਂਤ ਰੂਪੀ ਪ੍ਰਗਟਾ ਵਿਧੀ ਪਲੈਟੋ ਅਰਸੂਤ ਦੇ ਸਮੇਂ ਤੋਂ ਹੀ ਸਾਹਿਤ ਸ਼ਾਸਤਰੀਆਂ ਦੇ ਅਧਿਐਨ ਦਾ ਕੇਂਦਰ ਰਹੀ ਹੈ ਪਰ ਇਸ ਸਿਧਾਤਾਂ ਅਤੇ ਵਿਧੀਆਂ ਦਾ ਸਿਸਟਮੀ ਅਧਿਐਨ ਵਧੇਰੇ ਆਧੁਨਿਕ ਸਾਹਿਤ ਆਲੋਚਕਾਂ ਵਿਚ ਇਕ ਸੁਤੰਤਰ ਵਿਸ਼ੇ ਪੱਖੋਂ ਸਨਮੁਖ ਆਇਆ। ਬਿਰਤਾਂਤ ਦੇ ਅਧਿਐਨ ਲਈ 'ਬਿਰਤਾਂਤ ਸ਼ਾਸਤਰ' ਸ਼ਬਦ ਦੀ ਪਹਿਲੀ ਵਾਰ ਵਰਤੋਂ ਤੋਦੋਰੋਵ ਨੇ 1969 ਈ. ਵਿਚ ਕੀਤਾ।[9] ਇਸ ਸੰਕਲਪ ਨੂੰ ਵਿਕਸਿਤ ਕਰਨ ਵਿਚ ਰੂਸੀ ਰੂਪਵਾਦੀਆਂ, ਸੰਰਚਨਾਵਾਦੀਆਂ ਅਤੇ ਉੱਤਰ ਸੰਰਚਨਾਵਾਦੀਆਂ ਦਾ ਯੋਗਦਾਨ ਵਧੇਰੇ ਮਹੱਤਵਪੂਰਨ ਹੈ। ਇਹਨਾਂ ਧਾਰਾਵਾਂ ਨਾਲ ਜੁੜੇ ਆਲੋਚਕਾਂ ਨੇ ਬਿਰਤਾਂਤ ਦੇ ਸੂਖ਼ਮ ਸਰੂਪ, ਇਸ ਦੀ ਹੋਂਦ ਵਿਧੀ, ਬਿਰਤਾਂਤ ਦੇ ਵਿਭਿੰਨ ਪੱਧਰਾਂ ਦੀਆਂ ਵਿਭਿੰਨ ਅਧਿਐਨ ਵਿਧੀਆਂ ਭਾਸ਼ਾ ਵਿਗਿਆਨਕ ਅੰਤਰ-ਦ੍ਰਿਸ਼ਟੀਆਂ ਅਤੇ ਬਿਰਤਾਂਤਕ ਸੰਗਠਨ ਦੇ ਆਧਾਰਭੂਤ ਨਿਯਮਾਂ, ਲੱਛਣਾਂ ਅਤੇ ਜੁਗਤਾਂ ਦਾ ਇਕ ਵਿਸਤ੍ਰਿਤ ਅਧਿਐਨ ਬਿਰਤਾਂਤ ਸ਼ਾਸਤਰ ਸੰਕਲਪ ਅਧੀਨ ਸਮੱਗਰ ਰੂਪ ਵਿਚ ਕੀਤਾ। ਬਿਰਤਾਂਤ ਦੀ ਸੰਰਚਨਾ ਬੁਨਿਆਦੀ ਤੌਰ ਤੇ ਦੋ ਧਰਾਤਲਾਂ ਉੱਪਰ ਹੁੰਦੀ ਹੈ। ਜਿਹਨਾਂ ਦਾ ਆਪੋ ਆਪਣਾ ਸੁਭਾਉ ਅਤੇ ਸਰੂਪ ਹੈ। ਇਹ ਧਰਾਤਲ ਹਨ 'ਕਥਾ ਤੇ ਕਥਾਕਾਰੀ'।[10] ਜਿਥੇ ਕਥਾ ਦਾ ਸੰਬੰਧ ਘਟਨਾਵਾਂ ਦੀ ਕਾਲਕ੍ਰਮਤਾ ਨਾਲ ਹੈ ਉਥੇ ਕਥਾਕਾਰੀ ਦਾ ਸੰਬੰਧ ਘਟਨਾਵਾਂ ਦੀ ਪੇਸ਼ਕਾਰੀ ਦੀ ਵਿਧੀ ਨਾਲ ਹੈ ਜੋ ਕਿ ਬਿਰਤਾਂਤ ਜੁਗਤਾਂ ਦੇ ਨੇਮ ਪ੍ਰਬੰਧਾਂ ਦੀ ਧਾਰਨੀ ਹੈ। ਬਿਰਤਾਂਤ ਦੀ ਹੋਂਦ ਵਿਧੀ ਦੇ ਇਹਨਾਂ ਧਰਾਤਲਾਂ ਦੀ ਪਛਾਣ ਕਰਕੇ ਬਿਰਤਾਂਤ ਉਸਾਰੀ ਦੇ ਨੇਮ ਪ੍ਰਬੰਧਾਂ ਦੀ ਵਿਆਖਿਆ ਜਿਸ ਸੰਦਰਭ ਵਿਚ ਕੀਤੀ ਜਾਂਦੀ ਹੈ ਉਸ ਨੂੰ ਬਿਰਤਾਂਤ ਸ਼ਾਸਤਰ ਦਾ ਨਾਮ ਦਿੱਤਾ ਗਿਆ ਹੈ। ਡਾ. ਧਨਵੰਤ ਕੌਰ ਅਨੁਸਾਰ, "ਬਿਰਤਾਂਤਕ ਪਾਠਾਂ ਦੀ ਵਿਆਕਰਨ ਜਾਂ ਪਰਿਕਲਪਨਾ ਹੀ ਬਿਰਤਾਂਤ ਸ਼ਾਸਤਰ ਹੈ।"[11] ਬਿਰਤਾਂਤ ਸ਼ਾਸਤਰ ਦਾ ਕਾਰਜ ਵੱਖ-ਵੱਖ ਸਾਹਿਤਕ ਰੂਪਾਂ ਅਤੇ ਰੂਪਾਕਾਰਾਂ ਦੇ ਅੰਦਰੂਨੀ ਸੰਗਠਨ ਵਿਚ ਕਾਰਜਸ਼ੀਲ ਨੇਮ ਪ੍ਰਬੰਧਾਂ ਦੇ ਵਿਸ਼ਲੇਸ਼ਣ ਨਾਲ ਜੁੜਿਆ ਹੋਇਆ ਹੈ। ਪ੍ਰਿੰਸ ਅਨੁਸਾਰ, "ਬਿਰਤਾਂਤ ਦੇ ਕਾਰਜੀ ਸਿਸਟਮ ਨੂੰ ਲੱਭਣਾ ਵਰਣਨ ਕਰਨਾ ਅਤੇ ਵਿਆਖਿਆਉਣਾ ਹੀ ਬਿਰਤਾਂਤ ਸ਼ਾਸਤਰ ਦਾ ਮਨੋਰਥ ਹੈ।"[12]

## ਵਲਾਦਮੀਰੀ ਪਰਾਪ ਦਾ ਸਿਧਾਂਤ:-

ਬਿਰਤਾਂਤ ਸ਼ਾਸਤਰ ਨੂੰ ਸਿਧਾਂਤਕ ਰੂਪ ਵਿਚ ਰੂਪੀ ਰੂਪਵਾਦੀ ਚਿੰਤਕ ਵਲਾਦੀਮੀਰ ਪਰਾਪ (Vladimir Propp) ਨੇ ਸਿਧਾਂਤ ਵਿਚ ਪ੍ਰਯੁਕਤ ਕੀਤਾ ਹੈ। ਪਰਾਪ ਨੇ 1928 ਵਿਚ ਰੂਸੀ ਵਿਚ ਪ੍ਰਕਾਸ਼ਿਤ ਆਪਣੀ ਪੁਸਤਕ 'Morphology of the Folk Tale' ਵਿਚ ਬਿਰਤਾਂਤ ਦਾ ਵਿਗਿਆਨਕ ਅਧਿਐਨ ਕਰਨ ਦਾ ਯਤਨ ਕੀਤਾ। 1958 ਵਿਚ ਅੰਗਰੇਜ਼ੀ ਵਿਚ ਅਨੁਵਾਦ ਹੋਣ ਤੋਂ ਬਾਅਦ ਇਸ ਪੁਸਤਕ ਨੇ ਵਿਸ਼ਵ ਭਰ ਦੇ ਚਿੰਤਕਾਂ ਦਾ ਧਿਆਨ ਖਿੱਚਿਆ। ਪਰਾਪ ਦੀ 'Morphology of the Folk Tale' ਕਿਤਾਬ ਬਾਰੇ ਕਲਾਡ ਬ੍ਰੈਮੋ ਦੀ ਟਿੱਪਣੀ ਵਧੇਰੇ ਭਾਵਪੂਰਤ ਹੈ ਕਿ ਪਰਾਪ ਨੇ ਉਸ ਵਿਚ ਅਰਥਾਂ ਦੀ ਖੁਦਮੁਖਤਾਰ ਪਰਤ (Autonomous Layer of meaning) ਦਾ ਅਧਿਐਨ ਕੀਤਾ ਹੈ।[13]

"ਪਰਾਪ ਨੇ ਭਾਸ਼ਾ ਦੀ ਸਮੂਰਤ ਵਿਆਕਰਨ ਦੀ ਅਮੂਰਤ ਹੋਂਦ ਦੇ ਦਵੰਦ ਨੂੰ ਸਵੀਕਾਰ ਕਰਦੇ ਹੋਏ ਇਸ ਨੂੰ ਜੀਵਨ ਦੇ ਵਿਭਿੰਨ ਵਰਤਾਰਿਆਂ ਵਿਚੋਂ ਪਹਿਚਾਨਣ ਦਾ ਯਤਨ ਕਰਦਿਆਂ ਹੋਇਆਂ ਸਪੱਸ਼ਟ ਕੀਤਾ ਹੈ ਕਿ ਜਿਉਂਦੀ ਭਾਸ਼ਾ ਇਕ ਸਮੂਰਤ ਤੱਥ ਹੈ ਤੇ ਵਿਆਕਰਨ ਇਸ ਦੀ ਅਮੂਰਤ ਬੁਨਿਆਦ ਹੈ। ਇਹ ਬੁਨਿਆਦ ਹੀ ਸੰਸਕ੍ਰਿਤੀ ਦੇ ਸਮੁੱਚੇ ਪ੍ਰਪੰਚਾਂ ਦਾ ਆਧਾਰ ਹੈ ਅਤੇ ਇਹਨਾਂ ਆਧਾਰਾਂ ਉੱਪਰ ਹੀ ਸਾਹਿਤ ਵਿਗਿਆਨ ਦਾ ਧਿਆਨ ਕੇਂਦਰਿਤ ਹੈ। ਇਹਨਾਂ ਅਮੂਰਤ ਆਧਾਰਾਂ ਦੇ ਅਧਿਐਨ ਤੋਂ ਬਿਨ੍ਹਾਂ ਇਕ ਵੀ ਸਮੂਰਤ ਤੱਥ ਦੀ ਵਿਆਖਿਆ ਨਹੀਂ ਕੀਤੀ ਜਾ ਸਕਦੀ।"[14] 'Morphology of Folk Tale' ਵਿਚ ਪਰਾਪ ਨੇ ਸੌ ਤੋਂ ਵੱਧ ਰੂਸੀ ਪਰੀ ਕਹਾਣੀਆਂ ਨੂੰ ਆਧਾਰ ਬਣਾ ਕੇ ਬਿਰਤਾਂਤ ਸ਼ਾਸਤਰ ਦਾ ਮਾਡਲ ਉਲੀਕਣ ਦਾ ਯਤਨ ਕੀਤਾ। ਪਰਾਪ ਨੇ ਇਹਨਾਂ ਕਥਾਵਾਂ ਵਿਚਲੀਆਂ ਪਰਤਾਂ ਦੇ ਅਧਿਐਨ ਦੌਰਾਨ ਦੋ ਤਰ੍ਹਾਂ ਦੇ ਤੱਤਾਂ ਦਾ ਨਿਖੇੜਾ ਕੀਤਾ: ਇਕ ਸਥਿਰ ਤੱਤ ਤੇ ਦੂਜਾ ਬਦਲਣਸ਼ੀਲ ਤੱਤ। ਪਰਾਪ ਅਨੁਸਾਰ ਕਥਾ ਵਿਚਲੇ ਪਾਤਰਾਂ ਦੇ ਨਾਮ ਅਤੇ ਗੁਣ ਹੀ ਬਦਲਦੇ ਹਨ। ਪਾਤਰਾਂ ਦੀ ਅਣਗਿਣਤੀ ਗਿਣਤੀ ਦੇ ਬਾਵਜੂਦ ਉਹਨਾਂ ਵਲੋਂ ਕੀਤੇ ਜਾਂਦੇ ਕਾਰਜਾਂ ਦੀ ਗਿਣਤੀ ਸੀਮਤ ਹੁੰਦੀ ਹੈ। ਉਸ ਕਾਰਜ ਨੂੰ ਹੀ ਪ੍ਰਕਾਰਜ ਕਿਹਾ ਜਾਂਦਾ ਹੈ ਜੋ ਬਿਰਤਾਂਤ ਦੇ ਅਗਲੇਰੇ ਵਿਕਾਸ ਵਿਚ ਹਿੱਸਾ ਪਾਉਂਦਾ ਹੈ। ਪਰਾਪ ਨੇ ਪਾਤਰਾਂ ਦੁਆਰਾ ਕੀਤੇ ਜਾਣ ਵਾਲੇ ਇਹਨਾਂ ਪ੍ਰਕਾਰਜਾਂ ਦੀ ਗਿਣਤੀ ਇਕੱਤੀ ਮਿੱਥੀ ਹੈ। ਇਹ ਪ੍ਰਕਾਰਜ ਭਿੰਨ-ਭਿੰਨ ਕ੍ਰਮਾਂ ਅਧੀਨ ਭਿੰਨ-ਭਿੰਨ ਕਹਾਣੀਆਂ ਵਿਚ ਗਤੀਸ਼ੀਲ ਹੁੰਦੇ ਹਨ। ਪ੍ਰਕਾਰਜ ਵੀ ਅਗੋਂ ਉਪਭਾਗਾਂ ਵਿਚ ਵੰਡੇ ਹੁੰਦੇ ਹਨ। ਇਹਨਾਂ ਪ੍ਰਕਾਰਜਾਂ ਨੂੰ ਜੋੜਿਆਂ ਅਤੇ ਸਮੂਹਾਂ ਵਿਚ ਰੱਖਿਆ ਗਿਆ ਹੈ। ਜਿਵੇਂ ਵਰਜਣ-ਉਲੰਘਣ, ਚੜ੍ਹਾਈ-ਵਾਪਸੀ, ਪਿੱਛਾ ਕਰਨਾ-ਫੜਨਾ, ਸੰਘਰਸ਼-ਜਿੱਤ ਆਦਿ। ਇਸ ਤਰ੍ਹਾਂ ਪ੍ਰਕਾਰਜਾਂ ਨੂੰ ਸਮੂਹਾਂ ਵਿਚ ਰੱਖਿਆ ਗਿਆ ਹੈ ਜਿਵੇਂ ਖਲਕਾਰਜਕਤਾ, ਪ੍ਰਤਿ-ਆਕ੍ਰਮਣ ਦਾ ਫੈਸਲਾ ਅਤੇ ਘਰੋਂ ਚੜ੍ਹਾਈ ਕਰਨ ਦਾ ਪ੍ਰਕਾਰਜ। ਪ੍ਰਕਾਰਜਾਂ ਦੀ ਜੋੜਿਆਂ ਦੀ ਸਮੂਹਾਂ ਵਿਚਲੀ ਵੰਡ ਲੋਕ ਕਥਾਵਾਂ ਦੀ ਆਪਸੀ ਸੰਰਚਨਾਤਮਕ ਸਾਂਝ ਨੂੰ ਸਪੱਸ਼ਟ ਕਰਦੀ ਹੈ।

ਇਹ ਸਾਰੇ ਪ੍ਰਕਾਰਜ ਪਾਤਰਾਂ ਰਾਹੀਂ ਹੀ ਨੇਪੇਰ ਚਾੜ੍ਹੇ ਜਾਂਦੇ ਹਨ ਅਤੇ ਇਕ ਕਿਸਮ ਦੇ ਪ੍ਰਕਾਰਜ ਨਿਭਾਉਣ ਵਾਲੇ ਪਾਤਰਾਂ ਦਾ ਇਕ ਸੰਕਲਪ ਕਲਪਿਆ ਗਿਆ ਹੈ। ਸਾਰੇ ਪ੍ਰਕਾਰਜ ਖੇਤਰਾਂ ਨੂੰ ਸੱਤ ਕਿਸਮ ਵਿਚ ਵੰਡਿਆ ਗਿਆ ਹੈ। ਪਰਾਪ ਨੇ ਪਾਤਰਾਂ ਨੂੰ ਪ੍ਰਕਾਰਜਾਂ ਅਨੁਰੂਪ ਹੀ ਵਰਗੀਕ੍ਰਿਤ ਕੀਤਾ ਹੈ। ਇਹ ਸੱਤ ਕਾਰਜ ਖੇਤਰ ਹੇਠਲੇ ਸੱਤ ਕਿਸਮਾਂ ਦੇ ਪਾਤਰਾਂ ਵਿਚ ਵੰਡੇ ਗਏ ਹਨ:

1. ਖਲਨਾਇਕ ਦਾ ਕਾਰਜ-ਖੇਤਰ
2. ਦਾਤੇ ਦਾ ਕਾਰਜ-ਖੇਤਰ
3. ਸਹਾਇਕ ਦਾ ਕਾਰਜ-ਖੇਤਰ
4. ਪ੍ਰਾਪਤ ਦਾ ਕਾਰਜ-ਖੇਤਰ
5. ਭੇਜਣ ਦਾ ਕਾਰਜ-ਖੇਤਰ
6. ਨਾਇਕ ਦਾ ਕਾਰਜ-ਖੇਤਰ
7. ਝੂਠੇ ਨਾਇਕ ਦਾ ਕਾਰਜ-ਖੇਤਰ [15]

ਉਪਰੋਕਤ ਸੱਤ ਕਾਰਜ ਖੇਤਰਾਂ ਵਿਚ ਹੀ ਸਾਰੇ ਪ੍ਰਕਾਰਜਾਂ ਦਾ ਵਿਤਰਨ ਹੁੰਦਾ ਹੈ। ਇਹਨਾਂ ਕਾਰਜ ਖੇਤਰਾਂ ਅਨੁਸਾਰ ਅਣਗਿਣਤ ਪਾਤਰਾਂ ਦੇ ਸੱਤ ਵਰਗ ਹੀ ਬਣਦੇ ਹਨ। ਸਪੱਸ਼ਟ ਰੂਪ ਵਿਚ ਪਰਾਪ ਦੀ ਅਜਿਹੀ ਵਰਗ-ਵੰਡ ਪਾਤਰਾਂ ਦੀਆਂ ਭੂਮਿਕਾਵਾਂ ਅਤੇ ਪ੍ਰਕਾਰਜਾਂ ਉੱਪਰ ਅਧਾਰਿਤ ਹੈ। ਹਰ ਇਕ ਕਥਾ ਵਿਚ ਭੂਮਿਕਾਵਾਂ ਦੇ ਆਧਾਰ ਤੇ ਹੀ ਪਾਤਰਾਂ ਦੀ ਸਿਰਜਣਾ ਹੁੰਦੀ ਹੈ ਤੇ ਪ੍ਰਕਾਰਜਾਂ ਦੇ ਆਧਾਰ ਤੇ ਹੀ ਬਿਰਤਾਂਤ ਦੀ ਨਾਟਕੀ ਪੇਸ਼ਕਾਰੀ ਦੀ ਪ੍ਰਕਿਰਤੀ ਨਿਰਧਾਰਿਤ ਹੁੰਦੀ ਹੈ। ਇਸ ਤਰ੍ਹਾਂ ਸਪੱਸ਼ਟ ਹੈ ਕਿ ਪਰਾਪ ਨੇ ਲੋਕ ਕਥਾਵਾਂ ਦੇ ਅਧਿਐਨ ਦੌਰਾਨ ਆਪਣਾ ਧਿਆਨ ਬਦਲਣਸ਼ੀਲ ਤੱਤਾਂ ਦੀ ਥਾਂ ਸਥਿਰ ਤੱਤਾਂ (ਪ੍ਰਕਾਰਜਾਂ) ਵੱਲ ਵਧੇਰੇ ਦਿੱਤਾ ਹੈ ਕਿਉਂਕਿ ਇਹਨਾਂ ਸਥਿਰ ਤੱਤਾਂ ਨੂੰ ਹੀ ਉਸਨੇ ਲੋਕ ਕਥਾ ਦੇ ਬੁਨਿਆਦੀ ਅੰਗ ਮੰਨਿਆ ਹੈ। ਇਹ ਸਥਿਰ ਤੱਤ ਕਥਾ ਵਿਚ ਨਿਰੰਤਰ ਕਾਰਜਾਂ ਦੇ ਆਧਾਰ ਉੱਤੇ ਮਿੱਥੇ ਜਾਂਦੇ ਹਨ। ਰਿਮਨ ਕੇਨਾਨ ਦਾ ਵਿਚਾਰ ਹੈ ਕਿ "ਪਰਾਪ ਨੇ ਆਪਣੇ ਅਧਿਐਨ ਵਿਚ ਕੀ ਹੋਇਆ ਦੇ ਨਾਲ-ਨਾਲ ਕੌਣ ਕਰ ਰਿਹਾ ਹੈ ਅਤੇ ਕਿਵੇਂ ਕਰ ਰਿਹਾ ਹੈ ਦੇ ਬਾਰੇ ਅਧਿਐਨ ਕਰਨ ਤੇ ਜ਼ੋਰ ਦਿੱਤਾ ਹੈ। ਇਹ ਕੀ, ਕੌਣ ਅਤੇ ਕਿਵੇਂ ਕ੍ਰਮਵਾਰ ਘਟਨਾ, ਪਾਤਰ ਅਤੇ ਕਾਰਣਤਾ ਦੇ ਨਾਲ ਸੰਬੰਧਿਤ ਹੈ।"[16] ਪਰ ਪਰਾਪ ਸਿਧਾਂਤਕ ਤੌਰ ਤੇ ਅਮੂਰਤ ਨੇਮਾਂ ਅਤੇ ਸਮੂਰਤ ਭਾਸ਼ਾ ਦੀ ਗੱਲ ਕਰਕੇ ਵੀ ਵਿਹਾਰਕ ਤੌਰ ਤੇ ਆਪਣੇ ਅਧਿਐਨ ਨੂੰ ਸਮੂਰਤ ਭਾਸ਼ਾ ਤੱਕ ਹੀ ਸੀਮਿਤ ਰੱਖ ਸਕਿਆ ਹੈ। ਤੋਦੋਰੋਵ ਦਾ ਵਿਚਾਰ ਹੈ ਕਿ "ਪਰਾਪ ਨੇ ਬਿਰਤਾਂਤ ਦੇ ਸਹਿਚਾਰੀ ਵਿਸ਼ਲੇਸ਼ਣ ਨੂੰ ਨਕਾਰਿਆ ਹੈ।"[17] ਪਰ ਇਸ ਦਵੰਦ ਦੇ ਬਾਵਜੂਦ ਵੀ ਪਰਾਪ ਨੇ ਬਿਰਤਾਂਤ ਸ਼ਾਸਤਰ ਸੰਬੰਧੀ ਮੁੱਢਲੇ ਨੁਕਤੇ ਪ੍ਰਦਾਨ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਹੈ।

## ਤੋਦੋਰੋਵ ਦਾ ਸਿਧਾਂਤ :-

'Introduction to the poetics' ਅਤੇ 'Poetics of Prose' ਤੋਦੋਰੋਵ ਦੀਆਂ ਬਿਰਤਾਂਤ ਸ਼ਾਸਤਰ ਨੂੰ ਪਰਿਭਾਸ਼ਿਤ ਕਰਦੀਆਂ ਦੋ ਮਹੱਤਵਪੂਰਨ ਪੁਸਤਕਾਂ ਹਨ ਜਿਹਨਾਂ ਦਾ ਬਿਰਤਾਂਤ ਸ਼ਾਸਤਰੀ ਚਿੰਤਨ ਨੂੰ ਸਮਝਣ ਵਿਚ ਵਿਸ਼ੇਸ਼ ਯੋਗਦਾਨ ਹੈ। ਤੋਦੋਰੋਵ ਨੇ ਇਹਨਾਂ ਪੁਸਤਕਾਂ ਵਿਚ ਕਾਵਿ-ਸ਼ਾਸਤਰੀ ਸੰਕਲਪ ਨੂੰ ਪ੍ਰਮੁੱਖ ਤੌਰ ਤੇ ਸਾਹਿਤ ਦੀ ਸਾਹਿਤਕਤਾ ਨਾਲ ਜੋੜ ਕੇ ਵਾਚਿਆ ਹੈ ਕਿਉਂਕਿ ਸਾਹਿਤ ਇਕ ਖੁਦਮੁਖਤਾਰ ਹੋਂਦ ਨਹੀਂ ਸਗੋਂ ਇਕ ਮਨੁੱਖ ਪ੍ਰਵਚਨ ਦੀ ਵੀ ਸੰਗਿਆ ਹੈ। ਤੋਦੋਰੋਵ ਨੇ ਬਿਰਤਾਂਤ ਸ਼ਾਸਤਰੀ ਅਧਿਐਨ ਵਿਚ ਗਲਪ ਦੀ ਵਿਆਕਰਨ ਉੱਪਰ ਵਧੇਰੇ ਬਲ ਦਿੱਤਾ। ਉਸ ਨੇ ਵਿਆਕਰਨ ਦੇ ਬੁਨਿਆਦੀ ਤਿੰਨ ਨੇਮ ਨਿਰਧਾਰਿਤ ਕੀਤੇ ਹਨ:

1. ਅਰਥਗਤ ਪੱਖ ਭਾਵ ਅੰਤਰ ਵਸਤੂ ਦਾ ਪੱਖ
2. ਵਾਕ ਯੋਜਨਾ ਦਾ ਪੱਖ
3. ਸ਼ਾਬਦਿਕ ਪੱਖ ਭਾਵ ਸ਼ਬਦਾਂ ਦੇ ਵਿਸ਼ੇਸ਼ ਪ੍ਰਯੋਗ ਦਾ ਪੱਖ

ਬਾਅਦ ਵਿਚ ਤੋਦੋਰੋਵ ਬਿਰਤਾਂਤ ਦੇ ਨੇਮ ਨਿਰਧਾਰਣ ਅਤੇ ਅਰਥਾਂ ਦੀ ਡੂੰਘਾਈਪੂਰਕ ਸੂਝ ਲਈ ਵਾਕਯੋਜਨਾ ਦੇ ਪੱਖ ਨੂੰ ਬਾਕੀ ਨੇਮਾਂ ਦੇ ਮੁਕਾਬਲੇ ਵਧੇਰੇ ਉਭਾਰਦਾ ਹੈ। ਤੋਦੋਰੋਵ ਦੇ ਬਿਰਤਾਂਤ ਸ਼ਾਸਤਰ ਤਹਿਤ ਦਿੱਤੇ ਕਾਵਿ-ਸ਼ਾਸਤਰੀ ਸੰਕਲਪ ਵਿਚ ਸਾਹਿਤ ਅਧਿਐਨ ਵਿਚ ਦੋ ਤਰ੍ਹਾਂ ਦੀਆਂ ਧਾਰਨਾਵਾਂ ਕੰਮ ਕਰਦੀਆਂ ਹਨ। ਇਕ ਅਨੁਸਾਰ ਸਾਹਿਤਕ ਪਾਠ ਆਪਣੇ

ਆਪ ਵਿਚ ਗਿਆਨ ਦੀ ਵਸਤੂ ਹੈ। ਦੂਜੀ ਅਨੁਸਾਰ ਇਕ ਵਿਅਕਤੀਗਤ ਪਾਠ ਇਕ ਅਮੂਰਤ ਸੰਰਚਨਾ ਦੀ ਪੇਸ਼ਕਾਰੀ ਹੈ। ਸਾਹਿਤਕ ਕਿਰਤ ਨੂੰ ਅਦੁੱਤੀ ਵਾਲੀ ਪਹਿਲੀ ਧਾਰਨਾ ਨੂੰ ਵਿਆਖਿਆ ਕਿਹਾ ਜਾਂਦਾ ਹੈ ਦੂਜੀ ਧਾਰਨਾ ਕਾਵਿ ਸ਼ਾਸਤਰ ਦੀ ਹੈ ਜਿਵੇਂ ਉਚਾਰ-ਲੈਂਗ, ਉਸੇ ਤਰ੍ਹਾਂ ਵਿਆਖਿਆ-ਕਾਵਿ-ਸ਼ਾਸਤਰ। ਕਾਵਿ ਸ਼ਾਸਤਰ ਦਾ ਮਨੋਰਥ ਰਚਨਾ ਦੀ ਵਿਆਖਿਆ ਜਾਂ ਅਰਥ ਪ੍ਰਸਤੁਤੀ ਕਰਨਾ ਹੀ ਨਹੀਂ ਹੁੰਦਾ ਸਗੋਂ ਵਿਸ਼ੇਸ਼ ਪਾਠ ਦੇ ਸਿਰਜਣਹਾਰੇ ਆਮ ਨਿਯਮਾਂ ਦੀ ਵਿਆਖਿਆ ਕਰਨਾ ਵੀ ਹੁੰਦਾ ਹੈ। ਸਾਹਿਤਕ ਕਿਰਤ ਕਿਸੇ ਵਸਤੂ ਦਾ ਪ੍ਰਗਟਾਵਾ ਹੁੰਦੀ ਹੈ ਅਤੇ ਅਧਿਐਨ ਦਾ ਮਨੋਰਥ ਇਸ ਪ੍ਰਗਟਾਵੇ ਵਿਚਾਲੇ ਕਾਵਿ-ਸ਼ਾਸਤਰੀ ਕੋਡਾਂ ਤੱਕ ਪਹੁੰਚਣਾ ਹੁੰਦਾ ਹੈ। ਤੋਦੋਰੋਵ ਨੇ ਆਪਣੇ ਕਾਵਿ-ਸ਼ਾਸਤਰੀ ਸੰਕਲਪ ਵਿਚ ਸਾਹਿਤਕ ਅਰਥਾਂ ਦੇ ਵਿਗਿਆਨਕ ਸੰਦਰਭ ਵਿਚ ਦੋ ਪ੍ਰਮੁੱਖ ਬੁਨਿਆਦੀ ਸਵਾਲਾਂ ਨੂੰ ਪ੍ਰਸਤੁਤ ਕੀਤਾ ਹੈ:

1. ਪਾਠ ਅਰਥ ਕਿਵੇਂ ਸਿਰਜਦਾ ਹੈ?
2. ਪਾਠ ਕੀ ਅਰਥ ਸਿਰਜਦਾ ਹੈ?

ਪਾਠ ਨਾਲ ਜੁੜਿਆ ਹੋਇਆ 'ਕਿਵੇਂ' ਦਾ ਪ੍ਰਸ਼ਨ ਪਾਠ ਦੇ ਭਾਸ਼ਾ ਵਿਗਿਆਨਕ ਅਰਥ ਵਿਸਤਾਰ ਨਾਲ ਸੰਬੰਧਿਤ ਹੈ ਭਾਵ ਇਹ ਭਾਸ਼ਾ ਵਿਗਿਆਨ ਨਾਲ ਜੁੜਿਆ ਹੋਇਆ ਪਾਠ ਦਾ ਅਹਿਮ ਮਸਲਾ ਹੈ। ਭਾਸ਼ਾ ਵਿਗਿਆਨ ਦੀ ਨਿਯਨਾਵਲੀ ਨਾਲ ਕਿਸੇ ਵੀ ਸਾਹਿਤਕ ਪਾਠ ਨੂੰ ਵਿਸ਼ਲੇਸ਼ਿਤ ਕੀਤਾ ਜਾਂਦਾ ਹੈ। ਕੇਵਲ ਇਸ ਅਧਿਐਨ ਤੱਕ ਸੀਮਿਤ ਰਹਿਣ ਨਾਲ ਇਹ ਮੁਸ਼ਕਿਲ ਆਉਂਦੀ ਹੈ ਕਿ ਉਹ ਅਧਿਐਨ ਕੇਵਲ ਵਾਕਗਤ ਬਣਤਰ ਤੱਕ ਸਿਮਟ ਕੇ ਰਹਿ ਜਾਂਦਾ ਹੈ। ਸਾਹਿਤ ਪਾਠ ਨਾਲ ਜੁੜਿਆ ਹੋਇਆ ਦੂਜਾ ਪ੍ਰਸ਼ਨ 'ਕੀ' ਨਾਲ ਸੰਬੰਧ ਰੱਖਦਾ ਹੈ। ਇਹ ਅਰਥ ਵਿਗਿਆਨ ਦੇ ਖੇਤਰ ਨਾਲ ਸੰਬੰਧਿਤ ਮਸਲਾ ਹੈ। ਇਸ ਵਿਚ ਪਾਠ ਦੀ ਸੰਰਚਨਾਤਮਕ ਬਣਤਰ ਤੋਂ ਅੱਗੇ ਵੱਧ ਕੇ ਉਸ ਦੀ ਸੰਰਚਨਾ ਵਿਚੋਂ ਉਭਰਦੇ ਅਰਥਾਂ ਤੱਕ ਪਹੁੰਚ ਕੀਤੀ ਜਾਂਦੀ ਹੈ। ਕਾਵਿ ਸ਼ਾਸਤਰੀ ਦ੍ਰਿਸ਼ਟੀਕੋਣ ਤੋਂ ਸਾਹਿਤਕ ਪਾਠ ਵਿਚਲਾ ਕੋਈ ਵੀ ਵਾਕ ਸੱਚਾ ਜਾਂ ਝੂਠਾ ਨਹੀਂ ਹੁੰਦਾ। ਵਿਗਿਆਨ ਦੇ ਪ੍ਰਵਚਨ ਦੇ ਮੁਕਾਬਲੇ ਸਾਹਿਤ ਦੇ ਪ੍ਰਵਚਨ ਨੂੰ ਸੱਚਾ ਜਾਂ ਝੂਠਾ ਨਹੀਂ ਕਿਹਾ ਜਾ ਸਕਦਾ। ਸਾਹਿਤ ਯਥਾਰਥ ਦਾ ਭਰਮ ਸਿਰਜ ਕੇ ਸੱਚ ਹੋਣ ਦੀ ਸੰਭਾਵਨਾ ਜਾਂ ਸੱਚ ਵਰਗੀ ਕਿਸੇ ਵਸਤੂ ਦੀ ਪੇਸ਼ਕਾਰੀ ਕਰਦਾ ਹੈ। ਤੋਦੋਰੋਵ ਨੇ ਪਾਠ ਦੇ ਅਰਥ-ਵਿਗਿਆਨਕ ਪੱਖ ਦੇ ਅਧਿਐਨ ਤੋਂ ਬਾਅਦ ਇਸ ਦੇ ਸ਼ਾਬਦਿਕ ਪੱਖ ਨੂੰ ਵੀ ਆਲੋਚਨਾਤਮਕ ਦ੍ਰਿਸ਼ਟੀ ਤੋਂ ਪਰਖਿਆ ਜਿਸ ਵਿਚ ਉਸ ਨੇ ਸ਼ਾਬਦਿਕ ਪਾਸਾਰ ਨੂੰ ਤਿੰਨ ਵਰਗਾਂ ਵਿਚ ਵੰਡਿਆ:

1. ਵਿਧੀ ਦਾ ਪ੍ਰਵਰਗ
2. ਕਾਲ ਦਾ ਪ੍ਰਵਰਗ
3. ਪਰਿਪੇਖ ਪ੍ਰਵਰਗ

1. ਵਿਧੀ ਦਾ ਪ੍ਰਵਰਗ:- ਇਸ ਵਿਚ ਪਾਠ ਵਿਚ ਆਈਆਂ ਘਟਨਾਵਾਂ ਦੀ ਮੌਜੂਦਗੀ ਦੀ ਮਾਤਰਾ ਨੂੰ ਪਰਿਭਾਸ਼ਿਤ ਕੀਤਾ। ਇਹ ਘਟਨਾਵਾਂ ਪਾਠ ਵਿਚ ਵਿਭਿੰਨ ਵਿਧੀਆਂ ਦੁਆਰਾ ਸੰਯੋਜਿਤ ਹੋਈਆਂ ਹੁੰਦੀਆਂ ਹਨ ਜਿਹਨਾਂ ਵਿਚੋਂ ਪ੍ਰਮੁੱਖ ਤਿੰਨ ਹਨ:

(ੳ) ਸਿੱਧੀ ਵਿਧੀ- ਘਟਨਾਵਾਂ ਦੀ ਸਿੱਧੀ ਪੇਸ਼ਕਾਰੀ।

(ਅ) ਅਸਿੱਧੀ ਵਿਧੀ- ਪ੍ਰਵਚਨਿਕ ਵੱਥ ਵਕਤੇ ਦੇ ਬਿਰਤਾਂਤ ਰਾਹੀਂ ਉਸਾਰੀ ਜਾਵੇ।

(ੲ) ਸੁਣਾਉਣ ਦੀ ਵਿਧੀ- ਜਦੋਂ ਸੂਚਨਾ ਪਾਤਰਾਂ ਦੇ ਸ਼ਬਦਾਂ ਰਾਹੀਂ ਵਿਅਕਤ ਕੀਤੀ ਜਾਵੇ।

2. ਕਾਲ ਦਾ ਪ੍ਰਵਰਗ:- ਰਚਨਾ ਵਿਚ ਪੇਸ਼ ਹੋਏ ਸਮੇਂ ਦੀ ਇਕ ਅਹਿਮ ਸਮੱਸਿਆ ਹੈ ਕਿ ਇਸ ਵਿਚ ਦੋ ਸਮੇਂ ਨਾਲੋਂ-ਨਾਲ ਚੱਲਦੇ ਹਨ। ਇਕ ਬ੍ਰਹਿਮੰਡਕੀ ਸਮਾਂ (ਯਥਾਰਥਕ ਸਮਾਂ) ਦੂਜਾ ਇਸ ਦੀ ਪੇਸ਼ਕਾਰੀ ਦਾ ਸਮਾਂ (ਗਲਪੀ) ਸਮਾਂ। ਦੋਵਾਂ ਵਿਚ ਅੰਤਰ ਘਟਨਾਵੀਂ ਸਪੇਸ ਅਤੇ ਸ਼ਾਬਦਿਕ ਤਰਤੀਬ ਦਾ ਹੈ ਜਿਸ ਨੂੰ ਰੂਸੀ ਰੂਪਵਾਦੀ ਫੈਬੂਲਾ (ਘਟਨਾਵੀਂ ਸਪੇਸ) ਅਤੇ ਸੁਜੇਤ (ਪ੍ਰਵਚਨਿਕ ਜੁਗਤ) ਦੇ ਅੰਤਰਗਤ ਵਿਸ਼ਲੇਸ਼ਿਤ ਕਰਦੇ ਹਨ। ਕਾਲ ਦੇ ਇਸ ਪ੍ਰਵਰਗ ਵਿਚ ਤੋਦੋਰੋਵ ਤਰਤੀਬ, ਮਿਆਦ ਅਤੇ ਬਾਰੰਬਾਰਤਾਂ ਨੂੰ ਵੀ ਰੱਖਦਾ ਹੈ।

(ੳ) ਤਰਤੀਬ:- ਤਰਤੀਬ ਵਿਚ ਪ੍ਰਵਚਨ ਦਾ ਬਿਰਤਾਂਤਣ ਕਾਲ ਕਦੇ ਵੀ ਗਲਪ ਦੇ ਬਿਰਤਾਂਤ ਕਾਲ ਦੇ ਬਿਲਕੁਲ ਬਰਾਬਰ ਨਹੀਂ ਹੁੰਦਾ। ਬਿਰਤਾਂਤ ਵਿਚ ਇਸ ਦੀ ਪੇਸ਼ਕਾਰੀ ਕੁਝ ਵਾਪਰਨ ਤੋਂ ਪਹਿਲਾਂ ਅਤੇ ਕੁਝ ਵਾਪਰਨ ਤੋਂ ਬਾਅਦ ਦਿੱਤੀ ਗਈ ਹੁੰਦੀ ਹੈ ਜਿਸ ਕਾਰਨ ਪ੍ਰਵਚਨ ਵਿਚ ਕਾਲਕ੍ਰਮ ਭੰਜਨ ਹੋਂਦ ਵਿਚ ਆਉਦਾ ਹੈ ਜਾਂ ਫਿਰ ਯਥਾਰਥਕ ਤੇ ਗਲਪੀ ਸਮੇਂ ਵਿਚ ਨਿਖੇੜਾ ਉਪਜਦਾ ਹੈ। ਇਸ ਕਰਕੇ ਸਾਹਿਤ ਵਿਚ ਪਿੱਛਲਝਾਤ/ਉੱਤਰ ਬਿਆਨਣ ਵਿਚ ਵਾਪਰ ਚੁੱਕੀ ਘਟਨਾ ਦੀ ਪੇਸ਼ਕਾਰੀ ਬਾਅਦ ਵਿਚ ਹੁੰਦੀ ਹੈ ਜਦੋਂ ਕਿ ਅੱਗਲਝਾਤ/ਪੂਰਵ ਬਿਆਨਣ ਦੀ ਜੁਗਤ ਵਿਚ ਸੰਭਾਵੀ ਘਟਨਾ ਦੀ ਪਹਿਲਾਂ ਜਾਣਕਾਰੀ ਦਿੱਤੀ ਜਾਂਦੀ ਹੈ।

(ਅ) ਮਿਆਦ:- ਇਸ ਵਿਚ ਵਾਪਰਨ ਸਮੇਂ ਅਤੇ ਬਿਆਨਣ ਸਮੇਂ ਨੂੰ ਆਪਸ ਵਿਚ ਤੁਲਨਾਇਆ ਜਾਂਦਾ ਹੈ। ਦੋਵਾਂ ਸਮਿਆਂ ਦੀ ਮਿਆਦ ਵਿਚ ਤੋਦੋਰੋਵ ਚਾਰ ਸੰਭਾਵਨਾਵਾਂ ਨੂੰ ਬਿਆਨ ਦਾ ਹੈ:

- ਅਟਕਾਅ:- ਜਦੋਂ ਗਲਪੀ ਸਮਾਂ ਬਿਲਕੁਲ ਰੁਕ ਜਾਵੇ।
- ਸ਼ਬਦਲੋਪ:- ਜਦੋਂ ਨਾਮਾਤਰ ਬਿਰਤਾਂਤਕੀ ਸਮੇਂ ਵਿਚ ਇਕ ਲੰਬਾ ਗਲਪੀ ਸਮਾਂ ਪੇਸ਼ ਕੀਤਾ ਜਾਵੇ।
- ਦ੍ਰਿਸ਼:- ਜਦੋਂ ਵਾਪਰਨ ਸਮੇਂ ਅਤੇ ਬਿਆਨਣ ਸਮੇਂ ਵਿਚ ਇਕਸਾਰਤਾ ਕਾਇਮ ਹੋਵੇ ਤਾਂ ਦ੍ਰਿਸ਼ ਉਪਜਦਾ ਹੈ।
- ਸੰਖੇਪ:- ਜਦੋਂ ਪ੍ਰਵਚਨੀ ਸਮਾਂ ਗਲਪੀ ਸਮੇਂ ਤੋਂ ਸੰਖੇਪ ਕੀਤਾ ਗਿਆ ਹੋਵੇ।

(ੲ) ਬਾਰੰਬਾਰਤਾ:- ਤੋਦੋਰੋਵ ਨੇ ਕਾਲ ਦੇ ਪ੍ਰਵਰਗ ਦੀ ਵਿਧੀ ਵਿਚ ਪ੍ਰਵਚਨੀ ਸਮੇਂ ਅਤੇ ਗਲਪੀ ਸਮੇਂ ਦਰਮਿਆਨ ਬਾਰੰਬਾਰਤਾ ਦੇ ਸੰਬੰਧ ਨੂੰ ਵਿਚਾਰਿਆ ਜਿਸ ਵਿਚ ਉਹ ਘਟਨਾਵੀਂ ਵਰਤਾਰੇ ਨੂੰ ਪਰਤਾਂ ਵਿਚ ਵਿਚਾਰਦਾ ਹੈ:-

- ਇਕਹਿਰਯੁਕਤ ਬਿਰਤਾਂਤ:- ਇਕ ਘਟਨਾ ਤੋਂ ਇਕ ਘਟਨਾਵੀ ਪ੍ਰਵਚਨ ਬਣਨਾ।
- ਦੁਹਰਾਓਯੁਕਤ ਬਿਰਤਾਂਤ:- ਇਕ ਘਟਨਾ ਤੋਂ ਵਿਭਿੰਨ ਪ੍ਰਵਚਨਾਂ ਦੀ ਉਸਾਰੀ।

- ਬਹੁਤਾਤਯੁਕਤ ਬਿਰਤਾਂਤ:- ਕਈ ਵਾਰ ਵਾਪਰੀ ਘਟਨਾ ਤੋਂ ਇਕ ਪ੍ਰਵਚਨ ਦੀ ਉਸਾਰੀ।

3. ਪਰਿਪੇਖ ਦਾ ਪ੍ਰਵਰਗ:- ਗਲਪੀ ਸੰਸਾਰ ਵਿਚ ਪੇਸ਼ ਹੋਈ ਜਾਣਕਾਰੀ ਕਿਸੇ ਨਾ ਕਿਸੇ ਪਰਿਪੇਖ ਦੀ ਲਖਾਇਕ ਹੁੰਦੀ ਹੈ। ਇਕ ਵਰਤਾਰਾ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਵਾਚਦੇ ਹੋਏ ਵਖਰਤਾ ਦਾ ਲਖਾਇਕ ਹੋ ਨਿੱਬੜਦਾ ਹੈ। ਘਟਨਾਵਾਂ, ਵਰਤਾਰਿਆਂ ਅਤੇ ਪਾਤਰਾਂ ਦੇ ਵਾਰਤਾਲਾਪਾਂ ਤੋਂ ਉਤਪੰਨ ਹੋਈ ਜਾਣਕਾਰੀ ਸਵੈਪਰਕ ਹੁੰਦੀ ਹੈ ਜਦੋਂ ਕਿ ਲੇਖਕ ਵਜੋਂ ਸਿੱਧੇ ਰੂਪ ਵਿਚ ਦਿੱਤੀ ਗਈ ਜਾਣਕਾਰੀ ਵਸਤੂਪਰਕ ਬਣ ਜਾਂਦੀ ਹੈ। ਇਕ ਖਾਸ ਪਰਿਪੇਖ ਵਿਚ ਇਕੱਤਰ ਕੀਤਾ ਗਿਆ ਅਨੁਭਵ ਜਦੋਂ ਕਿਸੇ ਖਾਸ ਸੰਦਭਵ ਤਹਿਤ ਰਚਨਾ ਵਿਚ ਪੇਸ਼ ਕੀਤਾ ਜਾਂਦਾ ਹੈ ਤਾਂ ਉਹ ਬਿਰਤਾਂਤਕ ਵਾਚ ਦਾ ਹਿੱਸਾ ਬਣਦਾ ਹੈ। ਬਿਰਤਾਂਤਕ ਵਾਚ ਵਿਚ ਤੋਦੋਰੋਵ ਬਿਰਤਾਂਤਕ ਵਕਤਾ ਦੀ ਚਰਚਾ ਪ੍ਰਮੁੱਖ ਤੌਰ ਤੇ ਕਰਦਾ ਹੈ ਉੱਥੇ ਉਹਨਾਂ ਦੀ ਪੇਸ਼ਕਾਰੀ ਬਿਰਤਾਂਤਕ ਵਕਤੇ ਦੁਆਰਾ ਕੀਤੀ ਜਾਂਦੀ ਹੈ।'ਮੈਂ' ਵਕਤਾ ਆਪਣੇ ਆਪ ਵਿਚ ਅੰਤਰਮੁਖੀ ਹੁੰਦਾ ਹੈ।'ਮੈਂ ਦੌੜਦਾ ਹਾਂ' ਵਿਚ ਦੌੜਨ ਵਾਲੇ 'ਮੈਂ' ਅਤੇ ਦੱਸਣ ਵਾਲੇ 'ਮੈਂ' ਦਾ ਇਕ ਹੋਣਾ ਜ਼ਰੂਰੀ ਨਹੀਂ। ਉੱਤਮ ਪੁਰਖੀ ਬਿਰਤਾਂਤ ਬਾਹਰੀ ਵਕਤੇ ਦਾ ਬਿੰਬ ਨਹੀਂ ਸਿਰਜ ਸਕਦਾ। ਬਿਰਤਾਂਤ ਵਿਚ 'ਮੈਂ' ਪ੍ਰਵਚਨ ਦਾ ਵਿਸ਼ਾ ਵੀ ਹੋ ਸਕਦਾ ਹੈ ਅਤੇ ਬੋਲ ਕਾਰਜ ਦਾ ਵੀ ਵਿਸ਼ਾ ਬਣ ਸਕਦਾ ਹੈ। ਬਿਰਤਾਂਤ ਵਿਚ ਵਕਤਾ ਹੀ ਦੱਸਦਾ ਹੈ ਕਿ ਪਾਤਰ ਕੀ ਬੋਲਦੇ ਹਨ। ਬਿਰਤਾਂਤਕ ਵਕਤੇ ਦਾ ਇਕ ਜ਼ਰੂਰੀ ਹਿੱਸੇਦਾਰ ਬਿਰਤਾਂਤਕ ਸਰੋਤਾ ਹੁੰਦਾ ਹੈ। ਬਿਰਤਾਂਤਕ ਵਕਤਾ ਜਿਸ ਨੂੰ ਸੰਬੋਧਿਤ ਹੁੰਦਾ ਹੈ ਅਤੇ ਬਿਰਤਾਂਤਕ ਵਕਤੇ ਦੁਆਰਾ ਪ੍ਰਸਤੁਤ ਕੀਤੀ ਜਾ ਰਹੀ ਜਾਣਕਾਰੀ ਜੋ ਗ੍ਰਹਿਣ ਕਰਦਾ ਹੈ ਉਹ ਬਿਰਤਾਂਤਕ ਸਰੋਤਾ ਅਖਵਾਉਂਦਾ ਹੈ। ਰਚਨਾ ਵਿਚ ਆਇਆ 'ਮੈਂ' ਬਿਰਤਾਂਤਕ ਵਕਤਾ ਅਤੇ 'ਤੂੰ' ਬਿਰਤਾਂਤਕ ਸਰੋਤਾ ਅਖਵਾਉਂਦਾ ਹੈ।'ਅਸੀਂ' ਅਤੇ 'ਆਪਾਂ' ਸ਼ਬਦਾਂ ਵਿਚ ਬਿਰਤਾਂਤਕ ਵਕਤਾ ਅਤੇ ਸਰੋਤਾ ਦੋਵਾਂ ਦੀ ਸਮਾਯੋਜਨਾ ਸਮਾਈ ਹੁੰਦੀ ਹੈ। ਬਿਰਤਾਂਤ ਸਰੋਤਾ, ਵਕਤਾ ਅਤੇ ਪਾਠਕ ਦਰਮਿਆਨ ਇਕ ਕੜੀ ਦਾ ਕਾਰਜ ਕਰਦਾ ਹੈ ਜੋ ਬਿਰਤਾਂਤੀਕਰਨ ਦੇ ਪ੍ਰਬੰਧ ਨੂੰ ਉਘਾੜਨ ਵਿਚ ਵੀ ਸਹਾਈ ਹੁੰਦਾ ਹੈ।

ਕਿਸੇ ਵੀ ਬਿਰਤਾਂਤਕ ਰਚਨਾ ਨੂੰ ਵਿਸ਼ਲੇਸ਼ਿਤ ਕਰਨਾ ਲਈ ਜਿਨ੍ਹਾਂ ਬਿਰਤਾਂਤਕ ਵਕਤਾ ਦਾ ਪਾਠ ਵਿਚੋਂ ਉਭਰਨਾ ਜ਼ਰੂਰੀ ਹੈ ਉਨ੍ਹਾਂ ਹੀ ਬਿਰਤਾਂਤਕ ਸਰੋਤੇ ਦਾ ਅਧਿਐਨ ਕਰਨਾ ਵੀ ਜ਼ਰੂਰੀ ਹੈ ਕਿਉਂਕਿ ਰਚਨਾ ਵਿਚਲੀ ਆਪਣੀ ਹੋਂਦ ਲਈ ਇਹ ਦੋਵੇਂ ਹੀ ਇਕ ਦੂਜੇ ਦਾ ਪੂਰਕ ਬਣਦੇ ਹਨ ਅਤੇ ਰਚਨਾ ਦੇ ਰਚਨਾਤਮਕ ਅਰਥਾਂ ਨੂੰ ਪਾਠਕ ਤੱਕ ਸੰਚਾਰਿਤ ਕਰਦੇ ਹਨ। ਪਾਠ ਦੀ ਸਮੁੱਚੀ ਬਣਤਰ ਵਿਚਲੀਆਂ ਲਘੂਤਮ ਇਕਾਈਆਂ ਨੂੰ ਤੋਦੋਰੋਵ ਵਾਕ ਦੇ ਪ੍ਰਵਰਗ ਵਿਚ ਰੱਖਦਾ ਹੈ ਜਿਸ ਵਿਚ ਉਹਨਾਂ ਦੇ ਆਪਸੀ ਸੰਬੰਧਾਂ ਨੂੰ ਦੋ ਭਾਗਾਂ ਵਿਚ ਵਿਭਾਜਿਤ ਕਰਦਾ ਹੈ- (1) ਤਾਰਕਿਕ ਤੇ ਸਾਮਿਅਕ ਤਰਤੀਬ (2) ਅਧੀਨ ਤੇ ਸਥਾਨਮਈ ਤਰਤੀਬ। ਰਚਨਾਵਾਂ ਵਿਚ ਲਘੂਤਮ ਇਕਾਈਆਂ ਜ਼ਿਆਦਾਤਰ ਤਾਰਕਿਕ ਤੇ ਸਾਮਿਅਕ ਤਰਤੀਬ ਵਿਚ ਜੁੜਿਆਂ ਹੁੰਦੀਆਂ ਹਨ। ਕਾਰਨਤਾ ਦਾ ਸਾਮਿਅਕਤਾ ਨਾਲ ਗਹਿਰਾ ਸੰਬੰਧ ਹੈ। ਤੋਦੋਰੋਵ ਅਨੁਸਾਰ ਸਰੋਤੇ/ਪਾਠਕ ਲਈ ਕਾਰਨਤਾ ਸਾਮਿਅਕਤਾ ਨਾਲੋਂ ਜ਼ਿਆਦਾ ਮਹੱਤਵਪੂਰਨ ਹੁੰਦੀ ਹੈ। ਕਾਰਨਤਾ ਨੂੰ ਦੋ ਤਰ੍ਹਾਂ ਨਾਲ ਵੇਖਿਆ ਜਾ ਸਕਦਾ ਹੈ। ਇਕ ਮਿੱਥਕ ਬਿਰਤਾਂਤ ਵਿਚਲੀ ਜਦੋਂ ਲਘੂਤਮ ਇਕਾਈਆਂ ਦੇ ਜੁੜਨ ਵਿਚੋਂ ਤਰੁੰਤ ਕਾਰਨਤਾ ਮਿਲਦੀ ਹੈ ਅਤੇ ਦੂਜੀ

ਵਿਚਾਰਧਾਰਕ ਬਿਰਤਾਂਤਾਂ ਵਿਚਲੀ ਜਿਥੇ ਕਾਰਨਤਾ ਇਕਾਈਆਂ ਦੇ ਆਮ ਸੰਬੰਧਾਂ ਵਿਚੋਂ ਮਿਲਦੀ ਹੈ। ਕਿਸੇ ਵੀ ਰਚਨਾ ਵਿਚਲੀ ਕਾਰਨਤਾ ਦੋ ਤਰ੍ਹਾਂ ਨਾਲ ਉਦਭਵ ਹੁੰਦੀ ਹੈ:-

- ਪ੍ਰਤੱਖ ਕਾਰਨਤਾ:- ਜੋ ਰਚਨਾ ਵਿਚ ਸਪੱਸ਼ਟ ਪਈ ਹੋਵੇ। ਇਹ ਸਾਧਾਰਨ ਪਾਠਕ ਨੂੰ ਆਨੰਦਿਤ ਕਰਦੀ ਹੈ।
- ਲੁਕਵੀਂ ਕਾਰਨਤਾ:- ਜੋ ਰਚਨਾ ਦੀ ਡੂੰਘਾਈ ਵਿਚ ਭਾਵ ਅਰਥਾਂ ਦੇ ਡੂੰਘੇ ਜੁੜਵੇਂ, ਸੂਖ਼ਮ ਪੈਟਰਨਾਂ ਦੀ ਬੁਣਤੀ ਤੇ ਬਣਤਰ ਵਿਚ ਪਈ ਹੁੰਦੀ ਹੈ। ਇਸ ਨੂੰ ਅਨੁਭਵੀ ਪਾਠਕ ਵਿਸ਼ੇਸ਼ ਯਤਨਾਂ ਨਾਲ ਗ੍ਰਹਿਣ ਕਰਦੇ ਅਤੇ ਮਾਣਦੇ ਹਨ।

ਲਘੂਤਮ ਇਕਾਈਆਂ ਦੇ ਸਥਾਨਮਈ ਤਰਤੀਬ ਵਿਚ ਜੁੜਨ ਦੀ ਪ੍ਰਵਿਰਤੀ ਬਿਰਤਾਂਤ ਦੇ ਘੇਰੇ ਵਿਚ ਨਹੀਂ ਆਉਂਦੀ ਭਾਵ ਉਹ ਰਚਨਾ ਵਿਚ ਬਿਰਤਾਂਤ ਤੋਂ ਬਾਹਰੀ ਇਕਾਈ ਦੇ ਤੌਰ ਤੇ ਕਾਰਜ ਕਰਦੀ ਹੈ।

## ਜੈਨੇ ਦਾ ਸਿਧਾਂਤ :-

ਜੈਨੇ ਨੇ ਆਪਣੀ ਪ੍ਰਸਿੱਧ ਪੁਸਤਕ 'Narrative Discourse' ਵਿਚ ਬਿਰਤਾਂਤ ਸ਼ਾਸਤਰੀ ਪਰਿਪੇਖ ਨੂੰ ਨਿਵੇਕਲੇ ਜ਼ਾਵੀਏ ਤੋਂ ਉਸਾਰਿਆ ਹੈ। ਇਸ ਕਿਤਾਬ ਵਿਚ ਉਸ ਨੇ ਅਜਿਹੇ ਬਿਰਤਾਂਤ ਸ਼ਾਸਤਰੀ ਨਿਯਮਾਂ ਦੀ ਚਰਚਾ ਕੀਤੀ ਹੈ ਜੋ ਕਿ ਇਕੋ ਵੇਲੇ ਸਾਮਾਨਯ ਵੀ ਹਨ ਅਤੇ ਵਿਸ਼ੇਸ਼ ਵੀ। ਸੰਭਵ ਬਿਰਤਾਂਤ ਦੇ ਤੱਤਾਂ, ਸੰਬੰਧਾਂ ਤੇ ਸੰਚਾਲਕਾਂ ਦੀ ਵਿਆਖਿਆ ਇਹਨਾਂ ਨਿਯਮਾਂ ਨੂੰ ਸਾਮਾਨਯਤਾ ਪ੍ਰਦਾਨ ਕਰਦੀ ਹੈ ਤੇ ਕਿਸੇ ਇਕ ਪਾਠ ਤੇ ਇਹ ਨਿਯਮ ਕੇਂਦਰਿਤ ਕਰਨ ਕਰਕੇ ਇਹ ਨਿਯਮ ਸਾਮਾਨਯ ਤੋਂ ਵਿਸ਼ੇਸ਼ ਸੰਦਰਭ ਵਿਚ ਪ੍ਰਵੇਸ਼ ਕਰ ਜਾਂਦੇ ਹਨ। ਜੈਨੇ ਨੇ ਆਪਣੇ ਇਸ ਬਿਰਤਾਂਤ ਸ਼ਾਸਤਰੀ ਵਿਵੇਚਨ ਵਿਚ ਬਿਰਤਾਂਤ ਦੇ ਤਿੰਨ ਪੱਧਰ ਉਲੀਕੇ ਹਨ: ਕਹਾਣੀ-ਬਿਰਤਾਂਤ-ਬਿਰਤਾਂਤਣ। ਜੈਨੇ ਆਪਣੇ ਇਸ ਸੰਕਲਪ ਵਿਚ ਕਹਾਣੀ ਅਤੇ ਬਿਰਤਾਂਤ ਵਿਚ ਵੱਖਰਤਾ ਦਰਸਾਉਂਦਾ ਹੈ। ਉਸ ਅਨੁਸਾਰ, "ਕਹਾਣੀ ਅਸਲੀ ਜਾਂ ਗਲਪੀ ਘਟਨਾਵਾਂ ਦੀ ਕਾਲਕ੍ਰਮਿਕਤਾ ਵਿਚ ਬੱਝੀ ਇਕ ਵਿਸ਼ੇਸ਼ ਲੜੀ ਹੁੰਦੀ ਹੈ ਅਤੇ ਬਿਰਤਾਂਤ ਤੋਂ ਭਾਵ ਇਹਨਾਂ ਲੜੀਆਂ ਨੂੰ ਦੱਸਣ ਵਾਲੀ ਪੇਸ਼ਕਾਰੀ ਹੈ ਜਿਸ ਵਿਚ ਘਟਨਾਵਾਂ ਦੀ ਤਰਤੀਬ ਮਸਨੂਈ ਹੁੰਦੀ ਹੈ। ਉਸਦੇ ਇਸ ਬਿਰਤਾਂਤ ਸ਼ਾਸਤਰੀ ਸੰਕਲਪ ਵਿਚ ਬਿਰਤਾਂਤ ਦੀ ਕਾਲਿਕ ਤਰਤੀਬ ਦੂਹਰੀ ਹੁੰਦੀ ਹੈ। ਇਕ ਉਹ ਸਮਾਂ ਜੋ ਦੱਸੀ ਵਸਤੂ ਜਾਂ ਘਟਨਾ ਦਾ ਹੁੰਦਾ ਹੈ ਅਤੇ ਦੂਜਾ ਇਸ ਨੂੰ ਪੇਸ਼ ਕਰਦੇ ਬਿਰਤਾਂਤ ਦਾ ਭਾਵ ਉਹ ਕਹਾਣੀ ਨੂੰ ਚਿਹਨਤ ਅਤੇ ਬਿਰਤਾਂਤ ਨੂੰ ਚਿਹਨਕ ਦੇ ਸੰਕਲਪ ਨਾਲ ਜੋੜਦਾ ਹੈ।" ਚਿਹਨਤ ਕਾਲ ਅਤੇ ਚਿਹਨਕ ਕਾਲ ਦਾ ਲੱਛਣ ਹਰ ਤਰ੍ਹਾਂ ਦੇ ਬਿਰਤਾਂਤ ਵਿਚ ਹੁੰਦਾ ਹੈ। ਕਹਾਣੀ ਵਿਚ ਘਟਨਾਵਾਂ ਦੀ ਤਰਤੀਬ ਵੱਲ ਬਿਰਤਾਂਤ ਵਿਚ ਸਿੱਧੇ ਜਾਂ ਅਸਿੱਧੇ ਢੰਗ ਨਾਲ ਸੰਕੇਤ ਕੀਤਾ ਗਿਆ ਹੁੰਦਾ ਹੈ। ਕਹਾਣੀ ਵਿਚ ਘਟਨਾਵਾਂ ਦਾ ਕਾਲਕ੍ਰਮ ਹੁੰਦਾ ਹੈ ਪਰ ਬਿਰਤਾਂਤ ਵਿਚ ਕਾਲਕ੍ਰਮ ਭੰਜਨ ਹੁੰਦਾ ਹੈ। ਲੋਕਯਾਨਿਕ ਬਿਰਤਾਂਤ ਵਿਚ ਘਟਨਾਵੀਂ ਵਿਉਂਤ ਆਮ ਕਰਕੇ ਕਾਲਕ੍ਰਮਿਕ ਹੁੰਦੀ ਹੈ ਪਰ ਨਵੀਆਂ ਸਾਹਿਤਕ ਰਚਨਾਵਾਂ ਵਿਚ ਕਾਲਕ੍ਰਮ ਭੰਜਨ ਵਾਲੀ ਵਿਉਂਤ ਆਮ ਵੇਖੀ ਜਾ ਸਕਦੀ ਹੈ। ਜੈਨੇ ਨੇ ਬਿਰਤਾਂਤਕ ਨਿਯਮਾਂ ਨੂੰ ਕਾਲ (Tense), ਮੂਡ (Mood) ਅਤੇ ਵਾਚ (Voice) ਵਿਚ ਵਿਭਾਜਿਤ ਕੀਤਾ ਹੈ।

ਕਾਲ:- ਇਸ ਅਧੀਨ ਜੈਨੇ ਮਿਆਦ ਅਤੇ ਬਾਰੰਬਾਰਤਾ ਦਾ ਵਿਸ਼ੇਸ਼ ਜ਼ਿਕਰ ਕਰਦਾ ਹੈ।

- ਮਿਆਦ:- ਬਿਰਤਾਂਤ ਦੇ ਕਾਲ ਨਾਲ ਸੰਬੰਧਿਤ ਮੁੱਖ ਸੰਕਲਪ ਮਿਆਦ ਕਥਾ ਕਾਲ ਅਤੇ ਬਿਰਤਾਂਤ ਕਾਲ ਦੀ ਆਪਸੀ ਤੁਲਨਾ ਨਾਲ ਸਮਝਿਆ ਜਾ ਸਕਦਾ ਹੈ ਕਿਉਂਕਿ ਕਥਾ ਕਾਲ ਅਤੇ ਬਿਰਤਾਂਤ ਕਾਲ ਨੂੰ ਅਲੱਗ-ਅਲੱਗ ਨਹੀਂ ਮਾਧਿਆ ਜਾ ਸਕਦਾ। ਕਥਾ ਵਿਚ ਘਟਨਾਵਾਂ ਦੇ ਵਾਪਰਨ ਦੀ ਖਾਸ ਮਿਆਦ ਹੁੰਦੀ ਹੈ ਜਦਕਿ ਬਿਰਤਾਂਤ ਵਿਚ ਇਸਦੀ ਮਸਨੂਈ ਮਿਆਦ ਵਜੋਂ ਪੇਸ਼ਕਾਰੀ ਹੁੰਦੀ ਹੈ। ਇਹਨਾਂ ਦੋਹਾਂ ਮਿਆਦਾਂ ਦੀ ਤੁਲਦਾ ਦੁਆਰਾ ਬਿਰਤਾਂਤਕ ਰਫਤਾਰ ਨੂੰ ਪਛਾਣਿਆ ਜਾ ਸਕਦਾ ਹੈ। ਇਕ ਹੀ ਰਫਤਾਰ ਨਾਲ ਚੱਲਣ ਵਾਲਾ ਬਿਰਤਾਂਤ ਮਿਲਣਾ ਮੁਸ਼ਕਿਲ ਹੈ। ਕਾਲਕ੍ਰਮਿਕ ਭੰਜਨ ਤੋਂ ਬਿਨਾਂ ਬਿਰਤਾਂਤ ਦੀ ਹੋਂਦ ਸੰਭਵ ਹੈ ਪਰ ਅਸੰਤੁਲਿਤ ਗਤੀ ਤੋਂ ਬਿਨਾਂ ਬਿਰਤਾਂਤ ਦੀ ਹੋਂਦ ਸੰਭਵ ਨਹੀਂ। ਕਥਾ ਦੀ ਮਿਆਦ ਉਹ ਹੈ ਜੋ ਕਿ ਘਟਨਾਵਾਂ ਵਾਪਰਨ ਦੀ ਹੁੰਦੀ ਹੈ ਜਿਸਦਾ ਪਾਸਾਰ ਇਕ ਮਿੰਟ ਤੋਂ ਲੈ ਕੇ ਜੁਗਾਂ ਤੱਕ ਫੈਲ ਸਕਦਾ ਹੈ ਪ੍ਰੰਤੂ ਬਿਰਤਾਂਤ ਵਿਚ ਇਹ ਮਿਆਦ ਇਹਨਾਂ ਘਟਨਾਵਾਂ ਦੀ ਪੇਸ਼ਕਾਰੀ ਦੇ ਆਧਾਰ ਉੱਤੇ ਸਿਰਜਤ ਕੀਤੀ ਜਾਂਦੀ ਹੈ। ਭਾਵ ਕਥਾ ਵਿਚ ਪ੍ਰਸਤੁਤ ਲੰਬੇ ਸਮੇਂ ਨੂੰ ਬਿਰਤਾਂਤ ਦੀ ਇਕ ਲਾਇਨ ਤੇ ਵਾਰ ਕੁਝ ਪਲਾਂ ਨੂੰ ਬਿਰਤਾਂਤਕ ਪੇਸ਼ਕਾਰੀ ਵਿਚ ਲੰਮੇ ਅਰਸੇ ਤੱਕ ਪੇਸ਼ ਕੀਤਾ ਜਾ ਸਕਦਾ ਹੈ। ਇਹਨਾਂ ਦੋਵਾਂ ਸਮਿਆਂ ਦੇ ਆਧਾਰ ਤੇ ਬਿਰਤਾਂਤਕ ਰਫਤਾਰ ਦੇ ਚਾਰ ਰੂਪ ਹੋ ਸਕਦੇ ਹਨ-
    - ਅਟਕਾਅ (Pause)
    - ਦ੍ਰਿਸ਼ (Scene)
    - ਸੰਖੇਪ (Summary)
    - ਸ਼ਬਦ ਲੋਪ (Ellipess)
- ਬਾਰੰਬਾਰਤਾ:- ਜੈਨੇ ਦੇ ਬਿਰਤਾਂਤ ਸ਼ਾਸਤਰੀ ਮਾਡਲ ਦਾ ਅਗਲਾ ਪੱਖ ਬਾਰੰਬਾਰਤਾ ਨਾਲ ਸੰਬੰਧ ਰੱਖਦਾ ਹੈ। ਬਾਰੰਬਾਰਤਾ ਤੋਂ ਭਾਵ ਕਥਾ ਜਾਂ ਬਿਰਤਾਂਤ ਵਿਚਲੀਆਂ ਘਟਨਾਵਾਂ ਦੀ ਸੰਭਵ ਸਥਿਤੀ ਵਿਚ ਇਕ ਜਾਂ ਇਕ ਵਧੇਰੇ ਵਾਰ ਪੇਸ਼ਕਾਰੀ ਤੋਂ ਹੈ। ਜੈਨੇ ਦੁਹਾਰਓ ਦੀ ਇਸ ਸਥਿਤੀ ਵਿਚ ਬਾਰੰਬਾਰਤਾ ਨੂੰ ਚਾਰ ਕਿਸਮਾਂ ਵਿਚ ਵਿਭਾਜਿਤ ਕਰਦਾ ਹੈ:
    - ਇਕਹਿਰ ਯੁਕਤ ਬਿਰਤਾਂਤ- ਘਟਨਾ ਦੀ ਰਚਨਾ ਵਿਚ ਇਕ ਵਾਰ ਪੇਸ਼ਕਾਰੀ।
    - ਦੁਹਾਰਓ ਯੁਕਤ ਬਿਰਤਾਂਤ- ਇਕ ਵਾਰੀ ਵਾਪਰੀ ਘਟਨਾ ਦੀ ਵਾਰ-ਵਾਰ ਪੇਸ਼ਕਾਰੀ।
    - ਬਹੁਤਾਤ ਯੁਕਤ ਬਿਰਤਾਂਤ- ਬਹੁਤ ਵਾਰ ਵਾਪਰੀ ਘਟਨਾ ਦੀ ਰਚਨਾ ਵਿਚ ਇਕ ਵਾਰ ਪੇਸ਼ਕਾਰੀ।
    - ਪੁਨਰ ਸਿਰਜਤ ਬਿਰਤਾਂਤ- ਬਹੁਤ ਵਾਰ ਵਾਪਰੀ ਘਟਨਾ ਦੀ ਰਚਨਾ ਵਿਚ ਬਹੁਤ ਵਾਰ ਹੀ ਪੇਸ਼ਕਾਰੀ।

ਮੂਡ:- ਕੋਈ ਵੀ ਬਿਰਤਾਂਤ ਰਚਨਾ ਕੇਵਲ ਵਿਉਂਤ, ਮਿਆਦ ਅਤੇ ਬਾਰੰਬਾਰਤਾ ਉੱਪਰ ਹੀ ਟਿਕੀ ਨਹੀਂ ਹੁੰਦੀ ਸਗੋਂ ਇਹ ਤਿੰਨੋਂ ਹੀ ਪਰਤਾਂ ਘਟਨਾ ਦੀ ਪੇਸ਼ਕਾਰੀ ਭਾਵ 'ਕਿਵੇਂ' ਦੇ ਸੰਕਲਪ ਨਾਲ ਆਤਮਸਾਤ ਹੋਈਆਂ ਹੁੰਦੀਆਂ ਹਨ ਪਰ ਘਟਨਾ

ਨੂੰ ਕਿਸ ਦ੍ਰਿਸ਼ਟੀਕੋਣ ਤੋਂ ਤੇ ਕਿਸ ਸੰਦਰਭ ਵਿਚ ਪੇਸ਼ ਕੀਤਾ ਗਿਆ ਹੈ ਇਹ ਮੂਡ ਦੇ ਅੰਤਰਗਤ ਆਉਣ ਵਾਲਾ ਸੰਕਲਪ ਹੈ।'ਮੂਡ' ਤੋਂ ਭਾਵ ਹੈ ਵੱਖੋ-ਵੱਖਰੇ ਦ੍ਰਿਸ਼ਟੀਕੋਣਾਂ ਤੋਂ ਜ਼ਿੰਦਗੀ ਨੂੰ ਦੇਖਣਾ ਅਤੇ ਰਚਨਾ ਵਿਚ ਪੇਸ਼ ਕਰਨਾ। ਬਿਰਤਾਂਤਕਾਰ ਆਪਣੀ ਬਾਰੀਕ ਸੂਝ ਅਤੇ ਤੀਖਣ ਬੁੱਧੀ ਜ਼ਰੀਏ ਸਮਾਜ ਵਿਚੋਂ ਕੁਝ ਗੱਲਾਂ ਗ੍ਰਹਿਣ ਕਰਦਾ ਹੈ ਜੋ ਕਿ ਬਾਅਦ ਵਿਚ ਕਥਾ ਦਾ ਹਿੱਸਾ ਬਣਦੀਆਂ ਹਨ ਜੋ ਉਸ ਨੇ ਅਰਥ ਸਿਰਜਤ ਕਰਨ ਲਈ ਬਿਰਤਾਂਤ ਵਿਚ ਪ੍ਰਗਟਾਉਣੀਆਂ ਹੁੰਦੀਆਂ ਹਨ। ਬਿਰਤਾਂਤਕਾਰ ਦੀ ਇਹ ਸੂਝ ਗ੍ਰਹਿਣ ਕਰਨ ਤੇ ਪ੍ਰਗਟਾਉਣ ਦੀ ਪ੍ਰਕਿਰਿਆ, ਮੂਡ ਦੇ ਅੰਤਰਗਤ ਵਿਚਾਰੀ ਜਾਂਦੀ ਹੈ। ਜੈਨੇ ਅਨੁਸਾਰ, "ਬਿਰਤਾਂਤ ਕੇਵਲ ਘਟਨਾਵੀ ਵਿਉਂਤ, ਘਟਨਾਵੀ ਪੇਸ਼ਕਾਰੀ ਜਾਂ ਇੱਛਾ ਦਾ ਪ੍ਰਗਟਾਓ ਹੀ ਨਹੀਂ ਸਗੋਂ ਕਹਾਣੀ ਕਹਿਣਾ ਵੀ ਹੈ। ਇਸਲਈ ਅਸਲੀ ਜਾਂ ਗਾਲਪਨਿਕ ਤੱਥਾਂ ਦੀ ਰਿਪੋਰਟ ਕਰਨਾ 'ਮੂਡ' ਅਖਵਾਉਂਦਾ ਹੈ।"[18] ਫਾਸਲਾ ਤੇ ਪਰਿਪੇਖ ਰਚਨਾ ਵਿਚ ਮੂਡ ਨੂੰ ਪ੍ਰਸਤੁਤ ਕਰਨ ਵਾਲੀਆਂ ਦੋ ਕਿਸਮਾਂ ਹਨ। ਫਾਸਲਾ ਭਾਵ ਬਿਰਤਾਂਤਕ ਵਕਤੇ/ਪਾਤਰ ਦੂਰੀ ਜਾਂ ਨੇੜਤਾ ਹੈ ਅਤੇ ਪਰਿਪੇਖ ਤੋਂ ਭਾਵ ਬਿਰਤਾਂਤਕਾਰ ਜੋ ਕੁਝ ਵੀ ਗ੍ਰਹਿਣ ਕਰਦਾ ਹੈ ਉਹ ਕਿਸੇ ਖਾਸ ਪਰਿਪੇਖ ਭਾਵ ਕਿਸੇ ਖਾਸ ਸੰਦਰਭ ਤਹਿਤ ਕਰਦਾ ਹੈ। ਬਿਰਤਾਂਤਕਾਰ ਆਪਣੀ ਇਸ ਪਰਿਪੇਖ ਸੋਝੀ ਨਾਲ ਜੁੜੇ ਵਰਤਾਰੇ ਨੂੰ ਕਿਸੇ ਖਾਸ ਸੰਦਰਭ ਵਿਚ ਰਚਨਾ ਵਿਚ ਫੋਕਸ ਕਰਦਾ ਹੈ ਅਤੇ ਉਸਦਾ ਇਹ ਫੋਕਸ ਹੀ ਬਿਰਤਾਂਤ ਸ਼ਾਸਤਰ ਵਿਚ ਫੋਕਸੀਕਰਨ ਸੰਕਲਪ ਤਹਿਤ ਵਾਚਿਆ ਜਾਂਦਾ ਹੈ। ਜੈਨੇ ਆਪਣੇ ਬਿਰਤਾਂਤ ਸ਼ਾਸਤਰੀ ਮਾਡਲ ਵਿਚ ਫੋਕਸੀਕਰਨ ਦੀਆਂ ਤਿੰਨ ਕਿਸਮਾਂ ਨਿਰਧਾਰਿਤ ਕਰਦਾ ਹੈ:-

- ਅਫੋਕਸੀਕਰਨ
- ਬਾਹਰੀ ਫੋਕਸੀਕਰਨ (ਨਾਇਕ ਦੀ ਰਚਨਾ ਵਿਚ ਪ੍ਰਤੱਖ ਪੇਸ਼ਕਾਰੀ ਪਰ ਫਿਰ ਵੀ ਉਸ ਦੀਆਂ ਭਾਵਨਾਵਾਂ ਨੂੰ ਨਾ ਸਮਝਣਾ)
- ਆਤਰਿਕ ਫੋਕਸੀਕਰਨ

ਵਾਚ:- ਜੈਨੇ ਵਾਚ ਦੇ ਸੰਕਲਪ ਅਧੀਨ ਬਿਰਤਾਂਤਣ ਕਾਰਜ, ਬਿਰਤਾਂਤੀਕਰਨ ਦਾ ਪੱਧਰ ਅਤੇ ਬਿਰਤਾਂਤਕ ਪੁਰਖ/ਵਕਤਾ ਨੂੰ ਵਿਚਾਰਦਾ ਹੈ। ਬਿਰਤਾਂਤਣ ਕਾਰਜ ਦੇ ਦੋ ਪੱਧਰ ਹੁੰਦੇ ਹਨ। ਪਹਿਲੇ ਪੱਧਰ ਦਾ ਬਿਰਤਾਂਤ ਬਾਹਰ ਬਿਆਨੀ ਅਤੇ ਦੂਜੇ ਪੱਧਰ ਦਾ ਅਮਤਰ ਬਿਆਨੀ ਅਕਵਾਉਂਦਾ ਹੈ। ਜਦ ਬਿਰਤਾਂਤ ਅੰਦਰ ਬਿਰਤਾਂਤ ਹੋਵੇ ਤਾਂ ਇਸ ਨੂੰ ਪਰਾ-ਬਿਆਨੀ ਬਿਰਤਾਂਤ ਕਿਹਾ ਜਾਂਦਾ ਹੈ। ਹਰ ਬਿਰਤਾਂਤ ਕਿਸੇ ਵਕਤੇ ਰਾਹੀਂ ਪ੍ਰਸਤੁਤ ਹੁੰਦਾ ਹੈ। ਬਿਰਤਾਂਤ ਪੇਸ਼ ਕਰ ਰਹੇ ਵਕਤੇ ਦੇ ਕਥਨ ਨਾਲ ਦੋ ਤਰ੍ਹਾਂ ਦੇ ਸੰਬੰਧ ਹੁੰਦੇ ਹਨ। ਸਮ-ਬਿਆਨੀ ਅਤੇ ਭਿੰਨ ਬਿਆਨੀ। ਸਮ-ਬਿਆਨੀ ਵਕਤਾ ਕਥਾ ਦਾ ਕਿਰਦਾਰ ਵੀ ਹੁੰਦਾ ਹੈ ਅਤੇ ਭਿੰਨ-ਬਿਆਨੀ ਵਿਚ ਬਿਰਤਾਂਤਕਾਰ ਅਜਿਹਾ ਵਕਤਾ ਹੈ ਜੋ ਕਿਰਦਾਰ ਨਾ ਹੋ ਕੇ ਬਾਹਰੋਂ ਕਥਾ ਸੁਣਾਉਂਦਾ ਹੈ। ਬਿਰਤਾਂਤ ਦੇ ਇਹਨਾਂ ਦੋ ਪੱਧਰਾਂ ਅਤੇ ਵਕਤੇ ਦੇ ਕਥਾ ਨਾਲ ਦੋ ਤਰ੍ਹਾਂ ਦੇ ਸੰਬੰਧਾਂ ਅਨੁਸਾਰ ਬਿਰਤਾਂਤ ਵਕਤੇ ਦੀਆਂ ਚਾਰ ਬੁਨਿਆਦੀ ਕਿਸਮਾਂ ਬਣਦੀਆਂ ਹਨ:-

- ਪੱਧਰ (Level)

- ਬਾਹਰ ਬਿਆਨੀ (Extradiegetic)
- ਅੰਤਰ ਬਿਆਨੀ (Intradiegetic)
- ਸੰਬੰਧ (Relations)

ਕੋਈ ਵੀ ਬਿਰਤਾਂਤ ਬਿਰਤਾਂਤਕ ਵਕਤੇ ਅਤੇ ਬਿਰਤਾਂਤਕ ਸਰੋਤੇ ਦੀ ਆਪਸੀ ਸਾਂਝ ਬਿਨਾਂ ਸੰਭਵ ਨਹੀਂ। ਇਸ ਲਈ ਬਿਰਤਾਂਤਕ ਵਕਤੇ ਦੇ ਬਰਾਬਰ ਦੀ ਧਿਰ ਬਿਰਤਾਂਤ ਸਰੋਤਾ ਵੀ ਹੈ। ਵਕਤੇ ਦੇ ਅਨੁਰੂਪ ਹੀ ਸਰੋਤੇ ਦੀ ਹੋਂਦ ਹੁੰਦੀ ਹੈ। ਸੰਭਵ ਹੈ ਕਿ ਚਾਰੇ ਕਿਸਮ ਦੇ ਵਕਤੇ ਚਾਰੇ ਕਿਸਮ ਦੇ ਸਰੋਤਿਆਂ ਨੂੰ ਵੀ ਮੁਖਾਤਿਬ ਹੋਣ। ਜੈਨੇ ਦੁਆਰਾ ਪੇਸ਼ ਇਹ ਬਿਰਤਾਂਤ ਸ਼ਾਸਤਰੀ ਮਾਡਲ ਬਿਰਤਾਂਤ ਸ਼ਾਸਤਰ ਦੇ ਕੁਝ ਅਜਿਹੇ ਨਿਯਮਾਂ ਦੀ ਨਿਸ਼ਾਨਦੇਹੀ ਕਰਦਾ ਹੈ ਜੋ ਕਿਸੇ ਵੀ ਰਚਨਾ ਦੇ ਅੰਦਰੂਨੀ ਧਰਾਤਲ ਵਿਚ ਕੰਮ ਕਰਦੇ ਨੇਮ ਪ੍ਰਬੰਧਾਂ ਵਿਚ ਸਹਾਈ ਹੁੰਦੇ ਹਨ।

## ਕਲਾਦ ਲੈਵੀ-ਸਤਰਾਸ ਦਾ ਸਿਧਾਂਤ :-

ਕਲਾਦ ਲੈਵੀ-ਸਤਰਾਸ ਨੇ ਮਿੱਥ ਅਧਿਐਨ ਦੇ ਖੇਤਰ ਵਿਚ ਮੋਟਿਫ਼ਾਂ ਦਾ ਅਧਿਐਨ ਕਰਕੇ ਮਿੱਥਾਂ ਦਾ ਵਿਗਿਆਨਕ ਮਾਡਲ ਪੇਸ਼ ਕੀਤਾ ਹੈ। ਉਸਨੇ ਮਿੱਥਕ ਰਚਨਾਵਾਂ ਦੀ ਪਿੱਠ ਭੂਮੀ ਵਿਚ ਕਾਰਜਸ਼ੀਲ ਨੇਮ ਪ੍ਰਬੰਧਾਂ ਨੂੰ ਵਿਸ਼ਲੇਸ਼ਿਤ ਕਰਨ ਦਾ ਯਤਨ ਕੀਤਾ ਹੈ। ਮਿੱਥਾਂ ਦਾ ਵਿਸ਼ਲੇਸ਼ਣ ਕਰਦਾ ਹੋਇਆ ਸਤਰਾਸ ਮਿੱਥ ਦੀਆਂ ਕੁਝ ਥੀਮਕ ਇਕਾਈਆਂ ਨੂੰ ਪੇਸ਼ ਕਰਦਾ ਹੈ ਅਤੇ ਬਾਅਦ ਵਿਚ ਇਹਨਾਂ ਇਕਾਈਆਂ ਦੀ ਆਪਸੀ ਸਮਾਯੋਜਨਾ ਤਹਿਤ ਪੈਦਾ ਹੋਣ ਵਾਲੇ ਇਕ ਸੰਪੂਰਨ ਮਿੱਥਕ ਪ੍ਰਬੰਧ ਦਾ ਵਰਣਨ ਕੀਤਾ ਹੈ। ਇਸ ਅਧਿਐਨ ਦੌਰਾਨ ਸਤਰਾਸ ਮਿੱਥ ਦੀ ਸਭ ਤੋਂ ਛੋਟੀ ਅਰਥ-ਯੁਕਤ ਇਕਾਈ ਨੂੰ 'ਮਾਈਥੀਮ' ਦਾ ਨਾਂ ਦਿੰਦਾ ਹੈ। ਸਤਰਾਸ ਮਿੱਥ ਦੇ ਅਧਿਐਨ ਸਮੇਂ ਹਰ ਉਸ ਵੇਰਵੇ ਨੂੰ ਮਹੱਤਤਾ ਪ੍ਰਦਾਨ ਕਰਦਾ ਹੈ ਜੋ ਮਿੱਥ ਦੀ ਸੰਰਚਨਾ ਵਿਚ ਕਿਸੇ ਨਾ ਕਿਸੇ ਕਾਰਜ ਦੀ ਲਖਾਇਕ ਹੈ। ਸਤਰਾਸ ਮਿੱਥ ਵਿਚਲੀਆਂ ਘਟਨਾਵਾਂ ਅਤੇ ਕਾਰਜਾਂ ਦੀ ਤਰਤੀਬ ਦਾ ਅਧਿਐਨ ਕੁਝ ਮਹੱਤਵਪੂਰਨ ਵਿਰੋਧੀ ਜੁਟਾਂ ਦੇ ਸੰਦਰਭ ਵਿਚ ਕਰਦਾ ਹੈ। ਸਤਰਾਸ ਅਨੁਸਾਰ, " ਮਿੱਥ ਮਨੁੱਖੀ ਉਚਾਰ ਦੀ ਇਕ ਅਜਿਹੀ ਇਕਾਈ ਹੈ, ਜਿਸ ਦਾ ਸੰਬੰਧ ਭਾਸ਼ਾ ਦੇ ਨਾਲ ਹੈ। ਆਪਣੇ ਇਸੇ ਸੰਦਰਭ ਤਹਿਤ ਮਿੱਥ ਇਤਿਹਾਸਕ ਤੇ ਅਣਇਤਿਹਾਸਕ ਦੋਹਰੇ ਪੱਧਰਾਂ ਤੇ ਵਿਚਰਦੀ ਹੈ। ਆਪਣੀ ਇਤਿਹਾਸਕ ਪ੍ਰਕਿਰਿਆ ਦੌਰਾਨ ਮਿੱਥ ਨੂੰ ਇਕ ਭਾਸ਼ਾਈ ਪ੍ਰਬੰਧ ਵਜੋਂ ਸਮਝਿਆ ਜਾ ਸਕਦਾ ਹੈ।"[19] ਸਤਰਾਸ ਮਿੱਥ ਦੀ ਬਿਰਤਾਂਤਕ ਸੰਰਚਨਾ ਦੀ ਵਿਆਖਿਆ ਕਰਨ ਹਿਤ ਇਹਨਾਂ ਰੁਚਿਤ ਨਹੀਂ ਜਿੰਨਾ ਇਸ ਦੇ ਅੰਤਰੀਵ ਸੰਸਾਰ ਦੀ ਸੰਰਚਨਾ ਦੇ ਅਧਿਐਨ ਤੇ ਵਿਸ਼ਲੇਸ਼ਣ ਵੱਲ ਰੁਚਿਤ ਸੀ। ਸਤਰਾਸ ਨੇ ਮਿੱਥ ਨੂੰ ਮਨੁੱਖੀ ਉਚਾਰ ਦਾ ਇਕ ਭਾਗ ਮੰਨਦੇ ਹੋਏ ਇਸਦਾ ਭਾਸ਼ਾ ਨਾਲ ਸਿੱਧਾ ਸੰਬੰਧ ਸਵੀਕਾਰ ਕੀਤਾ ਹੈ। ਉਸਦਾ ਵਿਚਾਰ ਹੈ, "ਕਿ ਮਿੱਥ, ਇਕ ਭਾਸ਼ਾ ਹੈ ਇਹ ਸੁਣਾਈ ਜਾਂਦੀ ਹੈ, ਇਹ ਮਨੁੱਖੀ ਭਾਸ਼ਾ ਦਾ ਇਕ ਭਾਗ ਹੈ। ਮਿੱਥ ਦਾ ਮੂਲ ਸਾਰ ਇਸ ਦੀ ਸ਼ੈਲੀ, ਮੌਲਿਕ ਸੰਗੀਤ ਜਾਂ ਇਸ ਦੇ ਵਾਕ-ਵਿਗਿਆਨ ਵਿਚ ਵਿਦਮਾਨ ਨਾ ਹੋ ਕੇ ਉਸ ਕਹਾਣੀ ਵਿਚ ਨਿਹਿਤ ਹੈ ਜੋ ਇਹ ਸੁਣਾਉਂਦੀ ਹੈ।"[20] ਸਤਰਾਸ ਨੇ ਮਿੱਥ ਅਧਿਐਨ ਲਈ ਤਿੰਨ ਪ੍ਰਮੁੱਖ ਨੁਕਤੇ ਦੇ ਕੇ ਬਿਰਤਾਂਤਕ ਆਧਾਰ ਸਿਰਜਦਾ ਹੈ:-

- ਮਿੱਥ ਵਿਚੋਂ ਪੈਦਾ ਹੋਣ ਵਾਲੇ ਤੱਤ, ਤੱਤਾਂ ਦੀ ਜੁੜਨ ਵਿਧੀ ਵਿਚੋਂ ਪੈਦਾ ਹੁੰਦੇ ਹਨ ਨਾ ਕਿ ਮਿੱਥ ਦੀ ਵਿਤਰੇਕੀ ਬਣਤਰ ਵਿਚੋਂ, ਭਾਵ ਕਿ ਮਿੱਥ ਦੇ ਅਰਥ ਤੱਤਾਂ ਵਿਚ ਨਹੀਂ ਸਗੋਂ ਤੱਤਾਂ ਦੀ ਆਪਸੀ ਜੁੜਨ ਵਿਧੀ ਵਿਚੋਂ ਪੈਦਾ ਹੈ।
- ਮਿੱਥ ਭਾਸ਼ਿਕ ਪ੍ਰਵਰਗ ਹੋਣ ਦੇ ਬਾਵਜੂਦ ਵੀ ਆਪਣੀ ਅਲੱਗ ਹੋਂਦ ਦੀ ਧਾਰਨੀ ਹੈ। ਭਾਸ਼ਾ ਇਸ ਦੇ ਇਕ ਭਾਗ ਵਜੋਂ ਇਸ ਦੇ ਅੰਦਰ ਵਿਚਰਦੀ ਹੈ।
- ਮਿੱਥ ਦੀ ਹੋਂਦ-ਵਿਧੀ ਦੀਆਂ ਗੁੰਝਲਦਾਰ ਤੇ ਬਹੁਪਰਤੀ ਵਿਸ਼ੇਸ਼ਤਾਵਾਂ ਤੱਕ ਪੁੱਜਣ ਲਈ ਉਹਨਾਂ ਪੱਧਰਾਂ ਤੱਕ ਪਹੁੰਚਣਾ ਆਵੱਸ਼ਕ ਹੈ ਜੋ ਕਿ ਹੋਰ ਪੱਧਰ ਦੀ ਭਾਸ਼ਾਈ ਅਭਿਵਿਅੰਜਨਾਂ ਰਾਹੀਂ ਸੰਭਵ ਹੁੰਦੇ ਹਨ।

## ਰੋਲਾਂ ਬਾਰਤ ਦਾ ਸਿਧਾਂਤ :-

ਰੋਲਾਂ ਬਾਰਤ ਨੇ ਆਪਣੀ ਪੁਸਤਕ s/z ਵਿਚ ਬਿਰਤਾਂਤ ਦੇ ਅਧਿਐਨ ਲਈ ਇਕ ਨਵੀਂ ਵਿਧੀ ਵਿਕਸਿਤ ਕਰਨ ਦਾ ਯਤਨ ਕੀਤਾ ਹੈ। ਇਸ ਵਿਧੀ ਨੂੰ ਉਸਨੇ ਪੰਜ ਪ੍ਰਕਾਰ ਦੇ ਕੋਡਾਂ ਦੇ ਰੂਪ ਵਿਚ ਪੇਸ਼ ਕੀਤਾ ਹੈ। 'ਕੋਡ' ਦਾ ਇਹ ਸੰਕਲਪ ਚਿਹਨ ਵਿਗਿਆਨ ਦੇ ਖੇਤਰ ਨਾਲ ਸੰਬੰਧ ਰੱਖਦਾ ਹੈ। ਰੋਲਾਂ ਬਾਰਤ ਨੇ ਆਪਣੇ ਇਸ ਅਧਿਐਨ ਦੇ ਆਧਾਰ ਤੇ ਇਹ ਦੱਸਣਾ ਦੀ ਕੋਸ਼ਿਸ਼ ਕੀਤੀ ਕਿ ਮਨੁੱਖੀ ਅਨੁਭਵ ਵਿਚ ਸੂਚਨਾ ਤੇ ਸੰਚਾਰ ਦਾ ਕਾਰਜ ਕੋਡਬੱਧ ਢੰਗ ਨਾਲ ਹੁੰਦਾ ਹੈ। ਸਾਹਿਤ ਰਚਨਾ ਵੀ ਭਿੰਨ-ਭਿੰਨ ਪ੍ਰਕਾਰ ਦੇ ਕੋਡਾਂ ਦਾ ਸੰਗਠਿਤ ਰੂਪ ਹੁੰਦੀ ਹੈ। ਇਸ ਦਾ ਕਾਰਨ ਇਹ ਹੈ ਕਿ ਜਦੋਂ ਅਸੀਂ ਕਿਸੇ ਸਾਹਿਤ ਰਚਨਾ ਜਾਂ ਬਿਰਤਾਂਤ ਰਚਨਾ ਦਾ ਅਧਿਐਨ ਕਰਦੇ ਹਾਂ ਤਾਂ ਸਾਨੂੰ ਰਚਨਾ ਵਿਚ ਵਰਤੇ ਗਏ ਕੋਡਾਂ ਉੱਪਰ ਧਿਆਨ ਦੇਣਾ ਹੋਵੇਗਾ। ਬਿਰਤਾਂਤ ਦੇ ਅਧਿਐਨ ਲਈ ਦੋ ਨੁਕਤਿਆਂ ਉੱਪਰ ਧਿਆਨ ਦੇਣਾ ਚਾਹੀਦਾ ਹੈ। ਪਹਿਲਾ ਰਚਨਾ ਨੂੰ ਛੋਟੀਆਂ-ਛੋਟੀਆਂ ਅਰਥ ਭਰਪੂਰ ਇਕਾਈਆਂ ਵਿਚ ਵੰਡਣਾ ਜ਼ਰੂਰੀ ਹੈ। ਉਸ ਤੋਂ ਬਾਅਦ ਇਹਨਾਂ ਅਰਥਗਤ ਇਕਾਈਆਂ ਨੂੰ ਭਿੰਨ-ਭਿੰਨ ਕੋਡਾਂ ਨਾਲ ਸੰਬੰਧਿਤ ਕਰਕੇ ਵਾਚਣ ਦੀ ਜ਼ਰੂਰਤ ਹੈ। ਰੋਲਾਂ ਬਾਰਤ ਨੇ ਪ੍ਰਮੁੱਖ ਪੰਜ ਕੋਡ ਪੇਸ਼ ਕੀਤਾ ਹਨ:-

- ਕਾਰਜ ਮੂਲਕ ਕੋਡ:- ਇਸ ਕੋਡ ਦੇ ਬਿਰਤਾਂਤ ਰਚਨਾ ਵਿਚ ਹਰ ਕਾਰਜ ਨੂੰ ਵਾਚਿਆ ਜਾਂਦਾ ਹੈ। ਕਾਰਜਾਂ ਦੀ ਹੋਂਦ ਸੰਗਠਨਾਤਮਕ ਹੁੰਦੀ ਹੈ। ਉਹ ਇਕ ਖਾਸ ਸਮੇਂ ਬਿੰਦੂ ਤੋਂ ਸ਼ੁਰੂ ਹੁੰਦੇ ਹਨ ਅਤੇ ਖਾਸ ਸਮੇਂ ਬਿੰਦੂ ਉੱਪਰ ਜਾ ਕੇ ਖਤਮ ਹੋ ਹੁੰਦੇ ਹਨ। ਇਸ ਕੋਡ ਦਾ ਸੰਬੰਧ ਰਚਨਾ ਵਿਚਲੀ ਕਾਲਕ੍ਰਮਤਾ ਨਾਲ ਹੈ। ਇਸਲਈ ਉਸ ਨੂੰ ਕਥਾਤਮਕ ਕੋਡ ਦਾ ਦਰਜਾ ਵੀ ਦੇ ਦਿੱਤਾ ਜਾਂਦਾ ਹੈ।
- ਵਿਆਖਿਆ ਦਾ ਰਹੱਸਮੂਲਕ ਕੋਡ:- ਇਸ ਕੋਡ ਦਾ ਸੰਬੰਧ ਵੀ ਮੂਲ ਰੂਪ ਵਿਚ ਕਾਰਜਾਂ ਨਾਲ ਹੁੰਦਾ ਹੈ ਪਰ ਇਸ ਵਿਚ ਕਾਰਜਾਂ ਨੂੰ ਉਤਸੁਕਤਾ ਨਾਲ ਜੋੜ ਕੇ ਵਿਚਾਰਿਆ ਜਾਂਦਾ ਹੈ। ਇਹ ਕੋਡ ਕਾਰਜਾਂ ਦੇ ਪ੍ਰਸੰਗ ਵਿਚ ਪ੍ਰਸ਼ਨ ਉਭਾਰਦਾ ਹੈ ਜਿਸਦੇ ਉੱਤਰ ਦੀ ਤਲਾਸ਼ ਟੈਕਸਟ ਵਿਚੋਂ ਕੀਤੀ ਜਾਂਦੀ ਹੈ। ਬਿਰਤਾਂਤਕ ਰਚਨਾ ਹਰ ਮੋੜ

ਤੇ ਪ੍ਰਸ਼ਨ ਚਿੰਨ੍ਹ ਲਗਾਉਂਦੀ ਹੋਈ ਕੀ, ਕਿਉਂ, ਕਿਵੇਂ ਦਾ ਸੰਕਲਪ ਉਭਾਰਦੀ ਹੈ। ਜਿਸ ਦਾ ਉੱਤਰ ਰਚਨਾ ਦੇ ਲੁਪਤ ਸਾਰ ਵਿਚ ਮੌਜੂਦ ਹੁੰਦਾ ਹੈ।

- ਸਭਿਆਚਾਰਕ ਕੋਡ:- ਮਾਨਵੀ ਯਥਾਰਥ ਨਾਲ ਸੰਬੰਧਿਤ ਇਹ ਰਚਨਾ ਵਿਚ ਮਨੁੱਖ ਦੁਆਲੇ ਫੈਲੇ ਵਿਸ਼ੇਸ਼ ਗਿਆਨ ਵਿਗਿਆਨ ਦੇ ਸਮੁੱਚੇ ਪ੍ਰਬੰਧ ਨਾਲ ਜੁੜਿਆ ਹੋਇਆ ਹੈ। ਇਸ ਸਮੁੱਚੇ ਪ੍ਰਬੰਧ ਵੱਲ ਰਚਨਾ ਵਿਚ ਸਿਰਫ ਸੰਕੇਤਕ ਇਸ਼ਾਰਾ ਹੀ ਕੀਤਾ ਹੁੰਦਾ ਹੈ।
- ਅਰਥ-ਤੱਤ ਮੂਲਕ ਕੋਡ:- ਰਚਨਾ ਦੀ ਥੀਮਕ ਉਸਾਰੀ ਵਿਚ ਪਾਤਰਾਂ ਦਾ ਯੋਗਦਾਨ ਬੇਹੱਦ ਮਹੱਤਵਪੂਰਨ ਹੈ। ਰੋਲਾਂ ਬਾਰਤ ਨੇ ਪਾਤਰਾਂ ਦੇ ਗੁਣਾਂ ਲੱਛਣਾਂ ਨਾਲ ਸੰਬੰਧਿਤ ਕੋਡ ਨੂੰ ਅਰਥ-ਤੱਤ ਮੂਲਕ ਕੋਡ ਦਾ ਨਾਂ ਦਿੱਤਾ ਹੈ। ਪਾਤਰਾਂ ਦੇ ਗੁਣਾਂ ਲੱਛਣਾਂ ਦੇ ਨਾਲ ਉਹਨਾਂ ਦੀਆਂ ਮਾਨਸਿਕ ਸਥਿਤੀਆਂ, ਪ੍ਰਸਥਿਤੀਆਂ ਅਤੇ ਉਹਨਾਂ ਦੁਆਲੇ ਉਸਰੇ ਪੂਰੇ ਮਾਹੌਲ ਨਾਲ ਵੀ ਇਹ ਕੋਡ ਸੰਬੰਧ ਰੱਖਦਾ ਹੈ। ਇਸ ਦਾ ਭਾਵ-ਅਰਥ ਉਪਜਾਉਣ ਵਾਲਾ ਭਾਵ ਮੂਲਕ ਕੋਡ ਵੀ ਕਿਹਾ ਜਾਂਦਾ ਹੈ।
- ਪ੍ਰਤੀਕਾਤਮਕ ਕੋਡ:- ਬਿਰਤਾਂਤਕ ਰਚਨਾ ਦੀ ਉਸਾਰੀ ਵਿਰੋਧਾਤਮਕ ਜੁਟਾਂ ਜਾਂ ਦਵੰਦਾਤਮਕ ਵਿਰੋਧਾਂ ਦੀ ਸਹਾਇਤਾ ਜ਼ਰੀਏ ਹੁੰਦੀ ਹੈ। ਇਹ ਸਾਰੇ ਵਿਰੋਧ ਪ੍ਰਤੀਕਾਤਮਕ ਤੌਰ ਤੇ ਰਚਨਾ ਵਿਚ ਸੰਮਲਿਤ ਹੁੰਦੇ ਹਨ ਤੇ ਪੂਰੇ ਥੀਮੈਟਿਕ ਪਾਸਾਰ ਦੀ ਉਸਾਰੀ ਇਸ ਪ੍ਰਤੀਕਾਰਮਕਤਾ ਤੇ ਕੇਂਦਰਿਤ ਹੁੰਦੀ ਹੈ। ਅਧਿਐਨ ਕਰਤਾ ਨੇ ਇਹਨਾਂ ਪ੍ਰਤੀਕਾਤਮਕ ਵਿਰੋਧਾਂ ਦੀ ਪਛਾਣ ਟੈਕਸਟ ਵਿਚੋਂ ਖੁਦ ਕਰਨੀ ਹੁੰਦੀ ਹੈ ਕਿਉਂਕਿ ਕੋਈ ਵੀ ਸਹਾਇਕ ਰਚਨਾ ਯਥਾਰਥ ਦਾ ਸਿੱਧਾ ਬਿਆਨ ਨਹੀਂ ਸਗੋਂ ਪ੍ਰਤੀਕਾਤਮਕ ਪ੍ਰਗਟਾਅ ਹੈ।

ਰੋਲਾਂ ਬਾਰਤ ਅਨੁਸਾਰ, " ਇਹਨਾਂ ਕੋਡਾਂ ਦੀ ਵਰਤੋਂ ਨਾਲ ਹੀ ਕੋਈ ਪਾਠਕ ਟੈਕਸਟ ਵਿਚ ਸੰਕੇਤਬੱਧ ਕੀਤੇ ਸੰਦੇਸ਼ ਨੂੰ ਖੋਲ ਕੇ ਅਰਥ ਗ੍ਰਹਿਣ ਕਰ ਸਕਦਾ ਹੈ।"[21] ਬਿਰਤਾਂਤ ਸਰੂਪ ਅਤੇ ਗਿਣਤੀ ਪੱਖੋਂ ਅਣਗਿਣਤ ਹਨ ਪਰ ਸੰਰਚਨਾਵੀ ਬਣਤਰ ਦੇ ਸਾਂਝੇ ਨਿਯਮਾਂ ਤਹਿਤ ਰੋਲਾਂ ਬਾਰਤ ਬਿਰਤਾਂਤ ਦੀ ਸੰਰਚਨਾ ਸਮਝਣ ਲਈ ਇਹਨਾਂ ਨੂੰ ਪੰਜ ਭਾਗਾਂ ਵਿਚ ਵੰਡਿਆ ਹੈ-

1. ਬਿਰਤਾਂਤ ਦੀ ਭਾਸ਼ਾ:- ਭਾਸ਼ਾ ਦੀ ਵੱਡੀ ਤੋਂ ਵੱਡੀ ਇਕਾਈ ਵਾਕ ਨੂੰ ਮੰਨਿਆ ਜਾਂਦਾ ਹੈ ਪਰ ਰੋਲਾਂ ਬਾਰਤ ਬਿਰਤਾਂਤ ਨੂੰ ਹੀ ਸਰਵ ਉੱਚ ਇਕਾਈ ਦਾ ਦਰਜਾ ਪ੍ਰਦਾਨ ਕੀਤਾ ਹੈ। ਉਸ ਅਨੁਸਾਰ, "ਜਿਵੇਂ ਵਾਕ ਵਿਚਲੇ ਵੱਖ-ਵੱਖ ਸ਼ਬਦਾਂ ਦਾ ਦੂਜੇ ਸ਼ਬਦਾਂ ਦੇ ਸੰਬੰਧਾਂ ਵਿਚੋਂ ਹੀ ਅਰਥ ਉਤਪਾਦਨ ਹੁੰਦਾ ਹੈ ਉਸੇ ਤਰ੍ਹਾਂ ਬਿਰਤਾਂਤ ਵਿਚਲੇ ਵਾਕ ਵੀ ਵਰਣਨ ਦੇ ਇਕ ਪੱਧਰ ਤੇ ਦੂਜੇ ਵਾਕਾਂ ਨਾਲ ਮਿਲ ਕੇ ਅਰਥ ਉਪਜਾਉਂਦੇ ਹਨ ਜਿਸ ਵਿਚ ਪ੍ਰਕਾਰਜ, ਕਾਰਜ ਤੇ ਬਿਰਤਾਂਤੀਕਰਨ ਪੱਧਰ ਤਿੰਨੋਂ ਇਕਾਈਆਂ ਮਿਲ ਕੇ ਸਿਰਜਦੀਆਂ ਹਨ।"[22]
2. ਪ੍ਰਕਾਰਜ:- ਪ੍ਰਕਾਰਜ ਬਿਰਤਾਂਤ ਦੀ ਭਾਵੇਂ ਸਭ ਤੋਂ ਲਘੂਤਮ ਇਕਾਈ ਹੈ ਪਰ ਇਹ ਸਭ ਤੋਂ ਗਤੀਸ਼ੀਲ ਵਰਤਾਰਾ ਹੈ। ਬਿਰਤਾਂਤ ਵਿਚ ਇਹ ਪ੍ਰਕਾਰਜ ਵਾਕ ਤੋਂ ਛੋਟੀ ਇਕਾਈ ਜਾਂ ਸ਼ਬਦ ਨਾਲ ਵੀ ਪ੍ਰਸਤੁਤ ਕੀਤਾ ਜਾਂਦਾ ਹੈ ਤੇ ਕਈ ਵਾਰ ਵੱਡੇ ਵਾਕ ਸਮੂਹ ਦੁਆਰਾ ਵੀ ਰੋਲਾਂ ਬਾਰਤ ਬਿਰਤਾਂਤ ਦੇ ਪ੍ਰਕਾਰਜ ਨੂੰ ਦੋ ਭਾਗਾਂ ਵਿਚ ਵੰਡਦਾ ਹੈ-

(1) ਪ੍ਰਮੁੱਖ ਪ੍ਰਕਾਰਜ ਜਿਨ੍ਹਾਂ ਦਾ ਬਿਰਤਾਂਤ ਦੇ ਵਿਕਾਸ ਵਿਚ ਵਿਸ਼ੇਸ਼ ਹੱਥ ਹੁੰਦਾ ਹੈ।(2) ਗੌਣ ਪ੍ਰਕਾਰਜ ਇਹ ਇਕ ਤਾਰਕਿਕ ਲੜੀ ਅਧੀਨ ਇਕਮੁੱਠਤਾ ਦੇ ਸੰਬੰਧ ਅਧੀਨ ਵਿਚਰਦੇ ਹਨ।

3. ਕਾਰਜ ਦਾ ਪੱਧਰ:- ਕਾਰਜ ਦੇ ਪੱਧਰ ਤੇ ਰੋਲਾਂ ਬਾਰਤ ਨੇ ਪਾਤਰਾਂ ਦੇ ਕਾਰਜਾਂ ਦਾ ਸੰਰਚਨਾਤਮਕ ਪੱਧਰ ਉਲੀਕਿਆ ਹੈ ਕਿਉਂਕਿ ਬਿਰਤਾਂਤ ਵਿਚ ਕਾਰਜ ਦੇ ਕਰਤਾ ਪਾਤਰ ਹੁੰਦੇ ਹਨ। ਜਿਹੜੇ ਸਮੂਹ ਵਿਅਕਤੀਆਂ ਦਾ ਪ੍ਰਤੀਬਿੰਬ ਹੁੰਦੇ ਹਨ। ਇਸਲਈ ਕੋਈ ਵੀ ਬਿਰਤਾਂਤ ਪਾਤਰਾਂ ਤੋਂ ਬਿਨਾਂ ਅਸੰਭਵ ਹੈ। ਇਥੇ ਅਰਥ ਦਾ ਉਤਪਾਦਨ ਪਾਤਰਾਂ ਦੇ ਕਾਰਜਾਂ ਅੰਦਰ ਨਿਹਿਤ ਹੈ।
4. ਬਿਰਤਾਂਤੀਕਰਨ:- ਬਿਰਤਾਂਤੀਕਰਨ ਦੇ ਪੱਧਰ ਤੇ ਵਕਤਾ ਤੇ ਸਰੋਤਾ ਦੇ ਵਿਚਕਾਰ ਤਦਰੂਪਤਾ ਸਿਰਜੀ ਗਈ ਹੁੰਦੀ ਹੈ ਕਿਉਂਕਿ ਬਿਰਤਾਂਤਕ ਸੰਚਾਰ ਵਿਚ ਇਕ ਦੇਣ ਵਾਲਾ ਹੈ ਜੋ ਵਕਤਾ ਹੈ ਜਿਸ ਨੇ ਬਿਰਤਾਂਤ ਪ੍ਰਸਤੁਤ ਕਰਨਾ ਹੈ ਅਤੇ ਦੂਸਰਾ ਲੈਣ ਵਾਲਾ ਹੁੰਦਾ ਹੈ ਜੋ ਸਰੋਤਾ ਹੈ ਜਿਸਨੇ ਵਕਤੇ ਦੁਆਰਾ ਪ੍ਰਸਥਾਪਤ ਥੀਮ ਨੂੰ ਗ੍ਰਹਿਣ ਕਰਨਾ ਹੈ। ਬਿਰਤਾਂਤੀਕਰਨ ਵਿਚ ਵਕਤਾ ਦੇ ਸਰੋਤੇ ਸਾਂਝੇ ਪ੍ਰਵਰਗ ਦੇ ਰੂਪ ਵਿਚ ਵਿਚਰਦੇ ਹਨ।
5. ਬਿਰਤਾਂਤ ਦਾ ਪ੍ਰਬੰਧ:- ਬਿਰਤਾਂਤੀਕਰਨ ਤੋਂ ਅੱਗੇ ਬਿਰਤਾਂਤ ਦਾ ਅਜਿਹਾ ਪ੍ਰਬੰਧ ਸ਼ੁਰੂ ਹੁੰਦਾ ਹੈ ਜਿਸ ਦੇ ਅੰਤਰਗਤ ਬਿਰਤਾਂਤਕ ਅਰਥ ਪ੍ਰਾਪਤ ਕੀਤੇ ਜਾ ਸਕਦੇ ਹਨ। ਇਹ ਪ੍ਰਬੰਧ ਸਮਾਜਕ, ਆਰਥਕ ਤੇ ਵਿਚਾਰਧਾਰਕ ਤੌਰ ਤੇ ਜੁੜਿਆ ਹੁੰਦਾ ਹੈ ਜਿਸ ਵਿਚੋਂ ਬਿਰਤਾਂਤ ਅਰਥ ਗ੍ਰਹਿਣ ਕਰਦਾ ਹੈ।

ਰੋਲਾਂ ਬਾਰਤ ਅਨੁਸਾਰ, " ਚਿਹਨਾਂ ਦੇ ਸੰਯੋਜਨ ਰਾਹੀਂ ਸਿਰਜੇ ਗਏ ਪਾਠ ਵਿਚ ਇਹ ਦੇਖਿਆ ਕਿ ਕੀ ਲਿਖਿਆ ਗਿਆ ਹੈ ਤੇ ਕੀ ਲਿਖੇ ਜਾਣ ਦੀ ਸੰਭਾਵਨਾ ਸੀ। ਸਾਹਿਤਕ ਕਿਰਤ ਦੇ ਪੇਸ਼ ਹੋਣ ਵਾਲੇ ਸੰਭਾਵੀ ਅਰਥਾਂ ਦਾ ਕਿਹੜਾ ਭਾਗ ਲੇਖਕ ਦੀ ਅਭਿਆਸ ਸੀਮਾ ਦੇ ਅੰਤਰਗਤ ਆਇਆ ਤੇ ਕੀ ਬਾਹਰ ਰਿਹਾ ਹੈ।"[23] ਚਿਹਨਾਂ ਦੀ ਸਮਾਯੋਜਨਾ ਰਾਹੀਂ ਸਿਰਜੇ ਗਏ ਪਾਠ ਵਿਚ ਪਾਠ ਦੀ ਪ੍ਰਕਿਰਤੀ ਅਤੇ ਚਿਹਨਾਂ ਦੀ ਪ੍ਰਕਿਰਤੀ ਵਿਚਕਾਰ ਰਿਸ਼ਤਾ ਦਵੰਦਾਤਮਕ ਹੈ। ਇਸੇ ਸੰਦਰਭ ਤਹਿਤ ਹੀ ਰੋਲਾਂ ਬਾਰਤ ਪਾਠ ਦੀਆਂ ਦੋ ਕਿਸਮਾਂ ਬਿਆਨਦਾ ਹੈ ਲਿਖਣ ਪਾਠ ਤੇ ਪੜ੍ਹਨ ਪਾਠ। ਲਿਖਣ ਪਾਠ ਵਿਚ ਚਿਹਨਕੀ ਜੁਗਤਾਂ ਅਰਥ ਉਤਪਾਦਨ ਲਈ ਕਿਰਿਆਸ਼ੀਲ ਹੁੰਦੀਆਂ ਹਨ। ਇਸ ਵਿਚ ਬਿਰਤਾਂਤਕਾਰ ਨੂੰ ਪ੍ਰਮੁੱਖਤਾ ਹਾਸਲ ਹੁੰਦੀ ਹੈ। ਦੂਜੇ ਪੜ੍ਹਨਯੋਗ ਪਾਠ ਵਿਚ ਰਚਨਾਵਾਂ ਵਿਚ ਪਾਠਕ ਕਿਰਿਆਸ਼ੀਲ ਹੁੰਦਾ ਹੈ ਤੇ ਇਹ ਸਹਿਜੇ ਹੀ ਅਨੰਦ ਪ੍ਰਾਪਤੀ ਦਾ ਸਾਧਨ ਬਣਦੀਆਂ ਹਨ। ਰੋਲਾਂ ਬਾਰਤ ਪੜ੍ਹਨ ਪਾਠ ਨੂੰ ਪਹਿਲਾ ਸਥਾਨ ਦਿੱਤਾ ਹੈ ਕਿਉਂਕਿ ਹਰ ਪੜ੍ਹਨ ਤੇ ਰਚਨਾ ਹਰ ਵਾਰ ਇਕ ਨਿਵੇਕਲਾ ਪ੍ਰਵਚਨ ਉਲੀਕਦੀ ਹੈ। ਰੋਲਾਂ ਬਾਰਤ ਪਾਠ ਦੇ ਅਰਥ ਉਤਪਾਦਨ ਅਤੇ ਸਰੋਤੇ ਦੇ ਪਾਠ ਦਾ ਆਨੰਦ ਪ੍ਰਾਪਤ ਕਰਨ ਦੇ ਆਧਾਰ ਤੇ ਸਾਹਿਤਕ ਪਾਠਾਂ ਦੀ ਅਗਲੇਰੀ ਵੰਡ ਆਨੰਦੀ ਪਾਠ ਅਤੇ ਪਾਠ-ਆਨੰਦ ਵਿਚ ਸਾਹਿਤਕ ਪਾਠਾਂ ਨੂੰ ਵੰਡਦਾ ਹੈ। ਆਨੰਦੀ ਪਾਠ ਵਿਚ ਸੰਬੰਧਿਤ ਜਾਤੀ ਤੇ ਸਾਂਸਕ੍ਰਿਤਕ ਪ੍ਰਸੰਗ ਦੇ ਅੰਤਰਗਤ ਕੰਮ ਕਰਦੀ ਸਮੂਹਿਕ ਸੰਵੇਦਨਾ ਨੂੰ ਟੁੰਬਿਆ ਜਾਂਦਾ ਹੈ। ਇਸ ਨੂੰ ਦੋ ਪੱਧਰਾਂ ਤੇ ਵਿਉਂਤਿਆ ਜਾਂਦਾ ਹੈ। ਪਹਿਲੇ ਪੱਧਰ ਤੇ ਗਲਪ ਕਰਤਾ ਯਤਨਸ਼ੀਲ ਹੁੰਦਾ ਹੈ ਤਾਂ ਕਿ ਇਹ ਸੰਵੇਦਨਾ ਨੂੰ ਟੁੰਬਣ ਵਾਲਾ ਬਿਰਤਾਂਤ ਪੇਸ਼ ਕਰਦਾ ਅਤੇ ਦੂਜੇ ਪੱਧਰ ਤੇ ਪਾਠ ਅਧਿਐਨ ਸਮੇਂ ਪਾਠਕ ਉਸ ਨੂੰ ਭੋਗਦਾ ਹੈ। ਇਥੇ

ਆਨੰਦੀ ਪਾਠ ਤੀਖਣ ਤੇ ਸੰਵੇਦਨਾਵੀ ਅਰਥ ਸਿਰਜਣ ਦੀ ਬਜਾਇ ਸਿਰਫ ਆਨੰਦ ਸਿਰਜਣ ਦਾ ਸਾਧਨ ਮਾਤਰ ਬਣ ਕੇ ਰਹਿ ਜਾਂਦਾ ਹੈ। ਪਾਠ ਆਨੰਦ ਦਾ ਸੰਪੂਰਨ ਪ੍ਰਬੰਧ ਸਮੂਹਿਕ ਸੰਵੇਦਨਾ ਨੂੰ ਨਾਲ ਲੈ ਕੇ ਨਹੀਂ ਤੁਰਦਾ ਸਗੋਂ ਇਸਦਾ ਆਧਾਰ ਸਮੂਹਿਕ ਬਿਰਤੀ ਦੇ ਭੰਜਨ ਵਿਚ ਪਿਆ ਹੈ। ਇਸ ਵਿਚ ਬਿਰਤਾਂਤਕਾਰ ਆਪਣੀਆਂ ਜੁਗਤਾਂ, ਤਕਨੀਕਾਂ, ਸਮੁੱਚੇ ਪ੍ਰਯੋਜਨਾ ਪ੍ਰਤੀ ਵਿਵੇਕਸ਼ੀਲ ਪੱਧਰ ਤੇ ਵਿਚਰਦਾ ਹੈ। ਰੋਲਾਂ ਬਾਰਤ ਦੁਆਰਾ ਦਿੱਤਾ ਗਿਆ ਪਾਠ ਦੇ ਚਿਹਨੀਕਰਨ ਦਾ ਇਹ ਪੂਰਾ ਸ਼ਾਸਤਰ ਰਚਨਾ ਦੇ ਵਿਧਾਗਤ ਸਰੂਪ ਨੂੰ ਸਮਝਣ ਹਿੱਤ ਕਈ ਨਵੇਂ ਸੰਕਲਪਾਂ ਨੂੰ ਸਮੂਰਤ ਕਰਦਾ ਹੈ।

## ਗਰੇਮਾਸ ਦਾ ਸਿਧਾਂਤ :-

ਰੋਲਾਂ ਬਾਰਤ ਦੀ ਤਰ੍ਹਾਂ ਚਿਹਨ ਵਿਗਿਆਨਕ ਵਿਧੀ ਉਸਾਰਨ ਵਿਚ ਗਰੇਮਾਸ (A.J. Greimas) ਦਾ ਵੀ ਪ੍ਰਮੁੱਖ ਯੋਗਦਾਨ ਹੈ। ਉਸਨੇ ਅਰਥ ਦੀ ਸੰਰਚਨਾ ਨੂੰ ਸਮਝਦੇ ਹੋਏ ਇਕ ਪ੍ਰਮੁੱਖ ਮਾਡਲ 'ਅਕਤਾਂਸ਼ੀਅਲ ਮਾਡਲ' ਪੇਸ਼ ਕੀਤਾ। ਜਿਸ ਵਿਚ ਉਸਨੇ ਬਿਰਤਾਂਤਕ ਰਚਨਾਵਾਂ ਵਿਚ ਅਕਟੈਂਟ ਦੀ ਹੋਂਦ ਦਾ ਨਿਰੂਪਣ ਕੀਤਾ ਨਾਲ ਹੀ ਰਚਨਾ ਵਿਚ ਸਬਜੈਕਟ ਤੇ ਆਬਜੈਕਟ ਨੂੰ ਵੀ ਪਰਿਭਾਸ਼ਿਤ ਕੀਤਾ ਹੈ। ਸਬਜੈਕਟ ਜੋ ਕਾਰਜ ਕਰਦਾ ਹੈ ਤੇ ਆਬਜੈਕਟ ਜਿਸ ਲਈ ਕਾਰਜ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਗਰੇਮਾਸ ਨੇ ਰਚਨਾ ਵਿਚ ਅਕਟੈਂਟ ਦੇ ਅਰਥਮਈ ਰੁਤਬੇ ਨੂੰ ਵੀ ਮਹੱਤਵ ਦਿੱਤਾ ਹੈ। ਉਸ ਅਨੁਸਾਰ ਪਾਤਰ ਕੀ ਹੈ? ਨਾਲੋਂ ਪਾਤਰ ਕੀ ਕਰਦਾ ਹੈ? ਜ਼ਿਆਦਾ ਮਹੱਤਵਪੂਰਨ ਹੈ। ਗਰੇਮਾਸ ਦੁਆਰਾ ਬਿਰਤਾਂਤ ਸ਼ਾਸਤਰ ਦੇ ਖੇਤਰ ਵਿਚ ਜੋ ਅਕਤਾਂਸ਼ੀਅਲ ਮਾਡਲ ਦਿੱਤਾ ਹੈ। ਗਰੇਮਾਸ ਬਿਰਤਾਂਤ ਨੂੰ ਸਥਿਰ ਤੇ ਰੂਪਾਂਤਰੀ ਮਾਡਲਾਂ ਵਿਚਕਾਰ ਕੜੀ ਮੰਨਦਾ ਹੈ। ਉਸ ਅਨੁਸਾਰ ਇਸੇ ਕਾਰਨ ਕਰਕੇ ਬਿਰਤਾਂਤ ਵਿਚ ਬਹੁਤ ਸਾਰੀਆਂ ਵਿਰੋਧਤਾਵਾਂ ਹੁੰਦੀਆਂ ਹਨ। ਕੋਈ ਵੀ ਬਿਰਤਾਂਤਕ ਸੰਰਚਨਾ ਵਿਹਾਰ, ਸਥਿਰਤਾ, ਇਤਿਹਾਸ ਅਤੇ ਸਮਾਜ ਤੇ ਵਿਅਕਤੀ ਵਿਚਕਾਰ ਵਿਚੋਲੇ ਦੀ ਭੂਮਿਕਾ ਅਦਾ ਕਰਦੀ ਹੈ। ਗਰੇਮਾਸ ਨੇ ਸਿਧਾਂਤ ਦੁਆਰਾ ਸਾਹਿਤਕ ਪਾਠ ਦੀਆਂ ਅਰਥਗਤ ਇਕਾਈਆਂ ਨੂੰ ਸਮਝਣ ਦਾ ਯਤਨ ਕੀਤਾ ਹੈ।

## ਜੂਲੀਆ ਕ੍ਰਿਸਤੀਵਾ ਦਾ ਸਿਧਾਂਤ :-

ਜੂਲੀਆ ਕ੍ਰਿਸਤੀਵਾ ਨੇ ਵੀ ਗਰੇਮਾਸ ਦੀ ਤਰ੍ਹਾਂ ਬਿਰਤਾਂਤ ਨੂੰ ਚਿਹਨੀਕਰਨ ਦੀ ਪ੍ਰਕਿਰਿਆ ਦੁਆਰਾ ਭਾਸ਼ਾ ਦੇ ਅੰਤਰਗਤ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਕ੍ਰਿਸਤੀਵਾ ਨੇ ਫੋਨੋਟੈਕਸਟ (Phonotext) ਅਤੇ ਜ਼ੀਨੋਟੈਕਸਟ (Genotext) ਨਾਮੀ ਦੋ ਭਾਸ਼ਾਈ ਸੰਕਲਪਾਂ ਦਾ ਨਿਖੇੜਾ ਅਤੇ ਧਾਰਨਾ ਪੇਸ਼ ਕੀਤੀ ਹੈ। ਉਸ ਅਨੁਸਾਰ, "ਰਚਨਾ ਵਿਚਲੀ ਇਕ ਹੀ ਡੂੰਘਾ ਸੰਰਚਨਾ ਵਿਚ ਬਹੁ-ਅਰਥੀ ਸਤਹੀ ਸੰਰਚਨਾਵਾਂ ਹੁੰਦੀਆਂ ਹਨ ਜਿਹਨਾਂ ਕਾਰਨ ਰਚਨਾ ਵਿਚਲਾ ਸਬਜੈਕਟ ਬਹੁ-ਦਿਸ਼ਾਵੀ ਅਤੇ ਬਹੁ-ਅਰਥੀ ਹੋਂਦ ਦੇ ਲਖਾਇਕ ਵਜੋਂ ਉੱਭਰ ਕੇ ਸਾਹਮਣੇ ਆਉਂਦਾ ਹੈ।"[24] ਇਸੇ ਸੰਕਲਪ ਅਧੀਨ ਜੂਲੀਆ ਕ੍ਰਿਸਤੀਵਾ ਨੇ ਦੱਸਿਆ ਕਿ ਰਚਨਾ ਵਿਚ ਵਿਚਰ ਰਹੇ ਅਰਥ ਦੂਸਰੇ ਅਰਥਾਂ ਨਾਲ

ਆਤਮਸਾਤ ਤੇ ਰੂਪਾਂਤਰਨੀ ਪ੍ਰਕਿਰਿਆ ਅਧੀਨ ਵਿਚਰਦੇ ਹਨ। ਕ੍ਰਿਸਤੀਵਾ ਦਾ ਇਸ ਸੰਕਲਪ ਜ਼ੀਨੋਟੈਕਸਟ ਤੇ ਫੋਨੋਟੈਕਸਟ ਨੂੰ ਇਕੱਠੇ ਇਕਰੂਪਤਾ ਵਿਚ ਸਮਝਣ ਹਿੱਤ ਰੁਚਿਤ ਹੈ।

## ਮੀਕਬਲ ਦਾ ਸਿਧਾਂਤ :-

ਬਿਰਤਾਂਤ ਸ਼ਾਸਤਰ ਵਿਚ ਮੀਕਬਲ ਦਾ ਵੀ ਅਹਿਮ ਸਥਾਨ ਹੈ। ਮੀਕਬਲ ਨੇ ਆਪਣੇ ਬਿਰਤਾਂਤ ਸ਼ਾਸਤਰੀ ਚਿੰਤਨ ਵਿਚ ਫੈਬੂਲਾ, ਕਹਾਣੀ ਅਤੇ ਪਾਠ ਵਿਚ ਅੰਤਰ ਨਿਖੇੜ ਸਥਾਪਿਤ ਕੀਤਾ ਹੈ। ਉਸ ਅਨੁਸਾਰ, "ਬਿਰਤਾਂਤ ਭਾਸ਼ਾਈ ਚਿਹਨਾਂ ਦਾ ਇਕ ਸੰਰਚਨਿਤ ਅਤੇ ਸੰਗਠਿਤ ਪਾਠ ਹੈ ਜਿਸ ਵਿਚ ਕਰਿੰਦੇ ਦਾ ਅਹਿਮ ਸਥਾਨ ਹੈ। ਕਹਾਣੀ ਇਕ ਖਾਸ-ਢੰਗ ਨਾਲ ਪ੍ਰਸਤੁਤ ਹੋਈ ਫੈਬੂਲਾ ਹੈ। ਕਾਲਕ੍ਰਮਿਕ ਅਤੇ ਤਾਰਕਿਕ ਢੰਗ ਨਾਲ ਰਚਨਾ ਵਿਚ ਘਟ ਰਹੀਆਂ ਘਟਨਾਵਾਂ ਹੀ ਫੈਬੂਲਾ ਹੁੰਦੀਆਂ ਹਨ। ਇਕ ਸਥਿਤੀ ਤੋਂ ਦੂਜੀ ਸਥਿਤੀ ਤੱਕ ਦਾ ਰੂਪਾਂਤਰਣ ਘਟਨਾ ਅਖਵਾਉਂਦੀ ਹੈ ਜਿਹਨਾਂ ਜ਼ਰੀਏ ਕਾਰਜ ਹੁੰਦਾ ਹੈ। ਭਾਵ ਕਰਿੰਦੇ ਪਾਤਰ ਹੁੰਦੇ ਹਨ ਅਤੇ ਕਿਸੇ ਵੀ ਘਟਨਾ ਦਾ ਘਟਣਾ ਜਾਂ ਵਾਪਰਨਾ ਦਾ ਕਾਰਜ ਅਖਵਾਉਂਦਾ ਹੈ।"[25] ਮੀਕਬਲ ਫੈਬੂਲਾ ਨੂੰ ਇਕ ਕਾਲਕ੍ਰਮ ਅਤੇ ਵਿਸ਼ੇਸ਼ ਸਥਿਤੀ ਵਿਚ ਬੱਝੀਆਂ ਘਟਨਾਵਾਂ ਦੀ ਇਕ ਲੜੀ ਮੰਨਦੀ ਹੈ ਜਿਸ ਵਿਚ ਘਟਨਾਵਾਂ, ਪਾਤਰ, ਸਮਾਂ ਅਤੇ ਸਥਾਨ ਚਾਰ ਕਾਰਜੀ ਇਕਾਈਆਂ ਅਹਿਮ ਰੋਲ ਅਦਾ ਕਰਦੀਆਂ ਹਨ। ਇਹਨਾਂ ਚਾਰਾਂ ਇਕਾਈਆਂ ਨੂੰ ਸਥਿਤੀਸ਼ੀਲ ਤੇ ਪਰਿਵਰਤਨਸ਼ੀਲ ਦੋ ਭਾਗਾਂ ਵਿਚ ਵੰਡਿਆਂ ਜਾ ਸਕਦਾ ਹੈ। ਸਮਾਂ, ਸਥਾਨ ਅਤੇ ਪਾਤਰ ਸਥਿਤੀਸ਼ੀਲ ਪ੍ਰਕਿਰਿਆ ਅਧੀਨ ਵਿਚਰਦੇ ਹਨ ਜਦੋਂ ਕਿ ਘਟਨਾਵਾਂ ਪਰਿਵਰਤਨਸ਼ੀਲ ਹਨ। ਇਸਲਈ ਇਹ ਰਚਨਾ ਵਿਚ ਪਰਿਵਰਤਨਸ਼ੀਲ ਸੰਦਰਭ ਵਿਚ ਵਿਚਰਦੀਆਂ ਹਨ। ਇਕ ਸਥਿਤੀ ਤੋਂ ਦੂਜੀ ਸਥਿਤੀ ਤੱਕ ਦਾ ਬਦਲਾਵ ਘਟਨਾ ਅਖਵਾਉਂਦਾ ਹੈ। ਇਸਲਈ ਘਟਨਾਵਾਂ ਦੀ ਚੋਣ ਤਿੰਨ ਵਿਧੀਆਂ ਅਨੁਸਾਰ ਕੀਤੀ ਜਾਂਦੀ ਹੈ:-

- ਤਬਦੀਲੀ ਦੀ ਵਿਧੀ (Change)
- ਚੋਣ ਦੀ ਵਿਧੀ (Choice)
- ਟਕਰਾਅ ਦੀ ਵਿਧੀ (Confrontation)

ਘਟਨਾਵੀਂ ਚੋਣ ਤੋਂ ਬਾਅਦ ਘਟਨਾਵੀਂ ਸੰਗਠਨ ਦੀਆਂ ਵੀ ਚਾਰ ਵਿਧੀਆਂ ਮੀਕਬਲ ਪ੍ਰਸਤੁਤ ਕਰਦੀ ਹੈ:-

- ਤਣਾਓ ਦੇ ਅਨੁਸਾਰ
- ਪਾਤਰਾਂ ਦੀ ਪਛਾਣ ਦੇ ਆਧਾਰ ਤੇ
- ਸਮੇਂ ਦੀ ਚਾਲ ਦੇ ਵਿਰੋਧ ਵਿਚ
- ਸਥਾਨ ਦੇ ਆਧਾਰ ਤੇ [26]

ਇਹਨਾਂ ਵੱਖੋ-ਵੱਖਰੀਆਂ ਵਿਧੀਆਂ ਜ਼ਰੀਏ ਘਟਨਾਵੀਂ ਚੋਣ ਅਤੇ ਘਟਨਾਵੀਂ ਸੰਗਠਨ ਦਾ ਮੰਤਵ ਰਚਨਾ ਵਿਚ ਪੇਸ਼ ਹੋਏ ਅਰਥਾਂ ਨੂੰ ਡੀਕੋਡ ਕਰਨ ਦੀ ਪ੍ਰਕਿਰਿਆ ਨਾਲ ਜੁੜਿਆ ਹੋਇਆ ਹੈ। ਮੀਕਬਲ ਸਿਧਾਤਾਂ ਜ਼ਰੀਏ ਪਾਠ ਵਿਚੋਂ 'ਕਿਵੇਂ' ਅਤੇ 'ਕੀ' ਦੇ ਪ੍ਰਸ਼ਨਾਂ ਨੂੰ ਉਭਾਰ ਕੇ ਰਚਨਾ ਵਿਚਲੇ ਬਿਰਤਾਂਤ ਅਤੇ ਵਿਚਾਰਧਾਰਾਂ ਦੇ ਆਪਸੀ ਸੰਵਾਦ ਦਾ ਇਕ ਮਾਡਲ ਪ੍ਰਸਤੁਤ ਕਰਦੀ ਹੈ। ਫੈਬੂਲਾ ਵਿਚ ਘਟਨਾਵਾਂ ਤੋਂ ਬਾਅਦ ਅਗਲਾ ਆਸਪੈਕਟ ਪਾਤਰ ਹਨ ਕਿਉਂਕਿ ਘਟਨਾਵਾਂ ਦੀ ਚੋਣ ਅਤੇ ਸਮੇਂ ਦੀ ਵਿਉਂਤ ਦਾ ਕੇਂਦਰ ਬਿੰਦੂ ਪਾਤਰ ਬਣਦੇ ਹਨ। ਮੀਕਬਲ ਅਨੁਸਾਰ, "ਪਾਤਰ ਹਮੇਸ਼ਾਂ ਕਿਸੇ ਉਦੇਸ਼ ਵੱਲ ਪ੍ਰੇਰਿਤ ਹੁੰਦੇ ਹਨ। ਇਹਨਾਂ ਦੇ ਸੰਬੰਧਾਂ ਬਿਨਾਂ ਪ੍ਰਕਿਰਿਆ ਸੰਭਵ ਨਹੀਂ ਅਤੇ ਪ੍ਰਕਿਰਿਆ ਦੀ ਬਣਤਰ ਤੋਂ ਬਿਨਾਂ ਫੈਬੂਲਾ ਰਚੀ ਨਹੀਂ ਜਾ ਸਕਦੀ।"[27] ਫੈਬੂਲਾ ਵਿਚ ਸਮੇਂ ਨੂੰ ਇਕ ਵਿਸ਼ੇਸ਼ ਪ੍ਰਕਿਰਿਆ ਅਧੀਨ ਸਮਾਯੋਜਿਤ ਕੀਤਾ ਹੈ। ਘਟਨਾਵਾਂ ਨੂੰ ਇਕ ਖਾਸ ਸਮੇਂ ਵਿਚ ਕਾਲਕ੍ਰਮਿਕਤਾ ਅਧੀਨ ਵਿਉਂਤਿਆ ਗਿਆ ਹੈ। ਘਟਨਾਵਾਂ ਦੇ ਵਾਪਰਨ ਲਈ ਕਿਸੇ ਨਾ ਕਿਸੇ ਸਥਾਨ ਦੀ ਜ਼ਰੂਰਤ ਪੈਂਦੀ ਹੈ। ਜੇਕਰ ਰਚਨਾ ਵਿਚ ਸਥਾਨ ਦਾ ਵਰਣਨ ਨਾ ਵੀ ਹੋਵੇ ਤਾਂ ਵੀ ਪਾਠਕ ਆਪਣੀ ਕਲਪਨਾ ਅਨੁਸਾਰ ਸਥਾਨ ਦੀ ਸਿਰਜਣਾ ਕਰ ਲੈਂਦਾ ਹੈ। ਮੀਕਬਲ ਦੇ ਬਿਰਤਾਂਤ ਸ਼ਾਸਤਰੀ ਸੰਕਲਪ ਵਿਚ ਫੈਬੂਲਾ ਤੋਂ ਅਗਲਾ ਪੱਧਰ ਕਹਾਣੀ ਦਾ ਹੈ। ਕਹਾਣੀ ਤੇ ਫੈਬੂਲਾ ਵਿਚ ਵਸੂਤ ਤਾਂ ਸਾਂਝੀ ਹੁੰਦੀ ਹੈ ਪਰ ਪੇਸ਼ਕਾਰੀ ਦੇ ਪੱਧਰ ਤੇ ਦੋਵਾਂ ਵਿਚ ਫਰਕ ਮੌਜੂਦ ਹੁੰਦਾ ਹੈ। ਕਹਾਣੀ ਅਤੇ ਫੈਬੂਲਾ ਵਿਚ ਵਿਵਸਥਾ ਵਿਚਲਾ ਅੰਤਰ ਕ੍ਰਮਗਤ ਪੱਧਰ ਤੇ ਹੁੰਦਾ ਹੈ। ਕਹਾਣੀ ਵਿਵਸਥਾ ਅਤੇ ਫੈਬੂਲਾ ਵਿਚਲਾ ਅੰਤਰ ਕ੍ਰਮਗਤ ਪਰਾਹਨ (Chronological Deviation) ਅਖਵਾਉਂਦਾ ਹੈ। ਕ੍ਰਮਗਤ ਪਰਾਹਨ ਤਿੰਨ ਪੱਖਾਂ ਨੂੰ ਪੇਸ਼ ਕਰਦਾ ਹੈ:-

1. ਨਿਰਦੇਸ਼ਨ:- ਜਿਸ ਵਿਚ ਭੂਤਕਾਲੀ ਵਿਸਥਾਰ ਲਈ ਉੱਤਰ-ਬਿਆਨੀ ਅਤੇ ਭਵਿੱਖ ਵਿਚਲੇ ਵਿਸਥਾਰ ਲਈ ਪੂਰਵ-ਬਿਆਨੀ ਜੁਗਤ ਵਰਤੀ ਜਾਂਦੀ ਹੈ।
2. ਫਾਸਲਾ:- ਘਟਨਾ ਵਿਚ ਅਧਿਆਂਤਰ ਰਾਹੀਂ ਪੈਦਾ ਕੀਤੇ ਖੱਪੇ ਫਾਸਲਾ ਅਖਵਾਉਂਦੇ ਹਨ।
3. ਦਾਇਰਾ:- ਘਟਨਾ ਦੇ ਫੈਲਣ ਦੇ ਖੇਤਰ ਦਾ ਵਿਸਥਾਰ।

ਇਸ ਤੋਂ ਬਿਨਾਂ ਕਹਾਣੀ ਦੀ ਰਫਤਾਰ ਵੀ ਅਹਿਮ ਸਥਾਨ ਰੱਖਦੀ ਹੈ ਜਿਸ ਨੂੰ ਮੀਕਬਲ ਤਾਲ ਦਾ ਨਾਮ ਪ੍ਰਦਾਨ ਕਰਦੀ ਹੈ। ਫੈਬੂਲਾ ਵਿਚ ਪੇਸ਼ ਘਟਨਾਵਾਂ ਦਾ ਵਾਪਰਨ ਸਮਾਂ ਅਤੇ ਕਹਾਣੀ ਵਿਚ ਘਟਨਾਵਾਂ ਦੀ ਪੇਸ਼ਕਾਰੀ ਵਿਚਕਾਰਲੇ ਸਮੇਂ ਦੀ ਆਪਸੀ ਤੁਲਨਾ ਵਿਚੋਂ ਬਿਰਤਾਂਤਕ ਰਫਤਾਰ ਦਾ ਪਤਾ ਲਗਾਇਆ ਜਾ ਸਕਦਾ ਹੈ। ਮੀਕਬਲ ਬਿਰਤਾਂਤਕ ਰਫਤਾਰ ਪੰਜ ਤਰ੍ਹਾਂ ਦੀ ਦੱਸਦੀ ਹੈ:-

1. ਖੱਪਾ ਜਾਂ ਸ਼ਬਦ ਲੋਪ:- ਲੰਬੇ ਸਮੇਂ ਦੀ ਘੱਟ ਸਮੇਂ ਵਿਚ ਪ੍ਰਸਤੁਤਕਾਰੀ ਸ਼ਬਦ ਲੋਪ ਅਖਵਾਉਂਦੀ ਹੈ।
2. ਸਾਰ:- ਕਹਾਣੀ ਦਾ ਕੈਨਵਸ ਛੋਟਾ ਹੋਣ ਕਾਰਨ ਇਸਦਾ ਫੋਕਸੀਕਰਨ ਪੂਰੀ ਜ਼ਿੰਦਗੀ ਦੀ ਥਾਂ ਕੁਝ ਸਥਿਤੀਆਂ ਉੱਪਰ ਕੇਂਦਰਿਤ ਹੁੰਦਾ ਹੈ ਪਰ ਫਿਰ ਵੀ ਕਹਾਣੀ ਸਮੇਂ ਨੂੰ ਪੂਰਾ ਕਰਨਾ ਵੀ ਜ਼ਰੂਰੀ ਹੁੰਦਾ ਹੈ। ਇਸਲਈ ਕਹਾਣੀਕਾਰ ਕੁਝ ਹਿੱਸੇ ਨੂੰ ਸੰਖੇਪਤਾ ਵਿਚ ਸਮਾਯੋਜਿਤ ਕਰਦਾ ਹੈ।

3. ਦ੍ਰਿਸ਼:- ਬਿਰਤਾਂਤਕ ਸਮੇਂ ਅਤੇ ਵਾਪਰਨ ਸਮੇਂ ਵਿਚਕਾਰਲੀ ਸਮਾਨਤਾ ਦ੍ਰਿਸ਼ ਅਖਵਾਉਂਦੀ ਹੈ ਜਾਂ ਫਿਰ ਕਿਸੇ ਘਟਨਾ ਨੂੰ ਜਿਉਂ ਦਾ ਤਿਉਂ ਵਾਪਰਦੇ ਦਿਖਾਉਣਾ ਦ੍ਰਿਸ਼ ਅਖਵਾਉਂਦਾ ਹੈ।
4. ਅਟਕਾਅ:- ਜਦੋਂ ਰਚਨਾ ਵਿਚਲਾ ਸਮਾਂ ਰੁਕ ਗਿਆ ਪ੍ਰਤੀਤ ਹੋਵੇ। ਇਸ ਵਿਚ ਬਿਰਤਾਂਤਕ ਸਮਾਂ ਵਾਪਰਨ ਕਾਲ ਨਾਲੋਂ ਵੱਧ ਹੁੰਦਾ ਹੈ।
5. ਮੱਠਾਰਨ:- ਬਿਰਤਾਂਤ ਵਿਚ ਵਾਪਰਨ ਸਮੇਂ ਦੀ ਵਿਸਥਾਰ ਨਾਲ ਪੇਸ਼ਕਾਰੀ ਅਖਵਾਉਂਦੀ ਹੈ।[28]

ਫੈਬੂਲਾ ਤੇ ਕਹਾਣੀ ਵਿਚ ਪਾਤਰ ਵੀ ਇਕ ਮਹੱਤਵਪੂਰਨ ਕਾਰਜੀ ਇਕਾਈ ਦਾ ਰੋਲ ਨਿਭਾਉਂਦੇ ਹਨ। ਇਹ ਇਕ ਗੁੰਝਲਦਾਰ ਅਰਥਮਈ ਇਕਾਈ ਤੇ ਤੌਰ ਤੇ ਰਚਨਾ ਵਿਚ ਕਾਰਜ ਕਰਦੇ ਹੋਏ ਕਹਾਣੀ ਨੂੰ ਅੱਗੇ ਵਧਾਉਣ ਵਿਚ ਮਦਦ ਕਰਦੇ ਹਨ ਜਿਸ ਵਿਚ ਇਕ ਪਾਤਰ ਸਾਧਾਰਣ ਨਾਇਕ ਦੇ ਤੌਰ ਤੇ ਵਿਚਰਦਾ ਹੋਇਆ ਆਪਣੇ ਅਤੇ ਦੂਜੇ ਪਾਤਰਾਂ ਦੇ ਸੰਬੰਧਾਂ ਨੂੰ ਪੇਸ਼ ਕਰਦਾ ਹੈ। ਮੀਕਬਲ ਬਿਰਤਾਂਤ ਦੀ ਤੀਜੀ ਤੇ ਆਖਰੀ ਪਰਤ ਪਾਠ ਦੀ ਮਿੱਥਦੀ ਹੈ। ਪਾਠ ਸ਼ਾਬਦਿਕ ਰੂਪ ਵਿਚ ਹੋਣ ਕਰਕੇ ਪਾਠਕ ਇਸ ਪਾਠ ਨੂੰ ਹੀ ਗ੍ਰਹਿਣ ਕਰਦਾ ਹੈ। ਬਿਰਤਾਂਤਕ ਪਾਠ ਵਿਚ ਇਕ ਕਰਿੰਦਾ ਕਹਾਣੀ ਸੁਣਾਉਣ ਦੇ ਕਰਤਾ ਵਜੋਂ ਕਾਰਜ ਕਰਦਾ ਹੈ। ਮੀਕਬਲ ਬਿਰਤਾਂਤਕ ਵਕਤੇ ਨੂੰ ਕੋਈ ਵਿਸ਼ੇਸ਼ ਵਿਅਕਤੀ ਨਹੀਂ ਸਗੋਂ ਇਕ ਪ੍ਰਕਾਰਜ ਹੀ ਮਿੱਥਦੀ ਹੈ। ਇਸ ਇਲਾਵਾ ਕਰਿੰਦਿਆਂ ਦੀ ਬਿਰਤਾਂਤ ਵਿਚ ਪਹਿਚਾਣ ਤਿੰਨ ਪੱਧਰਾਂ ਦੀ ਧਾਰਨੀ ਹੁੰਦੀ ਹੈ:- ਫੈਬੂਲਾ ਦੀ ਪੱਧਰ ਤੇ ਪਾਤਰ, ਕਹਾਣੀ ਦੀ ਪੱਧਰ ਤੇ ਫੋਕਸਕਰਤਾ ਅਤੇ ਪਾਠ ਦੀ ਪੱਧਰ ਤੇ ਬਿਰਤਾਂਤਕ ਵਕਤਾ। ਇਸ ਤੋਂ ਇਲਾਵਾ ਬੋਲ ਕਾਰਜ ਦੀ ਪੱਧਰ ਤੇ ਵੀ ਬਿਰਤਾਂਤ ਦਾ ਪੱਧਰ ਉਲੀਕਿਆ ਜਾ ਸਕਦਾ ਹੈ। ਸਿੱਧਾ ਬੋਲ ਕਾਰਜ, ਅਸਿੱਧਾ ਬੋਲ ਕਾਰਜ, ਸੁਤੰਤਰ ਅਸਿੱਧਾ ਬੋਲ ਕਾਰਜ ਅਤੇ ਬਿਰਤਾਂਤਕ ਵਕਤੇ ਦਾ ਪਾਠ। ਪਾਠ ਵਿਚ ਸੰਵਾਦ ਵੀ ਅਹਿਮ ਭੂਮਿਕਾ ਅਦਾ ਕਰਦੇ ਹਨ ਕਿਉਂਕਿ ਕਈ ਵਾਰੀ ਸਥਿਤੀ ਬਿਆਨ ਪਾਤਰਾਂ ਦੇ ਆਪਸੀ ਸੰਵਾਦ ਵਿਚ ਉਭਰਦਾ ਹੈ। ਵੱਖ-ਵੱਖ ਬਿਰਤਾਂਤ ਸ਼ਾਸਤਰੀਆਂ ਨੇ ਕਿਸੇ ਵੀ ਰਚਨਾ ਦਾ ਬਿਰਤਾਂਤਕ ਮਾਡਲ ਉਸਾਰਨ ਲਈ ਕੁਝ ਵਿਸ਼ੇਸ਼ ਪ੍ਰਕਾਰ ਦੇ ਨਿਯਮ ਪੇਸ਼ ਕੀਤੇ ਹਨ। ਇਹਨਾਂ ਨਿਯਮਾਂ ਦੇ ਆਧਾਰ ਤੇ ਹੀ ਕਿਸੇ ਵੀ ਰਚਨਾ ਦੇ ਸਮੁੱਚੇ ਸੰਗਠਨ ਦੀਆਂ ਵਿਭਿੰਨ ਪਰਤਾਂ ਨੂੰ ਡੀਕੋਡ ਕੀਤਾ ਜਾਦਾ ਹੈ।

## ਹਵਾਲੇ ਅਤੇ ਟਿੱਪਣੀਆਂ:-


1. ਜੰਗ ਬਹਾਦੁਰ ਗੋਇਲ, ਵਿਸ਼ਵ ਸਾਹਿਤ ਦੇ ਸ਼ਾਹਕਾਰ ਨਾਵਲ , ਪੰਨਾ-3
2. ਉਹੀ, ਪੰਨਾ-3
3. ਉਹੀ, ਪੰਨਾ-3
4. ਉਹੀ, ਪੰਨਾ-4
5. ਉਹੀ, ਪੰਨਾ 6-7
6. ਪਿਆਰਾ ਸਿੰਘ, ਪੰਜਾਬੀ ਗਲਪ: ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ, ਪੰਨਾ-80
7. ਉਹੀ, ਪੰਨਾ-81
8. ਕਿਰਪਾਲ ਸਿੰਘ ਕਸੇਲ, ਪਰਮਿੰਦਰ ਸਿੰਘ, ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਪੰਨਾ-374
9. ਧਨਵੰਤ ਕੌਰ, ਆਧੁਨਿਕ ਪੰਜਾਬੀ ਕਹਾਣੀ: ਬਿਰਤਾਂਤ ਸ਼ਾਸਤਰੀ ਅਧਿਐਨ, ਪੰਨਾ-14
10. ਜਗਬੀਰ ਸਿੰਘ, ਪੰਜਾਬੀ ਗਲਪ ਸੰਸਾਰ, ਪੰਨਾ-88
11. ਧਨਵੰਤ ਕੌਰ, ਆਧੁਨਿਕ ਪੰਜਾਬੀ ਕਹਾਣੀ: ਬਿਰਤਾਂਤ ਸ਼ਾਸਤਰੀ ਅਧਿਐਨ, ਪੰਨਾ-13
12. ਉਧਰਿਤ, ਗੁਰਜੀਤ ਕੌਰ, ਬਿਤਰਾਂਤ, ਵਿਚਾਰਧਾਰਾ ਤੇ ਪੰਜਾਬੀ ਕਹਾਣੀ, Gerarld Prince, Narratology: The Form and Functioning of Narrative, p-16
13. ਉਧਰਿਤ, ਗੁਰਜੀਤ ਕੌਰ, ਬਿਤਰਾਂਤ, ਵਿਚਾਰਧਾਰਾ ਤੇ ਪੰਜਾਬੀ ਕਹਾਣੀ, Rimmon Kenen, Shlomith, Narrative Fiction: Contemporary Poetics, p-7
14. ਉਧਰਿਤ, ਗੁਰਜੀਤ ਕੌਰ, ਬਿਤਰਾਂਤ, ਵਿਚਾਰਧਾਰਾ ਤੇ ਪੰਜਾਬੀ ਕਹਾਣੀ, Valadimir Prop, Morphology of Folk Tale, p-14
15. ਉਧਰਿਤ, ਗੁਰਜੀਤ ਕੌਰ, ਬਿਤਰਾਂਤ, ਵਿਚਾਰਧਾਰਾ ਤੇ ਪੰਜਾਬੀ ਕਹਾਣੀ, Valadimir Prop, Morphology of Folk Tale, p-79-80
16. ਉਧਰਿਤ, ਗੁਰਜੀਤ ਕੌਰ, ਬਿਤਰਾਂਤ, ਵਿਚਾਰਧਾਰਾ ਤੇ ਪੰਜਾਬੀ ਕਹਾਣੀ, Rimmor Kenen, Shlomith, Narrative Fiction: Contemporary poetics, p-20
17. ਉਧਰਿਤ, ਗੁਰਜੀਤ ਕੌਰ, ਬਿਤਰਾਂਤ, ਵਿਚਾਰਧਾਰਾ ਤੇ ਪੰਜਾਬੀ ਕਹਾਣੀ, Rimmor Kenen, Shlomith, Narrative Fiction: Contemporary poetics, p-25
18. ਉਧਰਿਤ, ਗੁਰਜੀਤ ਕੌਰ, ਬਿਤਰਾਂਤ, ਵਿਚਾਰਧਾਰਾ ਤੇ ਪੰਜਾਬੀ ਕਹਾਣੀ, Gerald Genette, Narrative Discourse, p-161-162
19. ਉਧਰਿਤ, ਗੁਰਜੀਤ ਕੌਰ, ਬਿਤਰਾਂਤ, ਵਿਚਾਰਧਾਰਾ ਤੇ ਪੰਜਾਬੀ ਕਹਾਣੀ, Claude Levi. Strauss, Structural Anthropology, p-210

20. ਉਧਰਿਤ, ਗੁਰਜੀਤ ਕੌਰ, ਬਿਤਰਾਂਤ, ਵਿਚਾਰਧਾਰਾ ਤੇ ਪੰਜਾਬੀ ਕਹਾਣੀ, Claude Levi. Strauss, Structural Anthropology, p-210
21. ਉਧਰਿਤ, ਗੁਰਜੀਤ ਕੌਰ, ਬਿਤਰਾਂਤ, ਵਿਚਾਰਧਾਰਾ ਤੇ ਪੰਜਾਬੀ ਕਹਾਣੀ, Jonathan Cullar, Structural Poetics: Structuralism, Lingusitic and the Study of Literature, p-203
22. ਉਧਰਿਤ, ਗੁਰਜੀਤ ਕੌਰ, ਬਿਤਰਾਂਤ, ਵਿਚਾਰਧਾਰਾ ਤੇ ਪੰਜਾਬੀ ਕਹਾਣੀ, Roland Barthes, Image, Music, Text, p-88
23. ਉਧਰਿਤ, ਗੁਰਜੀਤ ਕੌਰ, ਬਿਤਰਾਂਤ, ਵਿਚਾਰਧਾਰਾ ਤੇ ਪੰਜਾਬੀ ਕਹਾਣੀ, Roland Barthes, Image, Music, Text, p-122
24. ਉਧਰਿਤ, ਗੁਰਜੀਤ ਕੌਰ, ਬਿਤਰਾਂਤ, ਵਿਚਾਰਧਾਰਾ ਤੇ ਪੰਜਾਬੀ ਕਹਾਣੀ, Julia Kristeva, Revolution in Poetic Lankg Duage, p-87
25. ਉਧਰਿਤ, ਗੁਰਜੀਤ ਕੌਰ, ਬਿਤਰਾਂਤ, ਵਿਚਾਰਧਾਰਾ ਤੇ ਪੰਜਾਬੀ ਕਹਾਣੀ, Meika Bal, Narratology: Introduction to the Theory of Narrative, p-3
26. ਉਧਰਿਤ, ਗੁਰਜੀਤ ਕੌਰ, ਬਿਤਰਾਂਤ, ਵਿਚਾਰਧਾਰਾ ਤੇ ਪੰਜਾਬੀ ਕਹਾਣੀ, Meika Bal, Narratology: Introduction to the Theory of Narrative, p-24
27. ਉਧਰਿਤ, ਗੁਰਜੀਤ ਕੌਰ, ਬਿਤਰਾਂਤ, ਵਿਚਾਰਧਾਰਾ ਤੇ ਪੰਜਾਬੀ ਕਹਾਣੀ, Meika Bal, Narratology: Introduction to the Theory of Narrative, p-24
28. ਉਧਰਿਤ, ਗੁਰਜੀਤ ਕੌਰ, ਬਿਤਰਾਂਤ, ਵਿਚਾਰਧਾਰਾ ਤੇ ਪੰਜਾਬੀ ਕਹਾਣੀ, Meika Bal, Narratology: Introduction to the Theory of Narrative, p-69-77

# ਅਧਿਆਇ-ਤੀਜਾ

## ਬਲਦੇਵ ਸਿੰਘ ਦੇ ਨਾਵਲਾਂ ਦਾ ਬਿਰਤਾਂਤ ਸ਼ਾਸਤਰੀ ਅਧਿਐਨ

ਨਾਵਲ ਆਧੁਨਿਕ ਗਲਪ ਦਾ ਪ੍ਰਮੁੱਖ ਰੂਪ ਹੈ। ਨਾਵਲ ਬਿਰਤਾਂਤ ਦੇ ਮਾਧਿਅਮ ਰਾਹੀ ਅਰਥਾਂ ਦਾ ਅਜਿਹਾ ਸੰਗਠਨ ਉਸਾਰਨ ਵਲ ਰੁਚਿਤ ਹੈ ਜੋ ਹਰ ਇਕ ਸਮਾਜ ਅਤੇ ਸਭਿਆਚਾਰ ਦੇ ਸਮਕਾਲੀਨ ਯਥਾਰਥ ਦੀ ਬਿਰਤਾਂਤਕ ਪੇਸ਼ਕਾਰੀ ਕਰਦਾ ਹੈ। ਨਾਵਲ ਵਿਚ ਬਿਰਤਾਂਤ ਦੇ ਮਾਧਿਅਮ ਰਾਹੀ ਲੜੀਬੱਧ ਘਟਨਾਵਾਂ ਨੂੰ ਅਰਥ ਭਰਪੂਰ ਤਰੀਕੇ ਨਾਲ ਪੇਸ਼ ਕੀਤਾ ਗਿਆ ਹੁੰਦਾ ਹੈ। ਇਸ ਕਰਕੇ ਨਾਵਲੀ ਪਾਠ ਨੂੰ ਬਿਰਤਾਂਤਕ ਪਾਠ ਦੇ ਰੂਪ ਵਿਚ ਸਮਝਿਆ ਜਾਣਾ ਹੀ ਨਿਆਂਇਸ਼ੀਲ ਪ੍ਰਤੀਤ ਹੁੰਦਾ ਹੈ। ਸਮਾਜਕ ਸਭਿਆਚਾਰ ਵਰਤਾਰੇ ਅਤੇ ਵਿਹਾਰ ਵਿਚ ਬਿਰਤਾਂਤ ਦੀ ਭੂਮਿਕਾ ਬਹੁਤ ਹੀ ਮਹੱਤਵਪੂਰਨ ਰਹੀ ਹੈ। ਸਾਹਿਤ, ਸਭਿਆਚਾਰ ਦੇ ਹੋਰਨਾਂ ਰੂਪ-ਪ੍ਰਬੰਧਾਂ ਵਾਂਗ ਬਿਰਤਾਂਤ ਵੀ ਜੀਵਨ ਦੇ ਯਥਾਰਥ ਨੂੰ ਅਰਥਾਂ ਦੇ ਸੰਗਠਨ ਵਿਚ ਢਾਲਣ ਦਾ ਉਪਰਾਲਾ ਮੰਨਿਆ ਜਾ ਸਕਦਾ ਹੈ। ਬਿਰਤਾਂਤ ਕਿਉਂਕਿ ਮਨੁੱਖ ਸਿਰਜਿਤ ਹੈ ਇਸਲਈ ਇਹ ਮਨੁੱਖ ਜਿੰਨ੍ਹਾਂ ਹੀ ਸਰਵ-ਵਿਆਪਕ ਹੈ। ਸੰਸਾਰ ਵਿਚ ਹਰੇਕ ਤਰ੍ਹਾਂ ਦੀਆਂ ਘਟਨਾਵਾਂ ਅਤੇ ਸੱਚ ਬਿਰਤਾਂਤਕ ਪਾਠਾਂ ਰਾਹੀ ਅਰਥ ਸਿਰਜਣ ਦੀ ਸਮਰੱਥਾ ਰੱਖਦੇ ਹਨ। ਬਿਰਤਾਂਤ ਦੀ ਸਰਵ-ਵਿਆਪਕਤਾ ਦਾ ਜ਼ਿਕਰ ਕਰਦਾ ਹੋਇਆ ਰੋਲਾਂ ਬਾਰਤ ਕਹਿੰਦਾ ਹੈ ਕਿ, "ਦੁਨੀਆਂ ਵਿਚ ਬਿਰਤਾਂਤ ਅਣਗਿਣਤ ਹਨ। ਇਹ ਉਚਾਰੀ ਭਾਸ਼ਾ ਬੋਲ ਜਾਂ ਲਿਖਤ, ਸਥਿਰ ਜਾਂ ਗਤੀਸ਼ੀਲ ਬਿੰਬ, ਹਾਵ-ਭਾਵ ਅਤੇ ਇਹਨਾਂ ਸਾਰਿਆਂ ਮਾਧਿਅਮਾਂ ਦੇ ਮਿਸ਼ਰਣ ਰਾਹੀ ਪੇਸ਼ ਹੋ ਸਕਦੇ ਹਨ। ਇਹ ਮਿਥ, ਦੰਦ-ਕਥਾ, ਨੀਤੀ-ਕਥਾ, ਲੋਕ-ਕਥਾ, ਨਾਵਲ, ਮਹਾਂ-ਕਾਵਿ, ਇਤਿਹਾਸ, ਨਾਟਕ, ਨਕਲ, ਚਿੱਤਰਕਾਰੀ, ਸਿਨੇਮਾ, ਚਿੱਤਰਕਥਾ, ਅਖ਼ਬਾਰੀ ਖ਼ਬਰਾਂ ਅਤੇ ਵਿਚਾਰ-ਵਟਾਂਦਰੇ ਵਿਚ ਵਿਦਮਾਨ ਮਿਲਦਾ ਹੈ। ਰੂਪਾਂ ਦੀ ਅਨੰਤ ਅਸਮਾਨਤਾ ਦੇ ਬਾਵਜੂਦ, ਬਿਰਤਾਂਤ ਹਰ ਯੁਗ, ਹਰੇਕ ਸਥਾਨ ਅਤੇ ਹਰ ਸਮਾਜ ਵਿਚ ਹੁੰਦਾ ਹੈ। ਇਹ ਮਨੁੱਖਤਾ ਦੇ ਆਦਿ ਕਾਲ ਤੋਂ ਹੀ ਵਿਦਮਾਨ ਹੈ। ਕੋਈ ਵੀ ਮਨੁੱਖੀ ਸਮੂਹ ਬਿਰਤਾਂਤ ਤੋਂ ਬਿਨਾਂ ਨਹੀਂ ਮਿਲਦਾ। ਹਰ ਵਰਗ, ਹਰ ਮਨੁੱਖੀ ਸਮੂਹ ਕੋਲ ਉਨ੍ਹਾਂ ਦੇ ਆਪਣੇ ਬਿਰਤਾਂਤ ਹੁੰਦੇ ਹਨ। ਜਿਨ੍ਹਾਂ ਨੂੰ ਉਹ ਵੱਖ-ਵੱਖ ਸਭਿਆਚਾਰਕ ਪਿਛੋਕੜਾਂ ਵਾਲੇ ਲੋਕਾਂ ਸਾਂਝਾ ਕਰਦੇ ਹਨ ਤੇ ਮਾਣਦੇ ਹਨ। ਚੰਗੇ ਜਾਂ ਮੰਦੇ ਸਾਹਿਤ ਦੀ ਵੰਡ ਕੀਤੇ ਬਿਨਾਂ ਕਿਹਾ ਜਾ ਸਕਦਾ ਹੈ ਕਿ ਬਿਰਤਾਂਤ ਅੰਤਰ-ਰਾਸ਼ਟਰੀ, ਪਰਾ-ਇਤਿਹਾਸਕ ਅਤੇ ਪਰਾ-ਸਭਿਆਚਾਰਕ ਹੁੰਦੇ ਹਨ। ਇਹ ਜੀਵਨ ਨੂੰ ਜਿੰਨੇ ਹੀ ਸਰਵ-ਵਿਆਪਕ ਹਨ।"[1] ਪੰਜਾਬ ਦਾ ਬਿਰਤਾਂਤਕ ਵਿਰਸਾ ਕਾਫ਼ੀ ਅਮੀਰ ਹੈ। ਇਸ ਵਿਚ ਤਰ੍ਹਾਂ-ਤਰ੍ਹਾਂ ਦੇ ਬਿਰਤਾਂਤ ਹਨ। ਮੱਧਕਾਲੀ ਪੰਜਾਬ ਵਿਚ ਬਿਰਤਾਂਤਕ ਸਾਹਿਤ ਜਨਮਸਾਖੀਆਂ, ਲੋਕ ਕਹਾਣੀਆਂ, ਕਿੱਸਿਆਂ, ਵਾਰਾਂ ਆਦਿ ਵੰਨਗੀਆਂ ਵਿਚ ਮਿਲਦਾ ਹੈ। ਆਧੁਨਿਕ ਪੰਜਾਬੀ ਸਾਹਿਤਿਕ ਪ੍ਰੰਪਰਾ ਵਿਚ ਤਾਂ ਬਿਰਤਾਂਤ ਦੀ ਮਹੱਤਤਾ ਹੋਰ ਵੀ ਵੱਧਦਾ ਗਈ ਹੈ। ਇਸ ਦਾ ਅੰਦਾਜ਼ਾ ਇਸ ਕਾਲ ਦੀਆਂ ਵੱਖ-ਵੱਖ ਸਾਹਿਤਿਕ ਵਿਧਾਵਾਂ ਨਾਟਕ, ਨਾਵਲ, ਨਿੱਕੀ ਕਹਾਣੀ, ਜੀਵਨੀ, ਸੈਵ-ਜੀਵਨੀ, ਸਫਰਨਾਮਾ, ਸੰਸਮਰਨ, ਰੇਖਾ-ਚਿੱਤਰ ਵਿਚ ਪੇਸ਼ ਬਿਰਤਾਂਤ ਤੋਂ ਲਗਾਇਆ ਜਾ ਸਕਦਾ ਹੈ।

"ਘੱਟੋ ਘੱਟ ਦੋ ਸੱਚੀਆਂ ਜਾਂ ਗਾਲਪਨਿਕ ਘਟਨਾਵਾਂ ਦੀ ਤਰਤੀਬ ਵਿਚ ਪੇਸ਼ਕਾਰੀ ਨੂੰ ਬਿਰਤਾਂਤ ਕਿਹਾ ਜਾਂਦਾ ਹੈ। ਬਿਰਤਾਂਤ ਦੀ ਬਣਤਰ ਦਾ ਇਹ ਨੇਮ ਬਿਰਤਾਂਤ ਵਿਚ ਘਟਨਾਵਾਂ ਨੂੰ ਮੁੱਖ ਤੱਤ ਵਜੋਂ ਸਵੀਕਾਰ ਕਰਦਾ ਹੈ। ਬਿਰਤਾਂਤ ਘਟਨਾਵੀ ਵਰਤਾਰੇ ਦੀ ਸ੍ਰੰਖਲਾ ਪ੍ਰਤਿ ਮਨੁੱਖੀ ਹੁੰਗਾਰੇ ਨੂੰ ਰਮਜ਼ਮਈ ਪੱਧਰ ਤੇ ਚਿਤਵਦਾ ਅਤੇ ਸਮੇਂ ਦੀ ਤਰਤੀਬ ਵਿਚ ਵਿਉਂਤਦਾ ਅਤੇ ਪ੍ਰਗਟਾਉਂਦਾ ਹੈ।"[2] ਘਟਨਾ ਇਕ ਸਥਿਤੀ ਤੋਂ ਦੂਜੀ ਸਥਿਤੀ ਦਾ ਵਰਣਨ ਨਹੀਂ ਬਲਕਿ ਇਕ ਸਥਿਤੀ ਵਿਸ਼ੇਸ਼ ਤੋਂ ਦੂਜੀ ਸਥਿਤੀ ਵਿਸ਼ੇਸ਼ ਤਕ ਪਹੁੰਚਣ ਦਾ ਅਮਲ ਹੈ। "ਸਥਿਤੀਆਂ ਵਿਚਲੀ ਇਸ ਤਬਦੀਲੀ ਨੂੰ ਪ੍ਰਕਿਰਿਆ ਕਿਹਾ ਜਾਂਦਾ ਹੈ ਜੋ ਕਥਾ ਦਾ ਪਰਿਵਰਤਨਸ਼ੀਲ ਤੱਤ ਹੈ ਅਤੇ ਕਾਲਕ੍ਰਮਿਕ ਵਿਕਾਸ ਦੇ ਪੱਖੋਂ ਇਸਦੇ ਤਿੰਨ ਤੱਤ ਨਿਖੇੜੇ ਜਾ ਸਕਦੇ ਹਨ- ਪ੍ਰਕਿਰਿਆ ਦੀ ਸੰਭਾਵਨਾ, ਘਟਨਾ ਅਤੇ ਨਤੀਜਾ। ਇਹ ਘਟਨਾਵਾਂ ਕਈ ਸਾਮਿਅਕ, ਸਥਾਨਮਈ, ਕਾਰਜ-ਕਾਰਨੀ ਸੰਬੰਧਾਂ ਦੇ ਸਹਾਰੇ ਕਾਲਕ੍ਰਮਿਕ ਵਿਉਂਤ ਵਿਚ ਬੱਝੀਆਂ ਹੁੰਦੀਆਂ ਹਨ। ਕਿਸੇ ਵੀ ਬਿਰਤਾਂਤਕ ਸੰਭਾਵਨਾਂ ਵਿਚ ਘਟਨਾਵਾਂ ਦੀ ਵੱਧ ਤੋਂ ਵੱਧ ਗਿਣਤੀ ਬਾਰੇ ਭਾਵੇਂ ਕੋਈ ਸੀਮਾ ਨਿਸ਼ਚਿਤ ਨਹੀਂ ਕੀਤੀ ਜਾ ਸਕਦੀ ਪਰ ਇਸ ਘੱਟੋ-ਘੱਟ ਦੋ ਹੋਣਾ ਜ਼ਰੂਰੀ ਹੈ ਕਿਉਂਕਿ ਸਿਰਫ ਸਥਾਨ ਵਿਚ ਸਥਿਤੀ ਘਟਨਾ ਹਾਲਾਤ ਦਾ ਸਥਿਰ ਬਿਆਨ ਬਿਰਤਾਂਤ ਨਹੀਂ ਹੋ ਸਕਦਾ ਜਿਵੇਂ 'ਰਾਜਾ ਮਾਰ ਸੁੱਟਿਆ' ਦੀ ਸੂਚਨਾ ਆਪਣੇ ਪਿਛੋਕੜ ਵਿਚ ਪੂਰਾ ਬਿਰਤਾਂਤਕ ਪਾਸਾਰ ਸਮਾਈ ਬੈਠ ਹੋਣ ਦੇ ਬਾਵਜੂਦ ਬਿਰਤਾਂਤ ਨਹੀਂ ਕਹੀ ਜਾ ਸਕਦੀ ਕਿਉਂਕਿ ਆਪਣੇ ਪ੍ਰਸਤੁਤ ਰੂਪ ਵਿਚ ਇਹ ਸਥਿਰ ਘਟਨਾ ਬਾਰੇ ਵਸਤੂਪੂਰਕ ਜਾਂ ਵਿਅਕਤੀਪੂਰਕ ਸੂਚਨਾਵੀ ਸੰਚਾਰ ਹੀ ਹਨ।"[3]

ਬਿਰਤਾਂਤ ਦਾ ਦੂਜਾ ਮੁੱਖ ਤੱਤ ਪਾਤਰ ਹਨ ਜਿਸਨੂੰ ਤਕਨੀਕੀ ਸ਼ਬਦਾਵਲੀ ਵਿਚ ਬਿਰਤਾਂਤਕ ਏਜੰਟ ਕਿਹਾ ਜਾਂਦਾ ਹੈ। ਬਿਰਤਾਂਤ ਵਿਚਲੀਆਂ ਘਟਨਾਵਾਂ ਪਾਤਰਾਂ ਰਾਹੀਂ ਪੇਸ਼ ਹੁੰਦੀਆਂ ਹਨ। ਬਿਰਤਾਂਤਕ ਪਾਠ ਆਪਣੀ ਹੋਂਦ ਕਿਸੇ ਪਾਤਰ ਦੇ ਬਿਰਤਾਂਤਕੀ ਪ੍ਰਕਾਰਜ ਰਾਹੀਂ ਗ੍ਰਹਿਣ ਕਰਦਾ ਹੈ। ਦੁਨੀਆਂ ਵਿਚ ਕੋਈ ਵੀ ਬਿਰਤਾਂਤ ਪਾਤਰਾਂ ਤੋਂ ਬਗੈਰ ਨਹੀਂ ਮਿਲਦਾ। ਪਾਤਰ ਹਮੇਸ਼ਾ ਹੀ ਕਿਸੇ ਨਾ ਕਿਸੇ ਉਦੇਸ਼ ਵਲ ਪ੍ਰੇਰਿਤ ਹੁੰਦੇ ਹਨ ਅਤੇ ਉਨ੍ਹਾਂ ਦੇ ਵਿਹਾਰ ਦਾ ਕਾਰਜ ਇਸੇ ਉਦੇਸ਼ ਦੀ ਪ੍ਰਾਪਤੀ ਵੱਲ ਸੇਧਿਤ ਹੁੰਦਾ ਹੈ। ਬਿਰਤਾਂਤ ਵਿਚ ਪਾਤਰ ਕਾਰਿੰਦੇ ਹਨ। ਗ੍ਰੇਮਾਸ, " ਪਾਤਰਾਂ ਲਈ ਐਕਟੈਂਟ ਸ਼ਬਦ ਵਰਤਦਾ ਹੈ। ਉਸ ਅਨੁਸਾਰ ਕਹਾਣੀ ਵਿਚ 'ਪਾਤਰ ਕੀ ਹੈ' ਨਾਲੋਂ 'ਪਾਤਰ ਕੀ ਕਰਦਾ ਹੈ' ਦੀ ਸਮਝ ਜ਼ਿਆਦਾ ਜ਼ਰੂਰੀ ਹੈ।"[4] ਬੇਸ਼ੱਕ ਸੰਰਚਨਾਵਾਦੀਆਂ ਨੇ ਇਸ ਧਾਰਨਾ ਨੂੰ ਮਿਥ ਸਵੀਕਾਰ ਕੀਤਾ ਹੈ। ਬਿਰਤਾਂਤ ਵਿਚ ਘਟਨਾਵਾਂ ਅਤੇ ਪਾਤਰ ਦੋ ਮੁੱਖ ਅੰਤਰ-ਸੰਬੰਧਿਤ ਤੱਤ ਹਨ ਜਿਹੜੇ ਸਥਾਨ ਅਤੇ ਕਾਲ ਦੀਆਂ ਨਿਸ਼ਚਿਤ ਸੀਮਾਵਾਂ ਵਿਚ ਵਿਚਰਦੇ ਹਨ। ਬਿਰਤਾਂਤਕੀ-ਪਾਠ ਵਿਚ ਕ੍ਰਮ-ਸਿਰਜਣਾ ਤਾਂ ਜ਼ਰੂਰੀ ਹੈ ਪਰ ਕਾਲ ਤਰਤੀਬ ਇਸ ਢੰਗ ਨਾਲ ਵਿਉਂਤਬੱਧ ਕੀਤੀ ਜਾਂਦੀ ਹੈ ਕਿ ਇਹ ਕਥਾ ਦੇ ਅਸਲ ਸਮੇਂ ਨਾਲੋਂ ਭਿੰਨ ਹੁੰਦੀ ਹੈ। ਭਾਵ ਬਿਰਤਾਂਤ ਦਾ ਸਮਾਂ ਮਸਨੂਈ ਸਮਾਂ ਹੁੰਦਾ ਹੈ। ਬਿਰਤਾਂਤ ਵਿਚ ਸਮੇਂ ਦਾ ਵਹਾਉ ਇਸਦਾ ਲੱਛਣ ਹੈ। ਇਸ ਕਰਕੇ ਬਿਰਤਾਂਤ ਵਿਚ ਸਮੇਂ ਨੂੰ ਅਹਿਮ ਸਥਾਨ ਪ੍ਰਾਪਤ ਹੈ।

ਘਟਨਾਵਾਂ ਦਾ ਜਿਵੇਂ ਸਮੇਂ ਵਿਚ ਵਾਪਰਨਾ ਅਟੱਲ ਹੈ, ਉਵੇਂ ਹੀ ਸਥਾਨ ਵਿਚ ਵਾਪਰਨਾ ਵੀ ਨਿਸ਼ਚਿਤ ਹੈ। ਸਥਾਨ ਤੋਂ ਹੀ ਘਟਨਾਵਾਂ ਗ੍ਰਹਿਣ ਕੀਤੀਆਂ ਜਾਂਦੀਆਂ ਹਨ। ਜੇਕਰ ਬਿਰਤਾਂਤ ਵਿਚ ਸਥਾਨ ਸੰਬੰਧੀ ਜ਼ਿਕਰ ਨਾ ਹੋਵੇ ਤਾਂ ਪਾਠਕ ਆਪਣੀ

ਚੇਤਨਾ ਰਾਹੀਂ ਖ਼ੁਦ ਇਸਨੂੰ ਸਿਰਜ ਲੈਂਦੇ ਹਨ। ਇਸ ਕਰਕੇ ਬਿਰਤਾਂਤ ਵਿਚ ਸਥਾਨ ਦੀ ਧਾਰਨਾ ਠੋਸ ਅਤੇ ਲਾਜ਼ਮੀ ਰੂਪ ਵਿਚ ਵਿਦਮਾਨ ਰਹਿੰਦੀ ਹੈ।

ਬਿਰਤਾਂਤ ਦਾ ਅਧਿਐਨ ਕਰਨ ਲਈ ਇਸਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ- ਇਤਿਹਾਸਕ ਬਿਰਤਾਂਤ ਅਤੇ ਗਲਪੀ ਬਿਰਤਾਂਤ। ਇਤਿਹਾਸਕ ਬਿਰਤਾਂਤ ਵਿਚ ਯਥਾਰਥਕ ਘਟਨਾਵਾਂ ਅਤੇ ਵਾਸਤਵਿਕ ਵਿਅਕਤੀਆਂ ਦਾ ਤੱਥਮੂਲਕ ਵੇਰਵਾ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਅਰਥਾਤ ਪ੍ਰਮਾਣਿਕ ਤੱਥ ਅਤੇ ਵਾਸਤਵਿਕ ਵਿਅਕਤੀ। ਘਟਨਾਵਾਂ ਇਸ ਕਿਸਮ ਦੀ ਬਿਰਤਾਂਤ ਉਸਾਰੀ ਦਾ ਮੂਲ ਆਧਾਰ ਬਣਦੇ ਹਨ ਜਦੋਂ ਕਿ ਗਲਪੀ ਬਿਰਤਾਂਤ ਘਟਨਾਵਾਂ ਦੀ ਕਾਲਪਨਿਕ ਪੇਸ਼ਕਾਰੀ ਰਾਹੀਂ ਹੋਂਦ ਗ੍ਰਹਿਣ ਕਰਦਾ ਹੈ। ਦੋਹਾਂ ਵਿਚਲੀ ਬੁਨਿਆਦੀ ਸਾਂਝ ਘਟਨਾਵਾਂ ਅਤੇ ਸਥਿਤੀਆਂ ਨੂੰ ਕਾਲ ਦੇ ਪ੍ਰਵਾਹ ਵਿਚ ਰੱਖਕੇ ਉਜਾਗਰ ਹੁੰਦੀ ਹੈ ਪਰ ਸਾਡਾ ਸਰੋਕਾਰ ਗਲਪੀ ਬਿਰਤਾਂਤ ਨਾਲ ਹੈ। ਬਿਰਤਾਂਤ ਨੂੰ 'ਖੁੱਲ੍ਹੇ-ਅੰਤ' ਅਤੇ 'ਬੰਦ-ਅੰਤ' ਵਾਲੇ ਰੂਪਾਂ ਵਿਚ ਵੰਡਿਆ ਜਾ ਸਕਦਾ ਹੈ। ਅਜਿਹੇ ਬਿਰਤਾਂਤ ਜਿਨ੍ਹਾਂ ਵਿਚ ਬਿਰਤਾਂਤਕਾਰ ਆਪਣੇ ਅੰਤਿਮ ਉਦੇਸ਼ ਪ੍ਰਤਿ ਜ਼ਿਆਦਾ ਹੀ ਸਪੱਸ਼ਟ ਤੇ ਉਤਾਵਲਾ ਹੁੰਦਾ ਹੈ, ਉਹ 'ਬੰਦ-ਅੰਤ' ਵਾਲੇ ਬਿਰਤਾਂਤ ਅਖਵਾਉਂਦੇ ਹਨ। ਦੂਜੇ ਪਾਸੇ ਜਿਨ੍ਹਾਂ ਵਿਚ ਬਿਰਤਾਂਤਕਾਰ ਆਪਣੇ ਅੰਤਿਮ ਉਦੇਸ਼ ਪ੍ਰਤਿ ਸਪੱਸ਼ਟ ਨਾ ਹੋਏ ਅਤੇ ਜਿੱਥੇ ਤਨਾਉ ਦੀ ਗਤੀਸ਼ੀਲਤਾ ਬਿਰਤਾਂਤਕ ਕਿਰਤ ਤੇ ਮੁੱਕਣ ਉਪਰੰਤ ਵੀ ਜਾਰੀ ਰਹੇ ਨੂੰ 'ਖੁੱਲ੍ਹਾ-ਅੰਤ' ਵਾਲਾ ਬਿਰਤਾਂਤ ਆਖਦੇ ਹਨ।

## ਨਾਵਲ ਦਾ ਬਿਰਤਾਂਤ ਸ਼ਾਸਤਰੀ ਅਧਿਐਨ :-

ਨਾਵਲ ਆਧੁਨਿਕ ਸਾਹਿਤ ਦਾ ਮਹੱਵਤਪੂਰਨ ਰੂਪਾਕਾਰ ਹੈ। ਨਾਵਲ ਮਨੁੱਖ ਦੇ ਨਿੱਜੀ ਅਨੁਭਵ ਦਾ ਬਿਰਤਾਂਤ ਪ੍ਰਗਟਾਵਾ ਹੈ। ਇਸ ਦਾ ਸਮਕਾਲੀ ਆਰਥਕ, ਸਮਾਜਕ, ਧਾਰਮਕ ਅਤੇ ਸਾਂਸਕ੍ਰਿਤਿਕ ਪ੍ਰਸਥਿਤੀਆਂ ਨਾਲ ਡੂੰਘਾ ਰਿਸ਼ਤਾ ਹੁੰਦਾ ਹੈ। ਇਨ੍ਹਾਂ ਤੋਂ ਪ੍ਰੇਰਣਾ ਗ੍ਰਹਿਣ ਕਰਕੇ ਹੀ ਨਾਵਲਕਾਰ ਨਾਵਲ-ਰਚਨਾ ਵਲ ਰੁਚਿਤ ਹੁੰਦਾ ਹੈ ਅਤੇ ਨਾਵਲ ਸਿਰਜਣਾ ਲਈ ਉਹ ਬਿਰਤਾਂਤਕ ਜੁਗਤਾਂ ਦਾ ਸਹਾਰਾ ਲੈਂਦਾ ਹੈ। "ਬਿਰਤਾਂਤਕ ਸੁਭਾਅ ਦੇ ਕਾਰਨ ਹੀ ਨਾਵਲ ਆਪਣੇ ਵਸਤੂ ਨੂੰ ਸਮੁੱਚਤਾ ਦੇ ਪਰਿਪੇਖ ਵਿਚ ਗ੍ਰਹਿਣ ਕਰਨ ਲਈ ਅਜਿਹੇ ਪਾਠਗਤ ਅਤੇ ਇਤਿਹਾਸਕ ਪਾਸਾਰਾਂ ਦੀ ਵਰਤੋਂ ਕਰਦਾ ਹੈ ਅਤੇ ਨਾਵਲੀ ਚਿਹਨ-ਪ੍ਰਬੰਧ ਚਿਹਨੀਕਰਨ ਦੀ ਪ੍ਰਕਿਰਿਆ ਗਲਪੀ ਵਸਤੂ ਅਤੇ ਇਤਿਹਾਸਕ ਪ੍ਰਗਟਾਉ-ਜੁਗਤਾਂ ਦੀ ਦੰਵਦਾਤਮਕ ਪ੍ਰਕਾਰਜਸ਼ੀਲਤਾ ਨੂੰ ਪੇਸ਼ ਕਰ ਦਿੰਦਾ ਹੈ। ਨਾਵਲੀ ਪ੍ਰਵਚਨ ਦਾ ਸੁਭਾਅ ਬਿਰਤਾਂਤਕ ਹੋਣ ਕਰ ਕੇ ਇਸ ਦੇ ਚਿਹਨ-ਪ੍ਰਬੰਧ ਵਿਚ ਸਮਕਾਲੀਨ ਅਤੇ ਪੂਰਵਕਾਲੀਨ ਸੰਦਰਭ-ਘਟਨਾਵਾਂ, ਭਾਸ਼ਿਕ ਰੂਪ, ਮੁਹਾਵਰੇ, ਅਖੌਤਾਂ, ਮਿਥਾਂ, ਵਿਸ਼ਵਾਸ, ਚਰਿੱਤਰ ਆਦਿ ਤੱਤਾਂ ਦਾ ਸੰਗਠਨ ਇਸ ਨੂੰ ਵਸਤੂ ਯਥਾਰਥ ਵਰਗਾ ਹੀ ਅਰਥਸ਼ੀਲ ਪ੍ਰਬੰਧ ਬਣਾ ਦਿੰਦਾ ਹੈ ਜੋ ਰੋਜ਼ਾਨਾ ਦੀ ਜ਼ਿੰਦਗੀ ਨਾਲ ਸੰਬਾਦੀ ਸੰਬੰਧ ਸਿਰਜ ਕੇ ਪਾਠਕ ਦੇ ਚੁਸਤ ਪਾਠਕੀ ਹੁੰਗਾਰੇ ਰਾਹੀਂ ਚਿਹਨੀਕਰਨ ਦੀ ਪ੍ਰਕਿਰਿਆ ਵਿਚ ਪੈਦਾ ਹੈ।"[5] ਰੋਲਾਂ ਬਾਰਤ ਅਨੁਸਾਰ, "ਨਾਵਲਕਾਰ ਸੈਵ-ਨਿਰਭਰ ਸੰਸਾਰ ਨੂੰ ਸਿਰਜਣ ਦੇ ਯੋਗ ਹੁੰਦਾ ਹੈ, ਜੋ ਆਪਣੀਆਂ ਸੀਮਾਵਾਂ ਅਤੇ ਪਾਸਾਰਾਂ ਨੂੰ ਆਪਣੇ ਹੀ ਕਾਲ, ਆਪਣੇ ਹੀ ਸਥਾਨ, ਆਪਣੇ ਹੀ ਜਨ-ਜੀਵਨ, ਆਪਣੀਆਂ ਹੀ ਵਸਤੂਆਂ ਅਤੇ ਮਿਥਾਂ ਦੇ ਸੰਗਠਨ ਰਾਹੀਂ ਪੇਸ਼ ਕਰਦਾ ਹੈ।"[6] ਹੁਣ ਤਕ ਨਾਵਲੀ ਸਮੀਖਿਆ ਯਥਾਰਥਵਾਦ ਦੇ ਘੇਰੇ ਵਿਚ ਚੱਲ ਰਹੀ

ਹੈ। ਜਦੋਂ ਕਿਸੇ ਨਾਵਲ ਸੰਬੰਧੀ ਕੋਈ ਸਮੀਖਿਆ, ਟਿੱਪਣੀ ਸਾਹਮਣੇ ਆਉਂਦੀ ਹੈ ਤਾਂ ਗੱਲ ਯਥਾਰਥ ਤੋਂ ਸ਼ੁਰੂ ਹੋ ਕੇ ਯਥਾਰਥ ਤੇ ਜਾ ਕੇ ਮੁੱਕਦੀ ਹੈ।

"ਈਅਨ ਵਾਟ ਅਤੇ ਉਸਦੇ ਸਮਕਾਲੀ ਨਾਵਲ-ਸ਼ਾਸਤਰੀਆਂ ਨੇ ਯਥਾਰਥ ਪੇਸ਼ਕਾਰੀ ਨੂੰ ਨਾਵਲ ਦਾ ਪ੍ਰਮੁੱਖ ਮੰਤਵ ਦੱਸਦਿਆਂ ਯਥਾਰਥਵਾਦ ਨੂੰ ਨਾਵਲ ਦੀ ਪ੍ਰਮਾਣਿਕ ਵਿਧੀ ਤੇ ਤੌਰ 'ਤੇ ਮਾਨਤਾ ਦਿੱਤੀ ਹੈ।"[7] ਨਾਵਲੀ ਸਮੀਖਿਆ ਦੀ ਇਕ ਹੋਰ ਵਿਧੀ ਨਾਵਲ ਨੂੰ ਯਥਾਰਥ ਤੋਂ ਤੋੜ ਕੇ ਵੇਖਣ ਦੀ ਰੁਚੀ ਰੱਖਦੀ ਹੈ। ਸੰਰਚਨਾਤਮਕ ਭਾਸ਼ਾ-ਵਿਗਿਆਨ ਅਤੇ ਸਾਹਿਤ-ਅਧਿਐਨ ਵਿਧੀ ਤੋਂ ਪ੍ਰੇਰਿਤ ਇਹ ਵਿਧੀ ਸੋਸਿਉਰ ਦੇ ਸੰਕਲਪਾਂ ਰਾਹੀਂ ਸਾਹਿਤ/ਨਾਵਲੀ ਪਾਠਾਂ ਵਿਚ ਸਾਹਿਤ/ਨਾਵਲ ਦੇ ਰੂਪਾਤਮਕ ਸੰਗਠਨਾਂ ਨੂੰ ਤਲਾਸ਼ਣ ਅਤੇ ਸਥਾਪਿਤ ਕਰਨ ਦਾ ਯਤਨ ਕਰਦੀ ਹੈ। ਇਹ ਨਾਵਲ ਨੂੰ ਖ਼ੁਦਮੁਖਤਾਰ ਹੋਂਦ ਮੰਨ ਕੇ, ਇਸ ਦੇ ਬਿਰਤਾਂਤ ਸ਼ਾਸਤਰ ਨੂੰ ਉਸਾਰਨ ਪ੍ਰਤਿ ਰੁਚਿਤ ਹੈ।

ਇਹ ਸਮੀਖਿਆ ਬਿਰਤਾਂਤ ਦੀ ਸਾਹਿਤਿਕ ਸਾਰਥਕਤਾ ਨੂੰ ਸਮਝਣ ਲਈ ਯਤਨਸ਼ੀਲ ਹੈ ਪਰ ਬਿਰਤਾਂਤ ਦੀ ਬਿਰਤਾਂਤਕ ਸਾਰਥਕਤਾ ਨੂੰ ਸਮਝਣ ਲਈ ਲਗਭਗ ਅਸਮੱਰਥ ਹੀ ਰਹੀ ਹੈ। ਬਿਰਤਾਂਤ ਇਸ ਲਈ ਸਥਿਤੀਆਂ ਅਤੇ ਘਟਨਾਵਾਂ ਦਾ ਮਹਿਜ਼ ਜੋੜ-ਮੇਲ ਹੀ ਹੈ ਪਰ ਹਕੀਕਤ ਇਹ ਹੈ ਕਿ ਬਿਰਤਾਂਤਕ ਪ੍ਰਵਚਨ ਵਿਚ ਘਟਨਾਵਾਂ ਅਤੇ ਸਥਿਤੀਆਂ ਇਤਫ਼ਾਕੀਆਂ ਰੂਪ ਵਿਚ ਨਹੀਂ ਜੁੜ ਜਾਂਦੀਆਂ ਸਗੋਂ ਇਹ ਬਿਰਤਾਂਤ ਦੀ ਗਹਿਨ-ਸੰਰਚਨਾ ਵਿਚ ਕਰਮਸ਼ੀਲ ਨਿਯਮ-ਪ੍ਰਬੰਧ ਦਾ ਰਚਨਾਤਮਕ ਪ੍ਰਤਿਫਲ ਹੁੰਦੀਆਂ ਹਨ। ਇਸ ਲਈ ਨਾਵਲ ਦਾ ਬਿਰਤਾਂਤ ਸ਼ਾਸਤਰੀ ਅਧਿਐਨ ਕਰਨ ਸਮੇਂ ਸਿਰਫ਼ ਬਿਰਤਾਂਤਕ-ਪਾਠ ਦੇ ਪ੍ਰਗਟਾਅ-ਰੂਪ ਤਕ ਸੀਮਿਤ ਨਾ ਕਰਕੇ ਭਾਸ਼ਾ ਅਤੇ ਉਚਾਰ ਦੀ ਦੰਵਦਾਤਮਕ ਪ੍ਰਕਾਰਜਸ਼ੀਲਤਾ ਰਾਹੀਂ ਸਿਰਜੇ ਗਏ ਬਿਰਤਾਂਤਕ-ਪ੍ਰਵਚਨ ਦਾ ਮੁੱਲਾਂਕਣ ਕਰਨਾ ਲਾਜ਼ਮੀ ਹੈ। ਹਰ ਬਿਰਤਾਂਤ ਦੀ ਇਕ ਵਾਸਤਵਿਕਤਾ ਉਪਰ ਰਹਿੰਦੀ ਹੈ ਦੂਜੀ ਕਲਾਤਮਕਤਾ ਉੱਪਰ ਬਿਰਤਾਂਤ ਦੇ ਇਸ ਦੋਹਰੇ ਨਿਭਾਉ ਨੂੰ ਪਾਠ ਅਤੇ ਪ੍ਰਵਚਨ ਦਾ ਨਾਮ ਦਿੱਤਾ ਗਿਆ ਹੈ। ਜਿੱਥੇ ਤਕ ਬਿਰਤਾਂਤ ਘਟਨਾਵਾਂ ਜਾਂ ਵਾਸਤਵਿਕ ਸਾਮੱਗਰੀ ਪ੍ਰਤਿ ਸੁਚੇਤ ਹੈ, ਉਹ ਪਾਠ ਹੈ ਅਤੇ ਜਿੱਥੇ ਤਕ ਉਹ ਇਸ ਦੇ ਸੰਚਾਰ ਪ੍ਰਤਿ ਸੁਚੇਤ ਹੈ ਉਹ ਪ੍ਰਵਚਨ ਹੈ।

ਨਾਵਲ ਦੇ ਗਲਪੀ ਪ੍ਰਵਚਨ ਹੋਣ ਦੀ ਵਿਸ਼ੇਸ਼ਤਾ ਕਾਰਨ ਨਾ ਕੇਵਲ ਵਿਚਾਰਾਤਮਕ ਸਿਰਜਣਾ ਵਿਚ ਬਿਰਤਾਂਤਕ ਵਿਧੀ ਦੀ ਵਰਤੋਂ ਕੀਤੀ ਜਾਂਦੀ ਹੈ ਸਗੋਂ ਪ੍ਰਗਟਾਉ-ਵਿਧੀ ਵਿਚ ਵੀ ਬਿਰਤਾਂਤਕ ਵਿਧੀਆਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਕਰਕੇ ਇਹ ਵਸਤੂ-ਯਥਾਰਥ ਨੂੰ ਸਾਹਿਤਿਕ ਪਾਠ ਵਿਚ ਰੂਪਾਂਤਰਿਤ ਕਰਨ ਸਮੇਂ ਮਹਿਜ਼ ਨਕਲ ਨਾ ਕਰਕੇ ਕਲਾਤਮਕ ਨਕਲ ਰਾਹੀਂ ਪੇਸ਼ ਕਰਦਾ ਹੈ, ਜਿਸ ਰਾਹੀਂ ਅਰਥਸ਼ੀਲ ਪ੍ਰਵਚਨ ਆਪਣੇ ਆਪ ਨੂੰ ਸੈਵ-ਸਿੱਧ ਸੰਸਾਰ ਦੇ ਰੂਪ ਵਿਚ ਸਥਾਪਿਤ ਕਰ ਲੈਂਦਾ ਹੋਇਆ ਅਲਗਾਵ ਰਾਹੀਂ ਆਪਣੇ ਆਪ ਵਿਚ ਵਸਤੂ ਬਣ ਜਾਂਦਾ ਹੈ। ਗਲਪੀ ਪ੍ਰਵਚਨ ਭਾਵੇਂ ਵਸਤੂ-ਯਥਾਰਥ ਦਾ ਹੀ ਰੂਪ ਹੁੰਦਾ ਹੈ ਪਰ ਆਪਣੇ ਅਰਥ-ਪ੍ਰੰਬਧ ਅਤੇ ਨੇਮ-ਪ੍ਰੰਬਧ ਦੇ ਸੰਗਠਨ ਕਰਕੇ ਖ਼ੁਦਮੁਖਤਾਰ ਅਤੇ ਆਤਮ-ਨਿਰਭਰ ਪ੍ਰਵਚਨ ਬਣ ਜਾਂਦਾ ਹੈ। ਵਸਤੂ-ਯਥਾਰਥ ਦੀਆਂ ਘਟਨਾਵਾਂ ਪਾਠ ਵਿਚ ਨਿਸ਼ਚਿਤ ਕਾਰਜ ਬਣਦੇ ਹਨ, ਜਿਉਂਦੇ-ਜਾਗਦੇ ਮਨੁੱਖ ਨਾਮਜ਼ਦ ਪਾਤਰ ਬਣਦੇ ਹਨ ਅਤੇ ਇਤਫ਼ਾਕ, ਦੁਰਘਟਨਾਵਾਂ ਵਿਸ਼ੇਸ਼ ਕਿਸਮ ਦੀਆਂ ਮਨੋਰਥਪੂਰਕ ਪਾਠਗਤ ਜੁਗਤਾਂ ਬਣ ਜਾਂਦੀਆਂ ਹਨ। ਨਾਵਲੀ ਪ੍ਰਵਚਨ ਨੂੰ ਭਾਸ਼ਕ ਚਿਹਨਾਤਮਕ ਪ੍ਰੰਬਧ ਵਿਸ਼ੇਸ਼ ਪ੍ਰੰਬਧ ਵਿਚ ਢਾਲਦਾ ਹੈ, ਜੋ ਉਸਨੂੰ

ਸੁਨਿਸ਼ਚਿਤ ਰੂਪ ਪ੍ਰਦਾਨ ਕਰਦਾ ਹੈ। ਇਸ ਤਰ੍ਹਾਂ ਨਾਵਲੀ ਪ੍ਰਵਚਨ ਨੂੰ ਬਿਰਤਾਂਤਕ ਪ੍ਰਵਚਨ ਮੰਨਣਾ ਜ਼ਰੂਰੀ ਹੈ। ਕਿਉਂਕਿ ਉਸ ਵਿਚ ਪੇਸ਼ ਤੱਤਾਂ ਦਾ ਅਰਥਮਈ ਸੰਗਠਨ ਉਸਨੂੰ ਆਤਮ-ਨਿਰਭਰ ਪ੍ਰਵਚਨ ਦਾ ਰੂਪ ਪ੍ਰਦਾਨ ਕਰਦਾ ਹੈ ਜੋ ਯਥਾਰਥ ਦਾ ਸਿਰਜਣਾਤਮਕ, ਕਲਪਨਾਮਈ ਅਤੇ ਚਿਹਨਾਤਮਕ ਸਰੂਪ ਹੈ।

ਆਧੁਨਿਕ ਨਾਵਲ ਲਿਖਤ ਬਿਰਤਾਂਤ ਹੈ, ਜਿਸ ਦੀ ਸੰਚਾਰ-ਪ੍ਰਕਿਰਿਆ ਵਿਚ ਬਿਰਤਾਂਤਕਾਰ ਪਾਠਕ ਅਤੇ ਪਾਠ ਦਾ ਸੰਵਾਦੀ ਰਿਸ਼ਤਾ ਕਿਰਿਆਸ਼ੀਲ ਹੁੰਦਾ ਹੈ। ਨਾਵਲ ਇਕਹਿਰੇ ਵਿਅਕਤੀ ਨੂੰ ਮੁਖ਼ਾਤਿਬ ਨਹੀਂ ਕਰਦਾ ਹੁੰਦਾ ਅਤੇ ਆਪਣੇ ਬਿਰਤਾਂਤਕ ਵੇਰਵਿਆਂ ਰਾਹੀਂ ਪਾਠਕ ਨੂੰ ਬਹੁਪਾਸਾਰੀ ਅਤੇ ਵਿਸਤ੍ਰਿਤ ਜਾਣਕਾਰੀ ਪ੍ਰਦਾਨ ਕਰਨ ਦੀ ਕੋਸ਼ਿਸ਼ ਕਰਦਾ ਹੈ। ਉਸ ਦੀ ਹਰ ਘਟਨਾ ਤਰਕ ਅਤੇ ਵਿਚਾਰ-ਸਿਰਜਣਾ ਵਿਚ ਤਾਰਕਿਕ ਵਿਧੀ ਗਤੀਸ਼ੀਲ ਹੁੰਦੀ ਹੈ ਜੋ ਪਾਠਕ ਦੇ ਪਾਠਕੀ ਪ੍ਰਤਿਕਰਮ ਨੂੰ ਧਿਆਨ ਵਿਚ ਰੱਖਦੇ ਪਾਠ ਅਤੇ ਪ੍ਰਸੰਗ ਦੇ ਦੋ-ਪਾਸੜ ਵਿਵਹਾਰ ਨੂੰ ਧਿਆਨ ਵਿਚ ਰੱਖ ਕੇ ਸਿਰਜੀ ਜਾਂਦੀ ਹੈ। ਪਾਠਕ ਨਾਵਲ ਦੇ ਬਿਰਤਾਂਤਕ ਸੰਦੇਸ਼ ਨੂੰ ਬਿਰਤਾਂਤਕ ਤਰਕ-ਵਿਧਾਨ ਨਾਲ ਸੁਚੇਤ ਰੂਪ ਵਿਚ ਗ੍ਰਹਿਣ ਕਰਦਾ ਹੈ ਅਤੇ ਪਾਠਕ, ਪਾਠ ਅਤੇ ਬਿਰਤਾਂਤਕਾਰ ਵਿਚ ਵਿਸ਼ੇਸ਼ ਪ੍ਰਕਾਰ ਦੀ ਚਿਹਨਾਤਮਕ ਸੰਗਤੀ ਨੂੰ ਸਿਰਜਣ ਦੀ ਕੋਸ਼ਿਸ਼ ਕਰਦਾ ਹੈ। ਨਾਵਲੀ ਬਿਰਤਾਂਤ ਆਪਣੇ ਸੰਵਾਦਕ ਚਰਿੱਤਰ ਕਰਕੇ ਬਿਰਤਾਂਤਕਾਰ ਦੇ ਇਕਹਿਰੇ ਸਰੂਪ ਅਤੇ ਸਪੱਸ਼ਟ ਪਛਾਣ ਨੂੰ ਭੰਗ ਕਰ ਦਿੰਦਾ ਹੈ। ਨਾਵਲ ਵਿਚ ਬਿਰਤਾਂਤਕਾਰ ਨਿਰੰਤਰ ਬਿਰਤਾਂਤ ਵਿਚੋਂ ਗ਼ੈਰ ਹਾਜ਼ਰ ਰਹਿਣ ਪ੍ਰਤਿ ਯਤਨਸ਼ੀਲ ਰਹਿੰਦਾ ਹੈ। ਬਿਰਤਾਂਤਕਾਰ ਘਟਨਾਵਾਂ ਰਾਹੀਂ ਜਾਂ ਪਾਤਰਾਂ ਰਾਹੀਂ ਆਪਣਾ ਨਜ਼ਰੀਆ ਸਪੱਸ਼ਟ ਕਰ ਸਕਦਾ ਹੈ। ਉਸ ਵਲੋਂ ਕਹਾਣੀ ਦੀ ਚਾਲ ਨੂੰ ਰੋਕ ਕੇ ਜਾਂ ਉਂਜ ਹੀ ਚਲਦੇ-ਚਲਦੇ ਪਾਠਕ ਅਤੇ ਪਾਤਰ ਦੇ ਵਿਚਕਾਰ ਆ ਖੜਾ ਹੋਣਾ ਉਚਿਤ ਨਹੀਂ। ਜੇਕਰ ਬਿਰਤਾਂਤਕਾਰ ਅਜਿਹਾ ਕਰਦਾ ਹੈ ਤਾਂ ਨਾਵਲ ਦੀ ਕਲਾਤਮਕਤਾ ਭੰਗ ਹੁੰਦੀ ਹੈ। ਬਿਰਤਾਂਤਕ ਸਰੂਪ ਹੋਣ ਦੇ ਕਾਰਨ ਜਿੱਥੇ ਨਾਵਲ ਦੂਜੇ ਬਿਰਤਾਂਤਕ-ਰੂਪਾਕਾਰਾਂ ਨਾਲ ਵਿਸ਼ੇਸ਼ ਸਾਂਝ ਰੱਖਦਾ ਹੈ, ਉੱਥੇ ਆਪਣੀ ਰੂਪਾਕਾਰਕ ਵਿਲੱਖਣਤਾ ਵੀ ਰੱਖਦਾ ਹੈ। ਇਹ ਵਿਲੱਖਣਤਾ ਯਥਾਰਥ ਦੀ ਪ੍ਰੱਤਖਣ ਵਿਧੀ, ਵਰਤਾਰੇ ਦੇ ਸਮੁੱਚ ਨੂੰ ਗ੍ਰਹਿਣ ਕਰਨ ਦੀ ਸਮੱਰਥਾ, ਇਤਿਹਾਸਕ, ਸਭਿਆਚਾਰਕ, ਮਾਨਸਿਕ ਮੰਡਲਾਂ ਦੇ ਪ੍ਰੰਸਗ ਵਿਚ ਵਸਤੂ ਨੂੰ ਸਮਝਣ ਦੀ ਧਾਰਨਾ ਅਤੇ ਬ੍ਰਹਿਮੰਡ ਅਤੇ ਮਨੁੱਖ ਦੇ ਆਪਸੀ ਸੰਬੰਧਾਂ ਨੂੰ ਪੇਸ਼ ਕਰਨ ਦੀ ਯੋਗਤਾ ਵਿਚ ਨਿਹਿਤ ਮੰਨਿਆ ਜਾ ਸਕਦਾ ਹੈ। ਪੈਟਰੀਸ਼ਿਆ ਵਾਅ ਦੇ ਅਨੁਸਾਰ, " ਜੇਕਰ ਸਾਡਾ ਇਸ ਸੰਸਾਰ ਬਾਰੇ ਗਿਆਨ ਭਾਸ਼ਾ ਰਾਹੀਂ ਪ੍ਰੇਰਿਤ ਹੁੰਦਾ ਹੈ ਤਾਂ ਨਾਵਲ ਯਥਾਰਥ ਦੇ ਸੈਵ-ਸਿਧ ਸਿਰਜਿਤ ਸਰੂਪ ਨੂੰ ਸਿਰਜਣ ਲਈ ਮਦਦਗਾਰ ਸਾਬਤ ਹੋ ਸਕਦਾ ਹੈ।"[8]

ਨਾਵਲੀ ਪਾਠ ਚਿਹਨਾਂ ਦਾ ਪ੍ਰੰਬਧ ਹੈ। ਭਾਵੇਂ ਇਹ ਚਿਹਨ-ਪ੍ਰੰਬਧ ਆਮ ਭਾਸ਼ਾ, ਜੀਵਨ ਅਨੁਭਵ ਅਤੇ ਘਟਨਾਵਾਂ ਨੂੰ ਹੀ ਪ੍ਰਗਟ ਕਰਦੇ ਹਨ ਪਰ ਫਿਰ ਵੀ ਨਾਵਲੀ ਸੰਗਠਨ ਦੀ ਅਟੁੱਟ ਇਕਾਈ ਦਾ ਰੂਪ ਧਾਰਨ ਕਰਦੇ ਹੋਏ ਗਲਪੀ ਅਰਥਾਂ ਦਾ ਸੰਚਾਰ ਕਰਦੇ ਹਨ। ਜਿੱਥੇ ਭਾਸ਼ਕ ਪ੍ਰਵਚਨ ਵਾਕ ਦੇ ਪੱਧਰ ਤਕ ਸੀਮਿਤ ਰਹਿੰਦਾ ਹੈ ਉੱਥੇ ਨਾਵਲੀ ਪ੍ਰਵਚਨ ਵਾਕ ਤੋਂ ਅਗਲੇਰੇ ਪੱਧਰਾਂ ਤਕ ਵਿਕਾਸ ਕਰਦੇ ਹਨ। ਰੋਲਾਂ ਬਾਰਤ ਅਨੁਸਾਰ, "ਨਾਵਲੀ ਪ੍ਰਵਚਨ ਦੀਆਂ ਆਪਣੀਆਂ ਇਕਾਈਆਂ ਹੁੰਦੀਆਂ ਹਨ ਆਪਣੇ ਹੀ ਨਿਯਮ ਹੁੰਦੇ ਹਨ ਆਪਣਾ ਹੀ ਵਿਆਕਰਨ ਹੁੰਦਾ ਹੈ ਜੋ ਕਿ ਵਾਕ ਤੋਂ ਪਾਰ ਹੁੰਦਾ ਹੈ ਅਤੇ ਸਿਰਫ ਵਾਕਾਂ ਰਾਹੀਂ ਹੋਂਦਸ਼ੀਲ ਹੋਣ ਕਰਕੇ ਕੁਦਰਤੀ ਹੀ ਦੁਜੈਲੇ ਭਾਸ਼ਾ-ਵਿਗਿਆਨ ਲਈ ਵਸਤੂ ਸਿਰਜ ਲੈਂਦਾ ਹੈ।"[9]

ਨਾਵਲੀ ਬਿਰਤਾਂਤ ਨਾਵਲੀ ਅਰਥ-ਇਕਾਈਆਂ ਅਧੀਨ ਸੰਗਠਿਤ ਹੁੰਦਾ ਹੈ। ਨਾਵਲ ਵਿਚ ਭਿੰਨ-ਭਿੰਨ ਗਲਪੀ ਤੱਤਾਂ ਜਿਵੇਂ ਕਾਰਜ, ਪ੍ਰਕਾਰਜ, ਪ੍ਰਸਥਿਤੀਆਂ, ਕਿਰਦਾਰਾਂ ਦੇ ਵਿਵਹਾਰ ਦੀ ਰੂਪ-ਰੇਖਾ ਇਨ੍ਹਾਂ ਇਕਾਈਆਂ ਦੀ ਅਰਥਸ਼ੀਲਤਾ ਰਾਹੀਂ ਸੰਭਵ ਹੁੰਦੀ ਹੈ। ਇਹਨਾਂ ਬਿਰਤਾਂਤਕ ਤੱਤਾਂ ਦੇ ਭਿੰਨ-ਭਿੰਨ ਕ੍ਰਮ ਵੱਖਰੇ ਨਾਵਲੀ-ਪਾਠਾਂ ਨੂੰ ਸਿਰਜਣ ਦੀ ਯੋਗਤਾ ਰੱਖਦੇ ਹਨ ਅਤੇ ਵਿਸ਼ੇਸ਼ ਭਾਸ਼ਾ, ਸਭਿਆਚਾਰ ਅਤੇ ਸਾਹਿਤਿਕ ਖਿੱਤੇ ਦੇ ਨਾਵਲੀ-ਪਾਠ ਇਸ ਪ੍ਰਕਾਰ ਦੇ ਕ੍ਰਮਾਂ ਰਾਹੀਂ ਹੀ ਸਿਰਜੇ ਜਾਂਦੇ ਹਨ। ਇਨ੍ਹਾਂ ਕ੍ਰਮਾਂ ਦੇ ਨਿਯਮ ਹੀ ਨਾਵਲੀ ਚਿਹਨ-ਪ੍ਰਬੰਧ ਦੇ ਸਿਰਜਣਹਾਰ ਹੁੰਦੇ ਹਨ। ਜਿਨ੍ਹਾਂ ਵਿਚ ਜੁੜੇ ਚਿਹਨ ਗਲਪੀ ਵੱਥ ਦਾ ਸੰਚਾਰ ਕਰਦੇ ਹਨ। ਨਾਵਲ ਬਿਰਤਾਂਤ ਅੰਦਰ ਫੈਲੇ ਯਥਾਰਥ ਅਤੇ ਗਲਪੀ ਵਰੇਵਿਆਂ ਨੂੰ ਇਕ ਚਿਹਨਕੀ-ਪ੍ਰਬੰਧ ਵਿਚ ਢਾਲਦਾ ਹੈ ਅਤੇ ਨਾਵਲ ਵਿਚ ਆਇਆ ਹਰ ਵੇਰਵਾ, ਸ਼ਬਦ, ਸਥਿਤੀ, ਨਾਵਲ ਦੇ ਕੇਂਦਰੀ ਅਰਥ ਨਾਲ ਜੁੜਦੀ ਹੋਈ ਸਾਰਥਕਤਾ ਗ੍ਰਹਿਣ ਕਰਦੀ ਜਾਂਦੀ ਹੈ।

ਨਾਵਲੀ ਪ੍ਰਵਚਨ ਕਿਉਂਕਿ ਆਧੁਨਿਕ ਯੁਗ ਦੇ ਪ੍ਰਵਚਨਾਂ ਨੂੰ ਸਿਰਜਦਾ ਹੈ, ਇਸ ਲਈ ਇਸ ਦਾ ਅਰਥਾਂ ਦੇ ਉਤਪਾਦਨ ਵਿਚ ਪ੍ਰਾਸੰਗਿਕ ਅਤੇ ਪਾਠ-ਬਾਹਰੀਆਂ ਰੁਚੀਆਂ ਸਦਾ ਹੀ ਗਤੀਸ਼ੀਲ ਰਹਿੰਦੀਆਂ ਹਨ। ਗਲਪੀ ਅਰਥਾਂ ਦੇ ਸੰਚਾਰ ਦੀ ਪ੍ਰਕਿਰਿਆ ਵਿਚ ਨਾਵਲ ਦੀਆਂ ਰੂਪਾਕਾਰਿਤ ਮਰਯਾਦਾਵਾਂ, ਵਿਸ਼ੇਸ਼ ਲੋਕਾਂ ਦਾ ਸਭਿਆਚਾਰ, ਆਰਥਕ ਅਤੇ ਚਿਹਨਾਤਮਕ ਦਸ਼ਾ ਅਤੇ ਅਸਤਿਤਵੀ ਕੀਮਤ-ਪ੍ਰਬੰਧ ਵਿਸ਼ੇਸ਼ ਯੋਗਦਾਨ ਪਾਉਂਦੇ ਹਨ। ਇਸੇ ਕਰਕੇ ਹੀ "ਲੂਸੀਅਨ ਗੋਲਡਮਾਨ ਵਰਗਾ ਚਿੰਤਕ ਕਲਾਸਕੀ ਨਾਵਲ ਦੀ ਸੰਰਚਨਾ ਅਤੇ ਉਦਾਰ ਅਰਥ-ਵਿਵਸਥਾ ਵਿਚਲੀ ਵਟਾਂਦਰੇ ਦੀ ਸੰਰਚਨਾ ਵਿਚਕਾਰ ਅਨੁਰੂਪਤਾ ਲੱਭਣ ਦੀ ਕੋਸ਼ਿਸ਼ ਕਰਦਾ ਹੈ। ਨਾਵਲ ਉਸ ਲਈ ਪਤਿਤ ਹੋ ਚੁੱਕੇ ਜਾਂ ਮਿਆਰੋਂ ਡਿੱਗੇ ਸੰਸਾਰ ਵਿਚ ਅਜਿਹੇ ਹੀ ਨਾਇਕ ਰਾਹੀਂ ਯੋਗ ਕੀਮਤਾਂ ਦੀ ਤਲਾਸ਼ ਦੀ ਕਹਾਣੀ ਹੈ।"[10]

ਹਰ ਸਾਹਿਤਿਕ ਕਿਰਤ ਆਪਣੇ ਵੇਲੇ ਦੇ ਸਮਾਜ ਦੀ ਆਂਤਰਿਕ ਸੰਰਚਨਾ ਵਿਚੋਂ ਜਨਮ ਲੈਂਦੀ ਹੋਈ ਉਸ ਸਮਾਜਕ ਸੰਰਚਨਾ ਦੇ ਸੰਰਚਨਾ ਦੇ ਮੱਹਤਵਪੂਰਨ ਪਹਿਲੂਆਂ ਨੂੰ ਰੂਪਾਂਤਰਿਤ ਅਤੇ ਪ੍ਰਸਤੁਤ ਕਰਦੀ ਹੈ। ਹਰ ਇਕ ਮਨੁੱਖੀ ਸਿਰਜਣਾ ਆਪਣੇ-ਆਪਣੇ ਢੰਗ ਨਾਲ ਸਮਾਨਯ ਸਮਾਜਕ ਅਤੇ ਉਸਦੀ ਆਂਤਰਿਕ ਸੰਰਚਨਾ ਨਾਲ ਸੰਵਾਦ ਰਚਾਉਂਦੀ ਹੋਈ ਵਿਲੱਖਣ ਹੋਂਦ ਪ੍ਰਾਪਤ ਕਰਦੀ ਹੈ। ਨਾਵਲ ਦੇ ਬਿਰਤਾਂਤਕ ਰੂਪਾਕਾਰ ਹੋਣ ਕਰਕੇ ਨਾਵਲ ਦਾ ਵਿਗਿਆਨਕ ਅਧਿਐਨ ਕਰਨ ਲਈ ਨਾਵਲ ਵਿਚਲਾ ਬਿਰਤਾਂਤ ਉਹ ਵਿਧਾਗਤ ਜੁਗਤਾਂ ਹਨ ਜਿਹੜੀਆਂ ਨਾਵਲ ਦੇ ਅੰਤਰਗਤ ਬਿਰਤਾਂਤ ਦੇ ਵਿਲੱਖਣ ਸਰੂਪ ਦਾ ਆਧਾਰ ਬਣਦੀਆਂ ਹਨ। ਇਹਨਾਂ ਜੁਗਤਾਂ ਦੀ ਪਛਾਣ ਦੇ ਆਧਾਰ ਤੇ ਹੀ ਨਾਵਲੀ ਬਿਰਤਾਂਤ ਦੀ ਸਮੱਰਥਾ ਨੂੰ ਪਛਾਣਿਆ ਜਾ ਸਕਦਾ ਹੈ। ਹਰ ਇਕ ਬਿਰਤਾਂਤਕ ਰਚਨਾ ਬਿਰਤਾਂਤਕਾਰ, ਬਿਰਤਾਂਤਕ ਰਫ਼ਤਾਰ, ਬਿਰਤਾਂਤਕ ਤਰਤੀਬ, ਬਿਰਤਾਂਤਕ ਬਾਰੰਬਾਰਤਾ ਮੂਡ, ਬਿਰਤਾਂਤੀਕਰਨ ਦੇ ਪੱਧਰ ਆਦਿ ਤੱਤਾਂ ਦੇ ਸੰਗਠਨ ਦਾ ਸਿੱਟਾ ਹੁੰਦੀ ਹੈ।

ਨਾਵਲ ਸੰਵਾਦੀ ਵਿਧਾ ਹੋਣ ਕਰਕੇ ਬਹੁ-ਅਰਥਕ ਅਤੇ ਬਹੁ-ਪਾਸਾਰੀ ਬਿਰਤਾਂਤਕ ਪ੍ਰਵਚਨ ਨੂੰ ਹੋਂਦ ਵਿਚ ਲਿਆਉਂਦਾ ਹੈ। ਨਾਵਲੀ ਵਿਧਾ ਦੇ ਇਸ ਪ੍ਰਕਾਰਜ ਵਿਚ ਬਿਰਤਾਂਤਕਾਰ ਦਾ ਪਰਿਵਰਤਨਸ਼ੀਲ ਅਤੇ ਗਤੀਸ਼ੀਲ ਸਰੂਪ ਮਦਦਗਾਰ ਸਾਬਿਤ ਹੁੰਦਾ ਹੈ। ਮਿਖ਼ਾਇਲ ਬਾਖ਼ਤਿਨ ਅਤੇ ਜੂਲੀਆ ਕ੍ਰਿਸਤੀਵਾ ਦੋਵੇਂ ਹੀ ਨਾਵਲੀ ਚਿਹਨੀਕਰਨ ਦੀ ਪ੍ਰਕਿਰਿਆ ਨੂੰ ਸੰਵਾਦੀ ਅਤੇ ਬਹੁ-ਸੁਰੀ ਮੰਨਦੇ ਹਨ। ਇਸ ਲਈ ਨਾਵਲੀ ਚਿਹਨ-ਪ੍ਰਬੰਧ ਦਾ ਸਥਿਰ ਅਰਥ-ਬਿੰਦੂ ਨਹੀਂ ਹੁੰਦਾ ਸਗੋਂ ਉਹ ਚੁਰਾਹੇ

ਦੇ ਵਾਂਗ ਹੁੰਦਾ ਹੈ। ਇਹ ਬਹੁਤ ਸਾਰੇ ਪਾਠਾਂ ਵਿਚਕਾਰ ਸੰਵਾਦ ਹੁੰਦਾ ਹੈ ਜੋ ਲੇਖਕ, ਪਾਠ, ਪਾਠਕ ਅਤੇ ਸਮਕਾਲੀਨ ਜਾਂ ਪੂਰਵਕਾਲੀਨ ਸਭਿਆਚਾਰਕ ਪ੍ਰਸੰਗਾਂ ਵਿਚ ਵਿਦਮਾਨ ਹੁੰਦਾ ਹੈ। ਨਾਵਲ ਦੀਆਂ ਬਿਰਤਾਂਤਕ-ਜੁਗਤਾਂ ਦੇ ਸੰਦਰਭ ਵਿਚ ਕਹਾਣੀ-ਕਾਲ ਅਤੇ ਬਿਰਤਾਂਤ-ਕਾਲ ਦੇ ਆਪਸੀ ਅਨੁਪਾਤ ਨੂੰ ਵੀ ਸਮਝ ਲੈਣਾ ਜ਼ਰੂਰੀ ਹੈ। ਕਹਾਣੀ-ਕਾਲ ਵਿਚ ਘਟਨਾ ਦਾ ਅਸਲੀ ਸਮਾਂ ਹੁੰਦਾ ਹੈ ਜਦੋਂ ਕਿ ਬਿਰਤਾਂਤ-ਕਾਲ ਵਿਚ ਕਹਾਣੀ ਦੇ ਸਮੇਂ ਨੂੰ ਘਟਾ ਕੇ ਜਾਂ ਵਧਾ ਕੇ ਪੇਸ਼ ਕੀਤਾ ਜਾ ਸਕਦਾ ਹੈ। ਬਾਰੰਬਾਰਤਾ ਦੀ ਜੁਗਤ ਵਿਚ ਪੇਸ਼ ਘਟਨਾਵਾਂ ਦੇ ਦੁਹਰਾਉ ਦਾ ਪਤਾ ਲੱਗਦਾ ਹੈ। ਇਕਹਿਰ ਯੁਕਤ ਅਤੇ ਬਹੁਤਾਤਯੁਕਤ ਬਿਰਤਾਂਤ ਵਿਚ ਘਟਨਾ ਪ੍ਰਤਿ ਰਚਨਾਕਾਰ ਅਤੇ ਪਾਠਕੀ ਸਰੋਤੇ ਦਾ ਰਵੱਈਆ ਵੱਧ ਮਹੱਤਤਾ ਵਾਲਾ ਹੁੰਦਾ ਹੈ। ਇਸੇ ਕਰਕੇ ਘਟਨਾਵਾਂ ਦਾ ਦੁਹਰਾਉ ਕੀਤਾ ਜਾਂਦਾ ਹੈ।

ਨਾਵਲ ਦੀ ਬਿਰਤਾਂਤਕ ਪ੍ਰਕਿਰਿਆ ਵਿਚ ਲੇਖਕ, ਪਾਠਕ, ਪਾਠ ਦੀ ਗਤੀਸ਼ੀਲਤਾ ਦੇ ਨਾਲ-ਨਾਲ ਇਤਿਹਾਸਕ ਪ੍ਰੇਰਕਤਾ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਨਾਵਲ ਜੀਵਨ ਦੇ ਲਕੀਰੀ ਪਾਸਾਰਾਂ ਦੇ ਸਮਰੂਪੀ ਚਿਹਨ-ਪ੍ਰਬੰਧ ਦੀ ਉਸਾਰੀ ਕਰਦਾ ਹੈ, ਜਿਸ ਕਰਕੇ ਵਸਤੂਗਤ ਜੀਵਨ ਵਾਲੀਆਂ ਵਿਰੋਧਤਾਵਾਂ, ਆਰਥਕ, ਧਾਰਮਕ, ਮਾਨਸਿਕ ਅਤੇ ਸਭਿਆਚਾਰ ਪ੍ਰਕਿਰਿਆ ਦੀ ਸਿਰਜਣ ਕਰਦੀ ਹੈ। ਨਾਵਲ ਦਾ ਸੰਰਚਨਾਤਮਕ ਸਰੂਪ ਬਿਰਤਾਂਤਕ ਹੈ, ਜੋ ਵਸਤੂ ਨੂੰ ਸਮੁੱਚ ਦੇ ਰੂਪ ਵਿਚ ਗ੍ਰਹਿਣ ਕਰਨ ਲਈ ਯਤਨਸ਼ੀਲ ਹੁੰਦਾ ਹੈ। ਨਾਵਲੀ ਪ੍ਰਵਚਨ ਦਾ ਸੁਭਾ ਬੁਨਿਆਦੀ ਤੌਰ ’ਤੇ ਗਲਪੀ ਹੋਣ ਕਰਕੇ, ਨਾਵਲੀ ਚਿਹਨ-ਪ੍ਰਬੰਧ ਵਿਚ ਸਮਕਾਲੀ ਅਤੇ ਪੂਰਵਕਾਲੀਨ ਸੰਦਰਭ, ਘਟਨਾਵਾਂ, ਭਾਸ਼ਕ ਰੂਪ, ਮੁਹਾਵਰੇ, ਅਖੌਤਾਂ-ਮਿਥਾਂ, ਵਿਸ਼ਵਾਸ, ਚਰਿੱਤਰ ਆਦਿ ਹੋਂਦ, ਇਸ ਦਾ ਵਸਤੂ-ਯਥਾਰਥ ਵਰਗਾ ਅਰਥਸ਼ੀਲ ਸਰੂਪ ਨਿਰਧਾਰਿਤ ਕਰਨ ਦੀ ਕੋਸ਼ਿਸ਼ ਕਰਦਾ ਹੈ ਜੋ ਗਲਪੀ ਹੁੰਦਾ ਹੋਇਆ ਵੀ ਯਥਾਰਥ ਦਾ ਸਿਰਜਣਾ ਦੀ ਕੋਸ਼ਿਸ਼ ਕਰਦਾ ਹੈ। ਨਾਵਲ-ਪਾਠ ਦੀ ਅਸਲ ਹੋਂਦ-ਵਿਧੀ ਬਿਰਤਾਂਤਕ ਪ੍ਰਗਟਾ-ਜੁਗਤਾਂ ਅਤੇ ਅਰਥ ਸਿਰਜਣ ਦੇ ਸਹਿਯੋਗ ਰਾਹੀਂ ਸੰਭਵ ਹੁੰਦੀ ਹੈ। ਇਸ ਲਈ ਨਾਵਲੀ ਪਾਠ ਦੇ ਅਧਿਐਨ ਸਮੇਂ ਬਿਰਤਾਂਤਕ ਜੁਗਤਾਂ ਦਟ ਨਾਲ-ਨਾਲ ਅਰਥ-ਸਿਰਜਣ ਪ੍ਰਕਿਰਿਆ ਦਾ ਅਧਿਐਨ ਕਰਨਾ ਬਹੁਤ ਜ਼ਰੂਰੀ ਹੈ ਤਾਂ ਕਿ ਨਾਵਲ ਦੇ ਪ੍ਰਗਟਾਮੂਲਕ ਅਤੇ ਅਰਥਮੂਲਕ ਸੰਦਰਭਾਂ ਨੂੰ ਸਮਝ ਕੇ ਵੀ ਬਿਰਤਾਂਤ ਸ਼ਾਸਤਰੀ ਅਧਿਐਨ ਵਿਧੀ ਵਿਕਸਿਤ ਕੀਤੀ ਜਾ ਸਕੇ।

## ਬਿਰਤਾਂਤ ਸ਼ਾਸਤਰੀ ਸਾਹਿਤ ਅਧਿਐਨ ਵਿਧੀ :-

ਬਿਰਤਾਂਤ ਸ਼ਾਸਤਰ ਅਜਿਹੀ ਸਾਹਿਤ ਅਧਿਐਨ ਵਿਧੀ ਹੈ ਜੋ ਬਿਰਤਾਂਤ ਦੇ ਪਿੱਛੇ ਕਰਾਜਸ਼ੀਲ ਸਿਰਜਣਾਤਮਕ ਜੁਗਤਾਂ-ਨਿਯਮਾਂ ਦੀ ਤਲਾਸ਼ ਕਰਕੇ ਉਹਨਾਂ ਦੇ ਹੋਂਦ ਵਿਧੀ ਦੇ ਪ੍ਰਸ਼ਨ ਨਾਲ ਜੁੜਦੀ ਹੈ। ਹਰ ਬਿਰਤਾਂਤਕ ਕਿਰਤ ਦੀ ਆਪਣੀ ਨਿਵੇਕਲੀ ਤੇ ਅੱਡਰੀ ਹੋਂਦ ਹੈ ਕਿਸ ਕਾਰਨ ਇਹ ਕਿਸੇ ਵੀ ਦੂਜੀ ਕਿਰਤ ਨਾਲੋਂ ਵੱਖਰੇ ਅਰਥਾਂ ਦਾ ਸੰਚਾਰ ਕਰਦੀ ਹੈ। ਵਿਭਿੰਨ ਬਿਰਤਾਂਤਕ ਕਿਰਤਾਂ ਵਿਚ ਜੁਗਤਾਂ ਦੇ ਪੈਟਰਨ ਹਮੇਸ਼ਾ ਯੁਗ-ਸਾਪੇਖ ਹੁੰਦੇ ਹਨ। ਕਿਸੇ ਖ਼ਾਸ ਯੁਗ ਵਿਚ ਵਿਕਸਿਤ ਚੇਤਨਾ ਆਪਣੇ ਅਨੁਰੂਪ ਹੀ ਸਾਹਿਤਿਕ ਰੂਪਾਕਾਰਾਂ ਨੂੰ ਸਿਰਜੇ ਜਾਣ ਲਈ ਆਧਾਰ ਪ੍ਰਦਾਨ ਕਰਦੀ ਹੈ। ਇਸ ਪ੍ਰਕਾਰ ਵਿਭਿੰਨ ਬਿਰਤਾਂਤਕ-ਕਿਰਤਾਂ ਵਿਚ ਜੁਗਤਾਂ ਦੀ ਤਲਾਸ਼ ਉਸ ਕਿਰਤ ਦੀ ਹੋਂਦ-ਵਿਧੀ ਦੇ ਮਸਲੇ ਨੂੰ ਨਜਿੱਠਣ ਦੇ ਨਾਲ ਉਸ

ਨਾਲ ਉਸ ਵਿਚੋਂ ਰੂਪਾਇਤ ਹੁੰਦੇ ਯੁਗ-ਬੋਧ ਦੇ ਮੁਹਾਂਦਰੇ ਨੂੰ ਵੀ ਸਪੱਸ਼ਟ ਕਰਦੀ ਹੈ। ਕਿਸੇ ਵੀ ਬਿਰਤਾਂਤਕ-ਪਾਠ ਦੇ ਅਧਿਐਨ ਲਈ ਉਸ ਨੂੰ ਕਹਾਣੀ, ਬਿਰਤਾਂਤ ਅਤੇ ਬਿਰਤਾਂਤੀਕਰਨ ਤਿੰਨ ਪਰਤਾਂ ਵਿਚ ਵੰਡ ਕੇ ਸਮਝਿਆ ਜਾ ਸਕਦਾ ਹੈ। ਬਿਰਤਾਂਤ ਸ਼ਾਸਤਰ ਦਾ ਸਮੁੱਚਾ ਮਾਡਲ ਇਨ੍ਹਾਂ ਤਿੰਨ ਪੱਧਰਾਂ ਦੀ ਸਮੱਗਰੀ ਦੇ ਨਿਰਧਾਰਨ ਅਤੇ ਇਸ ਵਿਚਲੇ ਵਖਰੇਵੇਂ ਤੇ ਆਪਸੀ ਅੰਤਰ-ਸੰਬੰਧਤਾ ਦੇ ਪ੍ਰਸ਼ਨ ਨਾਲ ਹੀ ਜੂਝਦਾ ਹੈ, ਕਿਉਂਕਿ ਇਸਦੇ ਸੰਦਰਭ ਵਿਚ ਹੀ ਬਿਰਤਾਂਤਕ ਪਾਠਾਂ ਦੀ ਬਿਰਤਾਂਤਕ-ਸਾਰਥਕਤਾ ਨੂੰ ਪ੍ਰਸਤੁਤ ਕਰਦੇ ਹੋਏ ਸਹੀ ਵਿਸ਼ਲੇਸ਼ਣਾਤਮਕ ਨਤੀਜਿਆਂ ਉੱਤੇ ਪਹੁੰਚਿਆ ਜਾ ਸਕਦਾ ਹੈ। ਕਹਾਣੀ ਦੀ ਸੰਰਚਨਾ ਵਿਚ ਦੋ ਤਰ੍ਹਾਂ ਦੇ ਤੱਤ ਵਿਦਮਾਨ ਹੁੰਦੇ ਹਨ, ਸਥਿਰ ਤੱਤ ਵਸਤ ਅਤੇ ਬਦਲਣਸ਼ੀਲ ਤੱਤ ਪ੍ਰਕਿਰਿਆ। ਪ੍ਰਕਿਰਿਆ ਘਟਨਾਵਾਂ ਵਿਚ ਵਪਾਰਨ ਵਾਲੀ ਤਬਦੀਲੀ ਹੁੰਦੀ ਹੈ। ਇਕ ਸਥਿਤੀ ਤੋਂ ਦੂਜੀ ਸਥਿਤੀ ਤਕ ਪਰਿਵਰਤਨ ਨੂੰ ਘਟਨਾ ਕਿਹਾ ਜਾਂਦਾ ਹੈ ਜੋ ਕਹਾਣੀ ਦਾ ਮਹੱਤਵਪੂਰਨ ਤੱਤ ਹੈ। ਬਿਰਤਾਂਤ ਵਿਚ ਕਹਾਣੀ ਦੀ ਵਿਸ਼ੇਸ਼ ਰੂਪ ਵਿਚ ਪੇਸ਼ਕਾਰੀ ਕੀਤੀ ਜਾਂਦੀ ਹੈ। ਬਿਰਤਾਂਤ ਵਿਚ ਘਟਨਾਵਾਂ ਦੀ ਤਰਤੀਬ ਕਾਲਕ੍ਰਮਿਕ ਨਾ ਹੋ ਕੇ ਮਸਨੂਈ ਹੁੰਦੀ ਹੈ। ਬਿਰਤਾਂਤੀਕਰਨ, ਬਿਰਤਾਂਤਣ ਦਾ ਕਾਰਜ ਹੁੰਦਾ ਹੈ। ਇਸ ਵਿਚ ਬਿਰਤਾਂਤ-ਵਕਤਾ ਅਤੇ ਬਿਰਤਾਂਤ-ਸਰੋਤਾ ਦੋ ਧਿਰਾਂ ਦੀ ਹੋਂਦ ਹੁੰਦੀ ਹੈ। ਬਿਰਤਾਂਤ-ਵਕਤਾ ਦਟ ਦ੍ਰਿਸ਼ਟੀਕੋਣ ਤੋਂ ਹੀ ਬਿਰਤਾਂਤਕ ਅਮਲ ਨੇਪਰੇ ਚੜ੍ਹਦਾ ਹੈ। ਬਿਰਤਾਂਤ ਕਹਾਣੀ ਨੂੰ ਖ਼ਾਸ ਰੂਪ ਵਿਚ ਪੇਸ਼ ਕਰਦਾ ਹੈ ਉੱਤੇ ਬਿਰਤਾਂਤੀਕਰਨ ਵਿਚ ਇਕ ਏਜੈਂਟ ਇਸ ਪੇਸ਼ਕਾਰੀ ਨੂੰ ਪੇਸ਼ ਕਰਦਾ ਹੈ। ਗਾਲਪਨਿਕ ਬਿਰਤਾਂਤ ਦੇ ਇਨ੍ਹਾਂ ਤਿੰਨ ਪੱਖਾਂ ਵਿਚੋਂ ਸਾਡੇ ਕੋਲ ਕੇਵਲ ਬਿਰਤਾਂਤ ਹੀ ਮੌਜੂਦ ਹੁੰਦਾ ਹੈ। ਇਸ ਬਿਰਤਾਂਤ ਰਾਹੀਂ ਹੀ ਅਸੀਂ ਕਹਾਣੀ ਅਤੇ ਬਿਰਤਾਂਤੀਕਰਨ ਦੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਾਂ। ਕਹਾਣੀ ਦੇ ਬਿਰਤਾਂਤਣ ਸਮੇਂ ਅਤੇ ਉਸਦੇ ਵਾਪਰਨ ਸਮੇਂ ਨੂੰ ਬਿਰਤਾਂਤ ਸਾਸਤਰੀਆਂ ਨੇ ਕਾਲ ਦੇ ਸੰਦਰਭ ਵਿਚ ਵਿਚਾਰਿਆ ਹੈ। ਕਾਲ ਦੇ ਸੰਕਲਪ ਅਧੀਨ ਤਰਤੀਬ, ਮਿਆਦ ਅਤੇ ਬਾਰੰਬਾਰਤਾ ਦਾ ਜ਼ਿਕਰ ਕੀਤਾ ਜਾਂਦਾ ਹੈ।

ਤਰਤੀਬ ਵਿਚ ਕਹਾਣੀ-ਕਾਲ ਅਤੇ ਬਿਰਤਾਂਤ-ਕਾਲ ਨੂੰ ਤਰਤੀਬ ਦੇ ਪੱਖੋਂ ਤੁਲਨਾਇਆ ਜਾਂਦਾ ਹੈ, ਕਿਉਂਕਿ ਕਹਾਣੀ-ਕਾਲ ਅਤੇ ਬਿਰਤਾਂਤ-ਕਾਲ ਵਿਚ ਅਸਾਵਾਂਪਣ ਹੁੰਦਾ ਹੈ। ਇਸੇ ਕਾਰਨ ਹੀ ਬਿਰਤਾਂਤ ਦਾ ਸਮਾਂ ਦੋਹਰਾ ਹੁੰਦਾ ਹੈ ਕਿਉਂਕਿ ਇਸ ਵਿਚ ਇਕ ਸਮਾਂ ਕਥਾ ਦਾ ਹੁੰਦਾ ਹੈ ਤੇ ਦੂਜਾ ਇਸਨੂੰ ਪੇਸ਼ ਕਰਦੇ ਪਾਠ ਦਾ ਭਾਵ ਚਿਹਨਿਤ ਅਤੇ ਚਿਹਨਕ ਦਾ ਸਮਾਂ ਹੁੰਦਾ ਹੈ। ਘਟਨਾਵਾਂ ਕਥਾ ਦਾ ਜ਼ਰੂਰੀ ਤੱਤ ਹਨ ਅਤੇ ਕਥਾ ਵਿਚ ਇਨ੍ਹਾਂ ਦੀ ਵਿਉਂਤ ਕਾਲਕ੍ਰਮਿਕ ਹੁੰਦੀ ਹੈ ਜਦ ਕਿ ਪਾਠ ਵਿਚ ਮਸੂਨਈ-ਵਿਉਂਤ ਨੂੰ ਪਛਾਇਆ ਜਾ ਸਕਦਾ ਹੈ। ਕਥਾ ਵਿਚ ਘਟਨਾਵਾਂ ਦਾ ਕਾਲਕ੍ਰਮ ਹੁੰਦਾ ਹੈ ਜਦਕਿ ਪਾਠ ਵਿਚ ਕਾਲਕ੍ਰਮ ਭੰਜਨ ਹੁੰਦਾ ਹੈ ਕਿਉਂਕਿ ਇਸ ਵਿਚ ਕੁਝ ਸੂਚਨਾ ਘਟਨਾ ਵਾਪਰਨ ਤੋਂ ਪਹਿਲਾਂ ਅਤੇ ਕੁਝ ਘਟਨਾ ਵਾਪਰਨ ਤੋਂ ਬਾਅ ਵਿਚ ਦਿੱਤੀ  ਜਾਂਦੀ ਹੈ। ਕਾਲਕ੍ਰਮ-ਭੰਜਨ ਦਾ ਭੂਤ ਜਾਂ ਭਵਿੱਖ ਵਿਚ ਜਾਣਾ ਪਹੁੰਚ ਹੈ। ਭੂਤ ਜਾਂ ਭਵਿੱਖ ਵਿਚ ਜਾ ਕੇ ਕਹਾਣੀ ਦੀ ਕਿੰਨੀ ਮਿਆਦ ਪੂਰੀ ਕੀਤੀ ਜਾਂਦੀ ਹੈ। ਪੇਸ਼ਕਾਰੀ ਦੇ ਵਰਤਮਾਨ ਸਮੇਂ ਤੋਂ ਪਹਿਲਾਂ ਵਾਪਰੀ ਘਟਨਾ ਨੂੰ ਪਿੱਛਲਝਾਤ/ਪੂਰਵ-ਪ੍ਰਸਤੁਤੀ ਅਤੇ ਪੇਸ਼ਕਾਰੀ ਦੇ ਵਰਤਮਾਨ ਸਮੇਂ ਤੋਂ ਬਾਦ ਵਿਚ ਵਾਪਰੀ ਘਟਨਾ ਨੂੰ ਉੱਤਰਵਰਤੀ ਝਾਤ/ ਉੱਤਰੀ ਪ੍ਰਸਤੁਤੀ ਕਿਹਾ ਜਾਂਦਾ ਹੈ।

ਬਿਰਤਾਂਤ ਦੇ ਕਾਲ ਨਾਲ ਸੰਬੰਧਿਤ ਦੂਜਾ ਮੁੱਖ ਸੰਕਲਪ ਮਿਆਦ, ਕਹਾਣੀ-ਕਾਲ ਅਤੇ ਬਿਰਤਾਂਤ-ਕਾਲ ਦੀ ਮਿਆਦ ਨੂੰ ਤੁਲਨਾਉਣ ਨਾਲ ਸਮਝਿਆ ਜਾ ਸਕਦਾ ਹੈ। ਕਹਾਣੀ ਦੀ ਮਿਆਦ ਉਹ ਹੀ ਹੈ ਜੋ ਘਟਨਾਵਾਂ ਵਾਪਰਨ ਦੀ ਹੁੰਦੀ ਹੈ ਜੋ ਕਿ ਮਿੰਟਾਂ ਤੋਂ ਲੈ ਕੇ ਯੁਗਾਂ ਤਕ ਹੋ ਸਕਦੀ ਹੈ ਪਰ ਬਿਰਤਾਂਤ ਵਿਚ ਇਹ ਮਿਆਦ ਇਨ੍ਹਾਂ ਘਟਨਾਵਾਂ ਦੀ ਪੇਸ਼ਕਾਰੀ ਦੇ ਆਧਾਰ ਉੱਤੇ ਹੁੰਦੀ ਹੈ। ਬਿਰਤਾਂਤ ਵਿਚ ਕਹਾਣੀ ਦੇ ਬਹੁਤ ਲੰਮੇ ਅਰਸੇ ਨੂੰ ਕੁਝ ਲਾਈਨਾਂ ਵਿਚ ਜਾਂ ਬਹੁਤ ਛੋਟੇ ਸਮੇਂ ਨੂੰ ਲੰਮੇ ਅਰਸੇ ਵਿਚ ਪੇਸ਼ ਕੀਤਾ ਜਾਂਦਾ ਹੈ। ਤੋਦੋਰੋਵ ਤੇ ਜੈਨੇ ਨੇ ਚਾਰ ਅਤੇ ਮੀਕਬਲ ਨੇ ਪੰਜ ਬਿਰਤਾਂਤ-ਰਫ਼ਤਾਰਾਂ ਦੀ ਪਛਾਣ ਕੀਤੀ ਹੈ। ਬਾਰੰਬਾਰਤਾ ਕਾਲ ਨਾਲ ਸੰਬੰਧਿਤ ਤੀਜਾ ਮੁੱਖ ਸੰਕਲਪ ਹੈ। ਇਸ ਅਧੀਨ ਕਹਾਣੀ ਵਿਚ ਘਟਨਾ ਵਾਪਰਨ ਅਤੇ ਉਸ ਦੀ ਬਿਰਤਾਂਤਕ ਪੇਸ਼ਕਾਰੀ ਦੀ ਗਿਣਤੀ ਪੱਖੋਂ ਤੁਲਨਾ ਕੀਤੀ ਜਾਂਦੀ ਹੈ। ਬਾਰੰਬਾਰਤਾ ਦੀਆਂ ਤੋਦੋਰੋਵ ਤਿੰਨ, ਜੈਨੇ ਚਾਰ ਅਤੇ ਮੀਕਬਲ ਪੰਜ ਸੰਭਾਵਨਾਵਾਂ ਦਾ ਜ਼ਿਕਰ ਕਰਦੀ ਹੈ।

ਕਾਲ ਨਾਲ ਸੰਬੰਧਿਤ ਤਿੰਨ ਪੱਖਾਂ ਤੋਂ ਇਲਾਵਾ ਬਿਰਤਾਂਤ ਸ਼ਾਸਤਰੀ ਅਧਿਐਨ ਵਿਧੀ ਵਿਚ ਬਿਰਤਾਂਤਕ ਮੂਡ ਦਾ ਅਧਿਐਨ ਵੀ ਕੀਤਾ ਜਾਂਦਾ ਹੈ। ਮੂਡ ਦਾ ਵਿਆਕਰਣਿਕ ਅਰਥ ਅਧਿਐਨ ਅਧੀਨ ਕਿਰਤ ਵਸਤੂ ਨੂੰ ਦ੍ਰਿੜਾਉਣ ਲਈ ਵੱਖਰੀਆਂ-ਵੱਖਰੀਆਂ ਕਿਰਿਆਵਾਂ ਨੂੰ ਦਿੱਤੇ ਨਾਵਾਂ ਇਹ ਵੱਖਰੇ-ਵੱਖਰੇ ਦ੍ਰਿਸ਼ਟੀਕੋਣਾਂ ਤੋਂ ਜ਼ਿੰਦਗੀ ਜਾਂ ਕਿਸੇ ਕਿਰਿਆ ਨੂੰ ਦੇਖਣਾ ਅਤੇ ਪ੍ਰਗਟਾਉਣਾ ਹੈ। ਮੂਡ ਵਿਚ ਦ੍ਰਿਸ਼ਟੀਕੋਣਾਂ, ਪਰਿਪੇਖ ਅਤੇ ਫੋਕਸੀਕਰਨ ਦਾ ਅਧਿਐਨ ਕੀਤਾ ਜਾਂਦਾ ਹੈ। ਕੋਈ ਬਿਰਤਾਂਤ ਵੱਧ ਦੱਸਦਾ ਹੈ ਅਤੇ ਕੋਈ ਘੱਟ, ਇਹ ਬਿਰਤਾਂਤਕ ਪੇਸ਼ਕਾਰੀ ਦੀ ਮਾਤਰਾ ਹੁੰਦੀ ਹੈ। ਫ਼ਾਸਲਾ ਅਤੇ ਪਰਿਪੇਖ ਬਿਰਤਾਂਤਕ ਸੂਚਨਾ ਦੀਆਂ ਦੋ ਸੰਭਾਵਨਾਵਾਂ ਹਨ। ਫ਼ਾਸਲੇ ਦਾ ਅਰਥ ਬਿਰਤਾਂਤ ਵਕਤੇ/ਪਾਤਰ ਦੇ ਆਪਸੀ ਸੰਬੰਧਾਂ ਦੀ ਦੂਰੀ ਜਾਂ ਨੇੜਤਾ ਤੋਂ ਹੈ। ਵਕਤੇ ਅਤ ਸਰੋਤੇ ਦੇ ਇਨ੍ਹਾਂ ਆਪਸੀ ਸੰਬੰਧਾਂ ਦੇ ਆਧਾਰ ਤੇ ਜੈਨੇ ਅਸਲੀ ਬਿਰਤਾਂਤ ਅਤੇ ਨਕਲੀ ਬਿਰਤਾਂਤ ਵਿਚ ਅੰਤਰ ਥਾਪਦਾ ਹੈ। ਅਸਲੀ ਬਿਰਤਾਂਤ ਵਿਚ ਲੇਖਕ ਆਪ ਵਿਚ ਵਕਤਾ ਹੈ ਜਦਕਿ ਨਕਲੀ ਬਿਰਤਾਂਤ ਵਿਚ ਬੋਲਣ ਦਾ ਕਾਰਜ ਪਾਤਰ ਕਰਦਾ ਹੈ।

ਬਿਰਤਾਂਤ ਸ਼ਾਸਤਰੀ ਮਾਡਲ ਬਿਰਤਾਂਤ ਦਾ ਸਮਾਨਯ ਮਾਡਲ ਪੇਸ਼ ਕਰਦਾ ਹੈ। ਇਹ ਮਾਡਲ ਸਾਹਿਤ-ਪਾਠ ਨੂੰ ਖ਼ੁਦਮੁਖ਼ਤਾਰ ਪ੍ਰਮੁੱਖ ਮੰਨਦਾ ਹੈ ਅਤੇ ਇਹ ਅਧਿਐਨ ਮਾਡਲ ਕਿਸੇ ਸਾਹਿਤਿਕ-ਪਾਠ-ਵਿਸ਼ੇਸ਼ ਦੇ ਪਾਠ ਵਿਚ ਲੁਪਤ ਜੁਗਤਾਂ ਦੀ ਤਲਾਸ਼ ਤਾਂ ਕਰਦਾ ਹੈ। ਸਮਕਾਲੀ ਬਿਰਤਾਂਤ ਸ਼ਾਸਤਰੀ ਸੰਦਰਭ ਵਿਚ ਸੰਰਚਨਾਵਾਦੀਆਂ ਨੇ ਸੰਰਚਨਾ ਨੂੰ ਇਕ ਮੈਟਾਫਰ ਦੇ ਰੂਪ ਵਿਚ ਪਹਿਚਾਣਿਆ ਜਾਂਦਾ ਹੈ ਤਾਂ ਜੋ ਬਿਰਤਾਂਤਕ ਅਰਥਾਂ ਨੂੰ ਸਥਿਰਤਾ ਪ੍ਰਦਾਨ ਕੀਤੀ ਜਾ ਸਕੇ। ਕਹਾਣੀ ਅਤੇ ਪ੍ਰਵਚਨ ਦੇ ਸੰਬੰਧਾਂ ਦੀ ਬਜਾਇ ਕਹਾਣੀ ਅਤੇ ਪਰਿਸਥਿਤੀਆਂ ਦੇ ਆਪਸੀ ਸੰਬੰਧਾਂ ਨੂੰ ਪ੍ਰਮੁੱਖਤਾ ਹਾਸਿਲ ਹੋਈ ਹੈ। ਸੰਰਚਨਾਵਾਦੀ ਚਿੰਤਕਾਂ ਦੇ ਨਾਲ-ਨਾਲ ਮਾਰਕਸਵਾਦੀ ਚਿੰਤਕਾਂ ਨੇ ਵੀ ਇਸ ਖੇਤਰ ਵਿਚ ਅਹਿਮ ਯੋਗਦਾਨ ਪਾਇਆ ਹੈ।

## ਬਲਦੇਵ ਸਿੰਘ ਦੇ ਨਾਵਲਾਂ ਦਾ ਬਿਰਤਾਂਤ ਸ਼ਾਸਤਰੀ ਅਧਿਐਨ :-

ਨਾਵਲ ਇਤਿਹਾਸ ਉੱਤੇ ਝਾਤ ਮਾਰਿਆਂ ਪਤਾ ਲੱਗਦਾ ਹੈ ਕਿ 1960 ਤੋਂ ਪਹਿਲਾਂ ਦੇ ਨਾਵਲ ਵਿੱਚ ਸਿੱਖ ਸਿਧਾਂਤ ਆਦਰਸ਼ਵਾਦੀ ਕੀਮਤਾਂ ਜਾਂ ਸਮਾਜਵਾਦੀ ਵਿਸ਼ੇ ਪ੍ਰਧਾਨ ਰਹੇ ਹਨ। ਜਿਹੜੇ ਨਾਇਕ ਸਿਰਜਨ ਦੀ ਵਿਧੀ ਰਾਹੀਂ ਆਪਣਾ ਸੁਖਾਂਤ ਭਾਵੀ ਗਲਪ ਸੰਗਠਨ ਅਖਤਿਆਰ ਕਰਦੇ ਹਨ। ਇਹ ਨਾਇਕ ਸਾਡੀਆਂ ਸਮਾਜਕ ਸਭਿਆਚਾਰਕ ਕਦਰਾਂ ਕੀਮਤਾਂ ਵਿੱਚ ਪੈਦਾ ਹੋਏ ਨਿਘਾਰ ਅਤੇ ਜਟਿਲਤਾ ਨੂੰ ਤੋੜਨ ਲਈ ਉਨ੍ਹਾਂ ਮੁੱਲਾਂ, ਵਿਚਾਰਾਂ ਅਤੇ ਵਿਹਾਰਾਂ ਦਾ ਗਲਪੀ ਵਿਵੇਕ ਸਿਰਜਦੇ ਹਨ ਜਿਹੜੇ ਸਾਡੇ ਲੋਕ ਵੇਦ, ਲੋਕ ਦਰਸ਼ਨ ਅਤੇ ਲੋਕ ਪੱਖੀ ਪ੍ਰੰਪਰਾ ਦੀ ਨਰੋਈ ਮੁੱਲਵਾਨ ਵਿਰਾਸਤ ਵਜੋਂ ਲਗਾਤਾਰ ਪ੍ਰਵਾਹਵਾਨ ਅਤੇ ਪ੍ਰਕਾਸ਼ਵਾਨ ਰਹੇ ਹਨ। ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ 1990 ਤੋਂ ਬਾਅਦ ਪੰਜਾਬੀ ਨਾਵਲ ਨਾਇਕ ਪ੍ਰਧਾਨ ਨਾਵਲ ਸਿਰਜਨ ਵੱਲ ਰੁਚਿਤ ਹੋਇਆ ਹੈ। ਇਹ ਨਾਇਕ ਸ਼ੁੱਧ ਕਾਲਪਨਿਕ ਹੋਣ ਦੀ ਥਾਂ ਸਾਡੇ ਇਤਿਹਾਸ ਦਾ ਅਜਿਹਾ ਜਾਗਰੂਕ, ਜੁਝਾਰੂ ਅਤੇ ਜਾਂਬਾਜ਼ ਸੂਰਮਾ ਹੋਇਆ ਹੈ ਜਿਸ ਨੂੰ ਇਤਿਹਾਸ ਨੇ ਅਣਗੋਲਿਆ ਕੀਤਾ ਹੈ। ਪੰਜਾਬੀ ਵਿਚ ਇਸ ਕਿਸਮ ਦਾ ਪਹਿਲਾ ਨਾਵਲ ਕੁਲਦੀਪ ਭਟਨਾਗਰ ਨੇ 'ਬੰਦਾ ਬਹਾਦਰ' (2002) ਲਿਖਕੇ ਸ਼ੁਰੂਆਤ ਕੀਤੀ। ਬਲਦੇਵ ਸਿੰਘ ਨੇ ਇਸ ਕਿਸਮ ਦੇ ਨਾਵਲਾਂ ਵਿਚ 'ਪੰਜਵਾਂ ਸਾਹਿਬਜ਼ਾਦਾ', 'ਸਤਲੁਜ ਵਹਿੰਦਾ ਰਿਹਾ', 'ਢਾਹਵਾਂ ਦਿੱਲੀ ਦੇ ਕਿੰਗਰੇ', 'ਮਹਾਂਬਲੀ ਸੂਰਾ' ਅਤੇ 'ਮੈਂ ਪਾਕਿਸਤਾਨ ਨਹੀਂ ਜਾਣਾ' ਲਿਖ ਕੇ ਨਾਵਲ ਸਾਹਿਤ ਦੇ ਖੇਤਰ ਵਿਚ ਵਾਧਾ ਕੀਤਾ ਹੈ।

ਬਿਰਤਾਂਤ ਦਾ ਵਿਗਿਆਨ ਅਧਿਐਨ ਹੀ ਬਿਰਤਾਂਤ-ਸ਼ਾਸਤਰ ਹੈ। ਇਸ ਦਾ ਉਦੇਸ਼ ਬਿਰਤਾਂਤਕ-ਪਾਠਾਂ ਦੇ ਨਿਯਮ-ਪ੍ਰਬੰਧ ਅਤੇ ਅਰਥ-ਸੰਚਾਰ ਪ੍ਰਕਿਰਿਆ ਨੂੰ ਸਮੁੱਚ ਦੇ ਰੂਪ ਵਿਚ ਪੇਸ਼ ਕਰਨਾ ਹੈ। ਬਿਰਤਾਂਤ ਸ਼ਾਸਤਰੀ ਅਧਿਐਨ ਮਾਡਲ ਬਿਰਤਾਂਤਕ-ਕਿਰਤਾਂ ਨੂੰ ਉਨ੍ਹਾਂ ਦੀ ਰੂਪਾਕਾਰ ਪ੍ਰੇਰਿਕਤਾ ਦੇ ਅੰਤਰਗਤ ਗ੍ਰਹਿਣ ਕਰਦੇ ਹੋਏ ਉਨ੍ਹਾਂ ਦੀ ਹੋਂਦ ਵਿਧੀ ਦੇ ਬੁਨਿਆਦੀ ਪ੍ਰਸ਼ਨ ਨਾਲ ਜੂਝਦਾ ਹੈ। ਜਿੱਥੇ ਪ੍ਰੰਪਰਾਗਤ ਸਾਹਿਤ-ਸਮੀਖਿਆ ਸਾਹਿਤ ਦੇ ਸਮੁੱਚੇ ਸੰਕਲਪਾਂ ਨੂੰ ਸਲਝਣ ਲਈ ਉਸਾਰਿਆ ਗਿਆ ਸਿਧਾਂਤਿਕ ਚੌਖਟਾ ਹੀ ਬਿਰਤਾਂਤਕ ਰਚਨਾਵਾਂ ਉੱਪਰ ਲਾਗੂ ਕਰਦੀ ਹੈ ਉੱਥੇ ਬਿਰਤਾਂਤ ਸ਼ਾਸਤਰ ਬਿਰਤਾਂਤਕ ਰੂਪਾਕਾਰਾਂ ਦੀ ਵਿਲੱਖਣਤਾ ਨੂੰ ਸਮਝਦੇ ਹੋਏ ਇਸਦੇ ਨਿਯਮ ਪ੍ਰਬੰਧ ਨੂੰ ਤਲਾਸ਼ਣ ਲਈ ਯਤਨਸ਼ੀਲ ਹੈ।

ਰੂਸੀ ਰੂਪਵਾਦੀ ਚਿੰਤਕ ਵਲਾਦੀਮੀਰ ਪਰਾਪ ਨੇ ਆਪਣੀ ਪੁਸਤਕ ਵਿਚ ਸੌ ਪਰੀ ਕਹਾਣੀਆਂ ਦਾ ਅਧਿਐਨ ਕੀਤਾ ਹੈ। ਇਸ ਅਧਿਐਨ ਵਿਚ ਪਰਾਪ ਨੇ ਦੋ ਤਰ੍ਹਾਂ ਦੇ ਤੱਤਾਂ ਨੂੰ ਪੇਸ਼ ਕੀਤਾ ਹੈ। ਇਕ ਸਥਿਰ ਤੱਤ ਅਤੇ ਦੂਜੇ ਬਦਲਣਸ਼ੀਲ ਤੱਤ। ਉਸ ਅਨੁਸਾਰ ਕਥਾ ਵਿਚ ਪਾਤਰਾਂ ਦੇ ਨਾ ਤਾਂ ਕਾਰਜ ਬਦਲਦੇ ਹਨ ਨਾ ਹੀ ਪ੍ਰਕਾਰਜ, ਸਿਰਫ਼ ਨਾਮ ਤੇ ਗੁਣ ਹੀ ਬਦਲਦੇ ਹਨ। ਉਸ ਕਾਰਜ ਨੂੰ ਹੀ ਪ੍ਰਕਾਰਜ ਕਿਹਾ ਜਾਂਦਾ ਹੈ ਜੋ ਬਿਰਤਾਂਤ ਦੇ ਵਿਕਾਸ ਵਿਚ ਹਿੱਸਾ ਪਾਉਂਦਾ ਹੈ। ਪਰਾਪ ਅਨੁਸਾਰ ਇਹਨਾਂ ਪ੍ਰਕਾਰਜਾਂ ਦੀ ਗਿਣਤੀ ਇੱਕਤੀ ਹੈ। ਇਨ੍ਹਾਂ ਪ੍ਰਕਾਰਜਾਂ ਨੂੰ ਆਧਾਰ ਬਣਾਕੇ ਪਰਾਪ ਨੇ ਪਾਤਰਾਂ ਨੂੰ ਸੱਤ ਕਿਸਮਾਂ ਵਿਚ ਵੰਡਿਆ ਹੈ।

1. ਖਲਨਾਇਕ ਦਾ ਕਾਰਜ-ਖੇਤਰ

2. ਰਵਾਨਾ ਕਰਨ ਵਾਲਾ ਦਾ ਕਾਰਜ-ਖੇਤਰ
3. ਮਦਦਗਾਰ ਦਾ ਕਾਰਜ-ਖੇਤਰ
4. ਇਨਾਮ
5. ਦਾਨੀ ਦਾ ਕਾਰਜ-ਖੇਤਰ
6. ਨਾਇਕ ਦਾ ਕਾਰਜ-ਖੇਤਰ
7. ਨਕਲੀ ਨਾਇਕ ਦਾ ਕਾਰਜ-ਖੇਤਰ

'ਮਹਾਂਬਲੀ ਸੂਰਾ' ਬਲਦੇਵ ਸਿੰਘ ਦਾ ਇਤਿਹਾਸਿਕ ਨਾਵਲ ਹੈ। ਇਹ ਨਾਵਲ ਬਾਬਾ ਬੰਦਾ ਸਿੰਘ ਬਹਾਦਰ ਦੇ ਜੀਵਨ ਨੂੰ ਆਧਾਰ ਬਣਾ ਕੇ ਲਿਖਿਆ ਗਿਆ ਹੈ। ਇਸ ਨਾਵਲ ਵਿਚ ਬੰਦਾ ਸਿੰਘ ਬਹਾਦਰ ਦੇ ਬਚਪਨ ਤੋਂ ਲੈ ਕੇ ਅੰਤ ਤੱਕ ਜੀਵਨ ਦਾ ਬਿਰਤਾਂਤ ਨੂੰ ਪੇਸ਼ ਕੀਤਾ ਹੈ। ਮਤਰੇਏ ਵਿਹਾਰ ਤੋਂ ਪੀੜਤ ਬਾਲਕ ਨੂੰ ਬੈਰਾਗੀ ਸਾਧੂ ਦੀ ਸੰਗਤ ਨਸੀਬ ਹੋਈ ਬਾਅਦ ਵਿਚ ਬੰਦਾ ਸਿੰਘ ਬਹਾਦਰ ਬਣ ਕੇ ਕਿਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੀ ਰਹਿਨੁਮਾਈ ਹੇਠ ਖ਼ਾਲਸਾ ਰਾਜ ਦੀ ਨੀਂਹ ਰੱਖੀ। ਬਲਦੇਵ ਸਿੰਘ ਨੇ ਇਸ ਸਮੁੱਚੇ ਨਾਵਲ ਵਿਚ ਬੰਦਾ ਬਹਾਦਰ ਦੇ ਜੀਵਨ ਬਿਰਤਾਂਤ ਨੂੰ ਪੇਸ਼ ਕੀਤਾ ਹੈ। ਬੰਦਾ ਬਹਾਦਰ ਆਪਣੀ ਮੁੱਢਲੀ ਉਮਰ ਵਿਚ ਇਕ ਬੈਰਾਗੀ ਸੀ ਪਰ ਸਥਿਤੀਆਂ-ਪ੍ਰਸਥਿਤੀਆਂ, ਘਟਨਾਵਾਂ ਅਤੇ ਵਾਤਾਵਰਣ ਨੇ ਉਸ ਨੂੰ ਬੈਰਾਗੀ ਨਹੀਂ ਰਹਿਣ ਦਿੱਤਾ। ਵਿਸ਼ੇਸ਼ ਤੌਰ 'ਤੇ ਜਦੋਂ ਉਸ ਦਾ ਗੁਰੂ ਗੋਬਿੰਦ ਸਿੰਘ ਨਾਲ ਮੇਲ ਹੋਇਆ ਤਾਂ ਉਹ ਬੈਰਾਗੀ ਨਹੀਂ ਰਹਿੰਦਾ ਸਗੋਂ ਬੰਦਾ ਸਿੰਘ ਬਹਾਦਰ ਬਣ ਜਾਂਦਾ ਹੈ। ਬੰਦਾ ਬਹਾਦਰ ਦੇ ਜੀਵਨ ਦੇ ਵਿਕਾਸ ਦਾ ਸਫ਼ਰ ਉਸ ਦੇ ਵਿਭਿੰਨ ਨਾਵਾਂ ਤੋਂ ਸਹਿਜੇ ਹੀ ਮਿਲ ਜਾਂਦਾ ਹੈ। ਲਛਮਣ ਦਾਸ ਤੋਂ ਬੰਦਾ ਬਹਾਦਰ ਤੱਕ ਦਾ ਸਫ਼ਰ ਆਪਣੇ ਆਪ ਵਿੱਚ ਇਕ ਨਿਵੇਕਲਾ ਵਰਤਾਰਾ ਹੈ ਜੋ ਇਕ ਪੂਰਾ ਇਤਿਹਾਸ ਸਾਂਭੀ ਬੈਠਾ ਹੈ। ਜਿਵੇਂ ਬੰਦਾ ਬਹਾਦਰ ਦੇ ਨਾਮ ਤਬਦੀਲ ਹੋਏ ਉਸੇ ਤਰ੍ਹਾਂ ਉਸ ਦੀ ਸੋਚ, ਉਸ ਦੀ ਰਹਿਤਲ-ਬਹਿਤਲ ਵਿਚ ਵੀ ਵਿਆਪਕ ਤਬਦੀਲੀ ਆਉਂਦੀ ਗਈ। ਬੰਦਾ ਸਿੰਘ ਬਹਾਦਰ ਨਾਮ ਉਸ ਦੇ ਜੀਵਨ ਅਤੇ ਕਾਰਜਾਂ ਦਾ ਸਿਖ਼ਰ ਹੈ।

## ਖਲਨਾਇਕ ਦਾ ਕਾਰਜ-ਖੇਤਰ :-

ਖਲਨਾਇਕ ਦਾ ਕਾਰਜ ਖੇਤਰ ਨਾਇਕ ਦੇ ਵਿਰੁੱਧ ਸੰਘਰਸ਼ ਕਰਨਾ ਹੈ। ਨਾਵਲ 'ਮਹਾਂਬਲੀ ਸੂਰਾ' ਵਿਚ ਬਹਾਦਰ ਸ਼ਾਹ, ਫ਼ਰੁੱਖਸ਼ੀਅਰ, ਵਜ਼ੀਰ ਖ਼ਾਨ, ਬਾਬਾ ਬਿਨੋਦ ਸਿੰਘ, ਕਾਨ੍ਹ ਸਿੰਘ, ਸੰਚਾ ਨੰਦ ਦੀਵਾਨ, ਸ਼ੇਰ ਮੁਹੰਮਦ ਖ਼ਾਨ, ਨੁਸਰਤ ਖ਼ਾਨ, ਵਜ਼ੀਰ ਮੁਨੀਅਮ ਖ਼ਾਨ, ਜਲਾਲ ਖਾਂ, ਸ਼ਮਸਖ਼ਾਨ, ਫੀਰੋਜ਼ਖ਼ਾਨ, ਰੁਸਤਮਦਿਲ ਖ਼ਾਨ, ਅਮੀਨ ਖ਼ਾਨ, ਅਬਦੁਸ ਸਮੱਦ ਖ਼ਾਨ, ਜ਼ਕਰੀਆਂ ਖ਼ਾਨ ਹਨ ਜੋ ਪੂਰੇ ਨਾਵਲ ਵਿਚ ਨਾਇਕ ਦੇ ਵਿਰੁੱਧ ਸੰਘਰਸ਼ ਕਰਦੇ ਹਨ। ਜੋ ਨਾਇਕ ਲਈ ਸਮੇਂ ਸਮੇਂ ਸਮੱਸਿਆਵਾਂ ਪੈਦਾ ਕਰਦੇ ਹਨ। ਬਹਾਦਰ ਸ਼ਾਹ ਦੀ ਮੌਤ ਤੋਂ ਬਾਅਦ ਉਸ ਦੇ ਪੁੱਤਰ ਫ਼ਰੁੱਖਸ਼ੀਅਰ ਨੇ ਮੁਗ਼ਲ ਸ਼ਾਸਨ ਦੀ ਵਾਗਡੋਰ ਆਪਣੇ ਹੱਥਾਂ ਵਿਚ ਲੈ ਲਈ। ਮੁਗ਼ਲ ਬਾਦਸ਼ਾਹ ਫ਼ਰੁੱਖਸ਼ੀਅਰ ਨੇ ਅਬਦੁੱਸ ਸਮੱਦ ਖ਼ਾਨ ਨੂੰ ਲਾਹੌਰ ਦਾ ਸੂਬੇਦਾਰ ਥਾਪਿਆ। ਉਸ ਨੇ ਆਪਣੀ ਯੋਜਨਾ ਅਨੁਸਾਰ ਸਿੱਖਾਂ ਦਾ ਦਮਨ ਕਰਨ ਦਾ ਯਤਨ ਕੀਤਾ। ਅਬਦੁੱਸ ਸਮੱਦ ਖ਼ਾਨ ਰਾਹੀਂ

ਭੇਜੀ ਗਈ ਵਿਸ਼ਾਲ ਸੈਨਾ ਨੇ ਗੁਰਦਾਸ ਨੰਗਲ ਦੀ ਲੜਾਈ ਵਿਚ ਸਿੱਖਾਂ ਨੂੰ ਹਰਾਇਆ ਅਤੇ ਬੰਦਾ ਬਹਾਦਰ ਅਤੇ ਉਸ ਦੇ ਸਾਥੀਆਂ ਨੂੰ ਗ੍ਰਿਫ਼ਤਾਰ ਕਰ ਲਿਆ।

" ਆਪ ਆਖਣਾ ਕੀ ਚਾਹੁੰਦੇ ਹੋ, ਹਜ਼ੂਰ?" ਕਮਰ-ਉਦ-ਦੀਨ ਨੇ ਪੁੱਛਿਆ।

"ਅਸੀਂ ਕਾਫ਼ਰਾਂ ਦੇ ਗੜ੍ਹੀ ਅੰਦਰਲੇ ਭੰਡਾਰਾਂ ਨੂੰ ਖ਼ਤਮ ਹੋਣ ਦੇਈਏ।" ਸਮੱਦ ਖ਼ਾਨ ਨੇ ਕਿਹਾ।

"ਅਸੀਂ ਸਿੱਖਾਂ ਦੇ ਅੰਨ ਭੰਡਾਰ ਨੂੰ ਖ਼ਤਮ ਹੋਣ ਤੱਕ ਤੇ ਹੱਥ ਧਰਕੇ ਬੈਠੇ ਉਡੀਕਦੇ ਰਹਾਂਗੇ?"

ਉਦਿਤ ਸਿੰਘ ਬੰਦੇਲਾ ਨੇ ਪੁੱਛਿਆ।

"ਔਰ ਕਾਫ਼ਰ ਤਿੱਲ-ਤਿੱਲ ਕਰਕੇ ਮਰਦੇ ਜਾਣਗੇ।" ਜ਼ਕਰੀਆਂ ਖ਼ਾਨ ਨੇ ਖੁਸ਼ ਹੁੰਦਿਆਂ ਕਿਹਾ।"[11]

ਇਸ ਪਿਛੋਂ ਉਸਨੇ ਸਿੱਖਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ। ਉਸਨੇ ਅਨੇਕਾਂ ਸਿੱਖਾਂ ਨੂੰ ਜ਼ਬਰਦਸਤੀ ਮੁਸਲਮਾਨ ਬਣਾਇਆ, ਉਨ੍ਹਾਂ ਨੂੰ ਕੋਠਰ ਦੰਡ ਦਿੱਤੇ। ਉਨ੍ਹਾਂ ਦੇ ਸਿਰ ਕੱਟਣ ਵਾਲਿਆਂ ਨੂੰ ਇਨਾਮ ਦਿੱਤੇ ਅਤੇ ਉਨ੍ਹਾਂ ਦੇ ਵਿਰੁੱਧ ਧਾਰਮਕ ਯੁੱਧ ਲਈ ਮੁਸਲਮਾਨਾਂ ਨੂੰ ਭੜਕਾਇਆ। ਜ਼ਕਰੀਆਂ ਖ਼ਾਨ ਵੀ ਆਪਣੇ ਪਿਤਾ ਅਬਦੁੱਸ ਸਮੱਦ ਖ਼ਾਨ ਦੀ ਤਰ੍ਹਾਂ ਹੀ ਸਿੱਖ ਵਿਰੋਧੀ ਦਮਨਕਾਰੀ ਨੀਤੀ ਜਾਰੀ ਰੱਖੀ। ਸਿੱਖਾਂ ਦਾ ਪਿੱਛਾ ਕਰਨ ਲਈ ਘੋੜਸਵਾਰ ਸੈਨਿਕਾਂ ਦੇ ਦਸਤੇ ਭੇਜੇ ਗਏ। ਹਜ਼ਾਰਾਂ ਸਿੱਖਾਂ ਨੂੰ ਗ੍ਰਿਫ਼ਤਾਰ ਕਰਕੇ ਲਾਹੌਰ ਦੇ ਦਿੱਲੀ ਗੇਟ ਦੇ ਬਾਹਰ ਕਤਲ ਕਰ ਦਿੱਤਾ ਗਿਆ। ਸਥਾਨਕ ਅਧਿਕਾਰੀਆਂ ਅਤੇ ਪਿੰਡਾਂ ਦੇ ਨੰਬਰਦਾਰਾਂ ਨੂੰ ਹੁਕਮ ਭੇਜੇ ਗਏ ਕਿ ਉਹ ਆਪਣੇ ਇਲਾਕਿਆਂ ਵਿਚ ਸਿੱਖਾਂ ਨੂੰ ਸ਼ਰਨ ਨਾ ਲੈਣ ਦੇਣ।

ਸਮਾਣਾ, ਕਪੂਰੀ, ਸਢੌਰਾ ਆਦਿ ਫ਼ਤਹਿ ਕਰਨ ਉਪਰੰਤ ਬੰਦਾ ਬਹਾਦਰ ਨੇ ਸਰਹਿੰਦ ਉੱਤੇ ਹਮਲਾ ਕਰਨ ਦਾ ਫ਼ੈਸਲਾ ਕੀਤਾ। ਬਹੁਤ ਜ਼ਿਆਦਾ ਗਿਣਤੀ ਵਿਚ ਉਸਦੀ ਅਗਵਾਈ ਹੇਠ ਇਕੱਠੇ ਹੋ ਗਏ ਕਿਉਂਕਿ ਸਰਹਿੰਦ ਦਾ ਫ਼ੌਜਦਾਰ ਵਜ਼ੀਰ ਖ਼ਾਨ ਸਿੱਖਾਂ ਦਾ ਸਭ ਤੋਂ ਵੱਡਾ ਦੁਸ਼ਮਣ ਸੀ ਜਿਸਨੇ ਗੁਰੂ ਗੋਬਿੰਦ ਸਿੰਘ ਜੀ ਵਿਰੁੱਧ ਵੱਡੀਆਂ ਸੈਨਾਵਾਂ ਭੇਜੀਆਂ ਸਨ ਅਤੇ ਉਨ੍ਹਾਂ ਦੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਲਈ ਵੀ ਜ਼ਿੰਮੇਵਾਰ ਸੀ। ਦੂਜੇ ਪਾਸੇ ਵਜ਼ੀਰ ਖ਼ਾਨ ਨੇ ਵੀ ਬੰਦੇ ਦਾ ਵਿਰੋਧ ਕਰਨ ਲਈ ਪੂਰੀਆ ਸੈਨਿਕ ਤਿਆਰੀਆਂ ਕੀਤੀਆਂ। ਸਰਹਿੰਦ ਤੋਂ ਲਗਭਗ 16 ਕਿਲੋਮੀਟਰ ਦੂਰ ਚੱਪੜ ਦੇ ਸਥਾਨ ਤੇ ਦੋਹਾਂ ਪੱਖਾਂ ਦੀਆਂ ਫ਼ੌਜਾਂ ਵਿਚਕਾਰ ਘਮਾਸਾਨ ਲੜਾਈ ਹੋਈ। ਬੰਦਾ ਬਹਾਦਰ ਤੋਂ ਇਲਾਵਾ ਫ਼ਤਹਿ ਸਿੰਘ, ਬਾਜ ਸਿੰਘ ਤੇ ਸ਼ਾਮ ਸਿੰਘ ਨੇ ਇਸ ਲੜਾਈ ਵਿਚ ਵੀਰਤਾ ਦੇ ਜੌਹਰ ਵਿਖਾਏ। ਅੰਤ ਵਜ਼ੀਰ ਖ਼ਾਨ ਦੀ ਹਾਰ ਹੋਈ ਅਤੇ ਉਹ ਲੜਾਈ ਵਿਚ ਮਾਰਿਆ ਗਿਆ। ਜਿੱਤ ਤੋਂ ਦੋ ਦਿਨ ਬਾਅਦ ਸਿੱਖਾਂ ਨੇ ਸਰਹਿੰਦ ਦੇ ਕਿਲ੍ਹੇ ਅਤੇ ਵਜ਼ੀਰ ਖ਼ਾਨ ਦੇ ਖ਼ਜ਼ਾਨੇ ਉੱਤੇ ਅਧਿਕਾਰ ਕਰ ਲਿਆ।

" ਸਿੰਘ ਜੀ, ਲਾਲ ਚੰਦ ਨੂੰ ਸਿੰਘਾਂ ਨਾਲ ਜਾ ਰਲਣ ਤੇ ਫਿਰ ਮੈਦਾਨ ਵਿਚੋਂ ਪਿੱਠ

ਦਿਖਾ ਕੇ ਨੱਠਣ ਦੀ ਤਜਵੀਜ਼ ਤੇਰੀ ਹੀ ਸੀ ਨਾ?

ਇਹ ਸੂਬੇ ਦਾ ਹੁਕਮ ਸੀ, ਗੁਰੂ ਜੀ। ਸੁੱਚਾ ਨੰਦ ਦੇ ਬੋਲ ਵੀ ਉਸਦੇ ਸਰੀਰ ਵਾਂਗ ਕੰਬੇ।

ਇਸ ਦੇ ਨੱਕ ਵਿਚ ਲੋਹੇ ਦੀ ਨਕੇਲ ਪਾਓ ਤੇ ਰਾਤ ਬੰਨ੍ਹ ਕੇ ਰੱਖੋ। ਦਿਨ ਚੜ੍ਹਦਿਆਂ ਹੀ

ਇਸਨੂੰ ਸਰਹਿੰਦ ਦੀਆਂ ਗਲੀਆਂ ਵਿਚ ਘੁਮਾਓ। ਬੰਦਾ ਸਿੰਘ ਨੇ ਆਪਣੇ ਸਿੰਘਾਂ ਨੂੰ ਕਿਹਾ।"[12]

## ਰਵਾਨਾ ਕਰਨ ਵਾਲਾ ਦਾ ਕਾਰਜ-ਖੇਤਰ :-

ਕਿਰਦਾਰ ਜੋ ਕਮੀ ਦਾ ਪਤਾ ਲਗਾ ਕੇ ਨਾਇਕ ਨੂੰ ਭੇਜਦਾ ਹੈ।'ਮਹਾਂਬਲੀ ਸੂਰਾ' ਨਾਵਲ ਵਿਚ ਜਾਨਕੀ ਪ੍ਰਸਾਦ, ਸਵਾਮੀ ਰਾਮਦਾਸ, ਯੋਗੀ ਔਗੜ ਨਾਥ, ਗੁਰੂ ਗੋਬਿੰਦ ਸਿੰਘ ਜੀ ਇਸ ਨਾਵਲ ਵਿਚ ਰਵਾਨਾ ਕਰਨ ਵਾਲਾ ਦਾ ਕਾਰਜ ਕਰਦੇ ਹਨ। ਘਰ ਬਾਰ ਤਿਆਗ ਕੇ ਲਛਮਣ ਦਾਸ ਹੁਣ ਉਨ੍ਹਾਂ ਸਾਧੂਆਂ ਦੀ ਸੰਗਤ ਵਿਚ ਆਪਣਾ ਅਧਿਕਾਰ ਸਮਾਂ ਬਿਤਾਉਣ ਲੱਗਾ ਜੋ ਕਸ਼ਮੀਰ ਦੇ ਤੀਰਥ-ਸਥਾਨਾਂ ਦੀ ਯਾਤਰਾਂ ਲਈ ਆਉਂਦੇ ਸਨ ਅਤੇ ਰਾਹ ਵਿਚ ਰਾਜੌਰੀ ਠਹਿਰਦੇ ਸਨ। ਛੇਤੀ ਹੀ ਪਿੱਛੋਂ ਜਾਨਕੀ ਪ੍ਰਸਾਦ ਨਾਂ ਦਾ ਇਕ ਬੈਰਾਗੀ ਰਾਜੌਰੀ ਵਿਖੇ ਆਇਆ। ਲਛਮਣ ਦਾਸ ਉਸ ਦਾ ਚੇਲਾ ਬਣ ਗਿਆ ਅਤੇ ਘਰ-ਬਾਰ ਛੱਡ ਕੇ ਉਸਦੇ ਨਾਲ ਯਾਤਰਾ ਤੇ ਨਿਕਲ ਪਿਆ।

" ਮੈਂ ਘਰੂ ਨਹੀਂ ਜਾਣਾ ਸਾਧੂ ਬਾਬਾ। ਲਛਮਣ ਦੇਵ ਨੇ ਰੋਣ ਵਰਗਾ ਮੂੰਹ ਬਣਾ ਲਿਆ

ਕੀ ਕਰੇਂਗਾ ਫਿਰ?

ਏਥੇ ਈ ਜੰਗਲਾਂ 'ਚ ਕੋਈ ਜਾਨਵਰ ਖਾ ਲਊ। ਬੱਚੇ ਨੇ ਸਹਿਜ ਭਾਅ ਕਿਹਾ।

ਜਾਨਵਰ ਕਿਉਂ ਖਾਏਗਾ ਪੁੱਤਰ। ਸਾਡੇ ਨਾਲ ਚੱਲੇਂਗਾ?

ਹਾਂਅ ਚੱਲਾਂਗਾ ਬਾਬਾ।"[13]

ਨਾਸਿਕ ਵਿਖੇ ਮਾਧੋ ਦਾਸ ਦਾ ਮੇਲ ਔਗੜ ਨਾਥ ਨਾਮਕ ਯੋਗੀ ਨਾਲ ਹੋਇਆ ਜੋ ਯੋਗ ਤੇ ਤੰਤਰ ਵਿਦਿਆ ਵਿਚ ਨਿਪੁੰਨ ਸੀ। ਮਾਧੋ ਦਾਸ ਔਗੜ ਨਾਥ ਦਾ ਸ਼ਰਧਾਲੂ ਚੇਲਾ ਬਣ ਗਿਆ। ਉਸਨੇ ਔਗੜ ਨਾਥ ਦੀ ਤਨੋਂ ਮਨੋਂ ਬੜੀ ਸੇਵਾ ਕੀਤੀ ਅਤੇ ਉਸ ਤੋਂ ਯੋਗ ਦੀ ਵਿੱਦਿਆ ਤੇ ਜੰਤਰ-ਮੰਤਰ ਦਾ ਕਾਫ਼ੀ ਗਿਆਨ ਪ੍ਰਾਪਤ ਕਰ ਲਿਆ। ਔਗੜ ਨਾਥ ਦੇ ਦੇਹਾਂਤ ਪਿੱਛੋਂ ਮਾਧੋ ਦਾਸ ਨੇ ਆਪਣਾ ਵੱਖਰਾ ਡੇਰਾ ਸਥਾਪਤ ਕਰਨ ਦਾ ਨਿਸਚਾ ਕੀਤਾ ਅਤੇ ਉਚਿਤ ਸਥਾਨ ਦੀ ਭਾਲ ਵਿਚ ਉਹ ਗੋਦਾਵਰੀ ਦੇ ਕੰਢੇ ਪੂਰਬ ਵੱਲ ਚੱਲ ਪਿਆ ਅਤੇ ਅੰਤ ਨਾਂਦੇੜ ਵਿਖੇ ਆਪਣਾ ਆਸ਼ਰਮ ਬਣਾ ਲਿਆ।

" ਯੋਗੀ ਜੀ, ਆਪ ਭੋਲੇ-ਭਾਲੇ ਲੋਕਾਂ ਨਾਲ ਧੋਖਾ ਨਹੀਂ ਕਰ ਰਹੇ?

ਔਗੜ ਨਾਥ ਮੰਦ ਮੰਦ ਮੁਸਕਰਾਉਣ ਲੱਗਾ- ਮਾਧੋਦਾਸ ਇਹ ਧੋਖਾ ਨਹੀ ਹੈ।

ਇਸ ਸਾਰਾ ਕਾਰਜ ਇਹਨਾਂ ਲੋਕਾਂ ਦੀ ਵਿਚਲਿਤ ਮਾਨਸਿਕਤਾ ਨੂੰ ਸਥਿਰ ਕਰਦਾ ਹੈ।

ਆਪ ਦੇ ਟੂਣੇ-ਮੰਤਰ, ਧਾਗੇ...ਕੀ ਸੱਚ ਹੀ ਲੋਕਾਂ ਦੀਆਂ ਉਪਰਾਮ ਮਾਨਸਿਕਤਾਵਾਂ ਨੂੰ ਸਥਿਰ ਕਰਦੇ ਹਨ? ਮਾਧੋਦਾਸ ਨੂੰ ਵਿਸ਼ਵਾਸ ਨਹੀਂ ਸੀ ਹੋ ਰਿਹਾ।"[14]

ਗੁਰੂ ਜੀ ਸਮਰਾਟ ਬਹਾਦਰ ਸ਼ਾਹ ਨਾਲ ਦੱਖਣੀ ਭਾਰਤ ਵੱਲ ਗਏ। ਰਸਤੇ ਵਿਚ ਕਿਸੇ ਕਾਰਨ ਬਾਦਸ਼ਾਹ ਦਾ ਸਾਥ ਛੱਡ ਦਿੱਤਾ ਅਤੇ ਨਾਂਦੇੜ ਵਿਚ ਜਾ ਠਹਿਰੇ ਫਿਰ ਗੁਰੂ ਗੋਬਿੰਦ ਸਿੰਘ ਜੀ ਦੀ ਮੁਲਾਕਾਤ ਮਾਧੋਦਾਸ ਨਾਲ ਹੋਈ। ਮਾਧੋਦਾਸ ਗੁਰੂ ਜੀ ਤੋਂ ਇਨ੍ਹਾਂ ਪ੍ਰਭਾਵ ਹੋਇਆ ਕਿ ਗੁਰੂ ਜੀ ਅੰਮ੍ਰਿਤਾ ਛਕਿਆ ਅਤੇ ਮਾਧੋਦਾਸ ਤੋਂ ਗੁਰਬਖਸ਼ ਸਿੰਘ ਬਣ ਗਿਆ।

" ਇਕ ਯੋਗੀ, ਸੰਤ ਜਾਂ ਗੁਰੂ ਸਵਾਮੀ ਜੋ ਵੀ ਹੈ, ਉਸਦੀ ਜ਼ਿੰਮੇਵਾਰੀ ਇਕ ਸਧਾਰਣ ਪੁਰਸ਼ ਨਾਲੋਂ ਬਹੁਤ ਅਹਿਮ ਹੁੰਦੀ ਹੈ। ਭਿੱਖਿਆ ਮੰਗਣਾ, ਭੋਜਨ ਕਰਨਾ, ਸੌਣਾ, ਪੂਜਾ ਪਾਠ ਕਰਨਾ ਜਾਂ ਆਪਣੇ ਸ਼ਿਸ਼ਾਂ ਨੂੰ ਸਿੱਖਿਆ ਦੇਣਾ ਹੀ ਮਾਨਵਾ ਸੇਵਾ ਨਹੀਂ ਹੈ। ਇਸ ਸਭ ਦੇ ਨਾਲ ਨਾਲ......

ਖ਼ਿਮਾ ਕਰਨਾ ਸਿੰਘ ਸਾਹਬ -ਮਾਧੋਦਾਸ ਨੇ ਗੁਰੂ ਨੂੰ ਰੋਕਿਆ-'ਮੈਂ ਆਪ ਦਾ ਸੰਕੇਤ ਸਮਝ ਗਿਆ ਹਾਂ। ਮੈਨੂੰ ਸਪਸ਼ਟ ਕਹੋ, ਮੇਰੇ ਜੈਸੇ ਯੋਗੀ ਤੋਂ ਆਪ ਕੀ ਆਸ ਰੱਖਦੇ ਹੋ?"[15]

## ਮਦਦਗਾਰ ਦਾ ਕਾਰਜ-ਖੇਤਰ :-

ਨਾਇਕ ਨੂੰ ਉਸਦੀ ਖੋਜ ਵਿਚ ਮਦਦ ਪਹੁੰਚਾਉਂਦਾ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਬੰਦਾ ਬਹਾਦਰ ਨੂੰ ਪੰਜਾਬ ਵਿਚ ਜਾਣ ਦਾ ਆਦੇਸ਼ ਦਿੰਦੇ ਸਮੇਂ ਉਸਦਾ ਸਾਥ ਦੇਣ ਲਈ ਭਾਈ ਬਿਨੋਦ ਸਿੰਘ, ਭਾਈ ਕਾਹਨ ਸਿੰਘ, ਭਾਈ ਬਾਜ ਸਿੰਘ, ਭਾਈ ਦਇਆ ਸਿੰਘ ਅਤੇ ਭਾਈ ਰਣ ਸਿੰਘ ਪੰਜ ਸਿੰਘ ਨਾਲ ਭੇਜੇ। ਬੰਦਾ ਬਹਾਦਰ ਨੇ ਸਮਾਣਾ ਉੱਤੇ ਹਮਲਾ ਕਰ ਦਿੱਤਾ। ਸਮਾਣਾ ਦੇ ਫ਼ੌਜਦਾਰ ਨੇ ਸਿੱਖਾਂ ਦੀ ਤਾਕਤ ਦਾ ਪੂਰਾ-ਪੂਰਾ ਅਨੁਮਾਨ ਨਹੀਂ ਲਾਇਆ ਸੀ ਅਤੇ ਉਸਨੇ ਸ਼ਹਿਰ ਦੀ ਰੱਖਿਆ ਲਈ ਕੋਈ ਵਿਸ਼ੇਸ਼ ਪ੍ਰਬੰਧ ਨਹੀਂ ਕੀਤਾ ਸੀ ਕਈ ਘੰਟਿਆਂ ਤੱਕ ਸ਼ਹਿਰ ਦੀਆਂ ਗਲੀਆਂ ਤੇ ਬਜ਼ਾਰਾਂ ਵਿਚ

ਲੜਾਈ ਹੁੰਦੀ ਰਹੀ। ਸਮਾਣਾ ਦੀ ਵਿਜੈ ਵਿਚ ਭਾਈ ਫ਼ਤਹਿ ਸਿੰਘ ਨੇ ਅਸਾਧਾਰਨ ਦਲੇਰੀ ਤੇ ਬਹਾਦਰੀ ਦਾ ਸਬੂਤ ਦਿੱਤਾ।

> " ਇਕ ਪਾਸੇ ਥੋੜੀ ਵਿਥ ਤੇ ਸਹੀ ਸਲਾਮਤ ਮੁੱਹਲਾ ਵੇਖਕੇ
>
> ਕਾਨ੍ਹ ਸਿੰਘ ਨੇ ਪੁੱਛਿਆ, 'ਇਹ ਕਿਵੇਂ ਸੇਕ ਲਗਣੋਂ ਰਹਿ ਗਿਆ?'
>
> 'ਇਹ ਜੈਨੀਆਂ ਦੀ ਬਸਤੀ ਹੈ।' ਕੁਝ ਸਥਾਨਕ ਲੋਕਾਂ ਦੱਸਿਆ।
>
> 'ਫਤੇਹ ਸਿੰਘ ਨੇ ਕਿਹਾ, 'ਹਨੇਰਾ ਸੀ ਸਿੰਘਾਂ ਦੀ ਨਜ਼ਰ ਨਹੀਂ ਚੜ੍ਹੀ
>
> ਨਹੀਂ ਤਾਂ ਜੈਨੀ ਲੋਕ ਵੀ ਤੁਰਕਾਂ ਨਾਲ ਵਿਚ ਹੀ ਪੀਸੇ ਜਾਣੇ ਸਨ।"[16]

'ਮੈਂ ਪਾਕਿਸਤਾਨ ਨਹੀਂ ਜਾਣਾ' ਨਾਵਲ ਵਿਚ ਕਾਮਰੇਡ ਸਰਵਣ ਸਿੰਘ, ਰਣਧੀਰ ਗਿੱਲ, ਨਛੱਤਰ ਧਾਲੀਵਾਲ, ਸਰਬਣ ਸਿੰਘ, ਸੱਘੜ ਸਿੰਘ, ਦਰਸ਼ਨ ਸਿੰਘ ਟੂਟੀ, ਬਲਵਿੰਦਰ ਸਿੰਘ ਆਦਿ ਦੋਸਤਾਂ ਤੋਂ ਇਲਾਵਾ ਕਾਮਰੇਡ ਜਗਰੂਪ, ਅਮੋਲਕ ਤੇ ਹਰਪਾਲ ਉਸ ਦੇ ਸ਼ਾਗਿਰਦ ਸਨ। ਇਹ ਸਾਰੇ ਦੋਸਤ ਤੇ ਸ਼ਾਗਿਰਦ ਕਾਮਰੇਡ ਖ਼ਾਨ ਦੀ ਹਰ ਔਖਾ ਸੌਖਾ ਸਮੇਂ ਵਿਚ ਮਦਦ ਕਰਦੇ ਸਨ।

> 'ਰੁਲਦੂ ਖ਼ਾਨ ਨੇ ਇਕ ਦਿਨ ਰਣਧੀਰ ਗਿੱਲ ਨੂੰ ਕਿਹਾ ਸੀ,
>
> 'ਕਾਮਰੇਡ ਪੰਜਾਂ ਕੁ ਮਰਲਿਆਂ ਦਾ ਕੋਈ ਪਲਾਟ ਲੱਭ ਕੇ ਦੇ।
>
> ਘਰ ਤਾਂ ਬਣਾ ਲੀਏ ਆਪਣਾ। ਐਂ ਸਾਰੀ ਉਮਰ ਚੱਕਵਾਂ ਚੁੱਲ੍ਹਾ
>
> ਜਿਹਾ ਕਿਵੇਂ ਬਣਟ ਰਹਾਂਗੇ।'
>
> 'ਖ਼ਾਨ ਸਾਹਬ ਥੋਨੂੰ ਕੀ ਲੋੜ ਐ ਮਕਾਨ ਦੀ? ਸਾਡੇ ਸਾਰਿਆਂ ਦੇ
>
> ਮਕਾਨ ਥੋਡੇ ਈ ਨੇ। ਜੀਹਦਾ ਮਰਜ਼ੀ ਜਾ ਕੇ ਬੂਹਾ ਖੜਕਾ ਦਿਉ?'
>
> ਰਣਧੀਰ ਗਿੱਲ ਨੇ ਹੱਸਦਿਆਂ ਕਿਹਾ ਸੀ।"[17]

"ਖਾਕੂ ਜੇਡੁ ਨ ਕੋਇ" ਨਾਵਲ ਵਿਚ ਘੋਨਾ, ਪਰਤਾਪ, ਗੁਰਾ, ਬਲਵੰਤ ਸਿੰਘ ਫ਼ੌਜੀ, ਪ੍ਰਕਾਸ਼, ਲਾਭੇ ਸਿੰਘ, ਦੇਸੂ, ਮਾਘੀ, ਘੁੱਕਰ, ਜਗਨ ਲੁਹਾਰ, ਰਵੀਦਾਸੀਆ ਲੱਭੂ ਰਾਮ ਇਸ ਨਾਵਲ ਦੇ ਮਦਦਗਾਰ ਪਾਤਰ ਹਨ ਜੋ ਕਿ ਰਾਜਪਾਲ ਦੀ ਬਹੁਤ ਮਦਦ ਕਰਦੇ ਹਨ। ਜਦੋਂ ਰਾਜਪਾਲ ਇਨ੍ਹਾਂ ਸਭ ਨੂੰ ਸਾਂਝੀ ਖੇਤੀ ਕਰਨ ਲਈ ਮੰਨਦਾ ਹੈ ਤਾਂ ਪਹਿਲਾਂ ਤਾਂ ਇਹ ਨਾ ਕਰ

ਦਿੰਦੇ ਹਨ ਫਿਰ ਜਦੋਂ ਰਾਜਪਾਲ ਇਨ੍ਹਾਂ ਨੂੰ ਸਾਂਝੀ ਖੇਤੀ ਕਰਨ ਦੇ ਲਾਭ ਦੱਸਦਾ ਹੈ ਤਾਂ ਫਿਰ ਇਹ ਸਭ ਰਾਜਪਾਲ ਦੀ ਗੱਲ ਮੰਨ ਜਾਂਦੇ ਹਨ। ਜਿਸ ਨਾਲ ਹੌਲੀ-ਹੌਲੀ ਰਾਜਪਾਲ ਕੋਲ ਖੇਤ ਵੱਧਦੇ ਜਾਂਦੇ ਹਨ। ਉਹ ਇਸ ਸਾਂਝੀ ਖੇਤੀ ਨਾਲ ਫ਼ਸਲੀ ਚੱਕਰ ਵਿਚੋਂ ਨਿਕਲ ਜਾਂਦਾ ਹੈ। ਇਹ ਸਾਰੇ ਲੋਕ ਖੇਤਾਂ ਵਿਚ ਆਪਣਾ-ਆਪਣਾ ਕੰਮ ਕਰਦੇ ਹਨ। ਸਾਰੇ ਰਲਕੇ ਕੰਮ ਕਰਦੇ ਹਨ ਅਤੇ ਇਕ ਵੱਖਰੀ ਮਿਸਾਲ ਸਮਾਜ ਵਿਚ ਸਥਾਪਿਤ ਕਰਦੇ ਹਨ।

> " 'ਕੀ ਹਾਲ ਐ ਗਿੱਲ ਸਾਹਬ?' ਰਾਜਪਾਲ ਨੇ ਆਪਣੇ ਸੁਬਾਓ ਦੇ ਉਲਟ ਵਿਅੰਗ ਨਾਲ ਪੁੱਛਿਆ।
>
> ' ਰਾਜਪਾਲ ਬਈ, ਮੈਂ ਦੱਸਣ ਆਇਆਂ, ਤੋਤੀ ਨੂੰ ਆਖ ਦਿਤੈ, ਕਣਕ ਪਿੱਛੋਂ ਮੈਂ ਆਪ ਵਾਹੀ ਕਰਨੀ ਐ।'ਕਹਿੰਦਿਆਂ ਦੇਸੂ ਡੇਰੇ ਦੇ ਗੇਟ ਵੱਲ ਝਾਕਿਆ।
>
> ' ਹੈਂਅ... ਸੱਚ...?'ਰਾਜਪਾਲ ਨੂੰ ਯਕੀਨ ਨਾ ਆਇਆ।
>
> ' ਪੱਕਾ ਜਵਾਂ।'
>
> ' ਤੋਤੀ ਰਾਜ਼ੀ ਹੋ ਗਿਆ?'ਰਾਜਪਾਲ ਹੌਂਸਲੇ ਨਾਲ ਵੱਟ ਉਠ ਖੜ੍ਹਾ।"[18]

## ਇਨਾਮ :-

ਸਾਰੀ ਕਹਾਣੀ ਵਿਚ ਨਾਇਕ ਉਸਦੇ ਯੋਗ ਹੁੰਦਾ ਹੈ ਪਰ ਆਮ ਤੌਰ ਤੇ ਖਲਨਾਇਕ ਕਾਰਨ, ਨਾਜਾਇਜ਼ ਜ਼ੁਲਮ ਸਦਕਾ ਉਸ ਨਾਲ ਵਿਆਹ ਨਹੀਂ ਕਰਵਾ ਸਕਦਾ ਹੁੰਦਾ। ਨਾਇਕ ਦੀ ਯਾਤਰਾ ਅਕਸਰ ਉਦੋਂ ਮੁੱਕ ਜਾਂਦੀ ਹੈ ਅਤੇ ਉਸ ਨੂੰ ਜਿੱਤ ਪ੍ਰਾਪਤ ਹੁੰਦੀ ਹੈ ਇਸ ਤਰ੍ਹਾਂ ਖਲਨਾਇਕ ਹਰਾ ਦਿੱਤਾ ਜਾਂਦਾ ਹੈ। ਇਹ ਨਾਵਲ ਜਿਥੇ ਰਾਜਵਾੜਾ ਸ਼ਾਹੀ ਦਾ ਪਰਦਾ ਫ਼ਾਸ਼ ਕਰਦਾ ਹੈ ਉੱਥੇ ਇਸ ਕਿਸਮ ਦੀ ਰਾਜਵਾੜਾਸ਼ਾਹੀ ਖਿਲਾਫ਼ ਲਾਮਬੰਦ ਅਤੇ ਪ੍ਰਚੰਡ ਹੋਈ ਕਿਸਾਨੀ ਲਹਿਰ ਦੇ ਸੱਚ ਨੂੰ ਵੀ ਉਭਾਰਦਾ ਹੈ। ਉਸ ਸਮੇਂ ਰਾਜ ਸੱਤਾ ਉਪਰ ਕਾਬਜ਼ ਮੁਗਲ ਮਹਾਰਾਜੇ ਵੱਲੋਂ ਖੜੀ ਕੀਤੀ ਗਈ ਸ਼ਕਤੀਸ਼ਾਲੀ ਫੌਜ ਇਕ ਪਾਸੇ ਮੌਜੂਦ ਹੁੰਦੀ ਹੈ। ਦੂਸਰੇ ਪਾਸੇ ਦਮਿਤ, ਦਲਿਤ ਅਤੇ ਨਿਮਨ ਕਿਸਾਨੀ ਜਮਾਤ ਹੈ ਅਤੇ ਇਸ ਜਮਾਤ ਦੀ ਵਾਗਡੋਰ ਅਤੇ ਰਹਿਨੁਮਾਈ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਦੇ ਹੱਥਾਂ ਵਿੱਚ ਸੀ ਅਤੇ ਫਿਰ ਬਾਬਾ ਬੰਦਾ ਸਿੰਘ ਬਹਾਦਰ ਦੇ ਹੱਥ ਵਿੱਚ ਆ ਜਾਂਦੀ ਹੈ। ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਬੰਦਾ ਬਹਾਦਰ ਨੇ ਮੁਗਲ ਰਾਜਿਆਂ ਖਿਲਾਫ਼ ਇਕ ਕ੍ਰਾਂਤੀਕਾਰੀ ਚੇਤਨਾ ਹੀ ਪੈਦਾ ਨਹੀਂ ਕੀਤੀ, ਸਗੋਂ ਉਨ੍ਹਾਂ ਨਾਲ ਯੁੱਧ ਕਰਕੇ ਮੁਗਲ ਰਾਜਿਆਂ ਦਾ ਲੱਕ ਵੀ ਤੋੜਿਆ। ਬੰਦਾ ਬਹਾਦਰ ਦਾ ਯੁੱਧ ਨਾ ਹੀ ਨਿੱਜ ਲਈ ਸੀ, ਨਾ ਹੀ ਆਪਣੇ ਅਸਤਿਤਵ ਲਈ ਸੀ, ਨਾ ਹੀ ਕਿਸੇ ਵਿਸ਼ੇਸ਼ ਸ਼ਾਸਕ ਵਿਰੁੱਧ ਸੀ ਇਸ ਪੂਰੀ

ਮੁਗਲ ਸਲਤਨਤ ਦੇ ਪ੍ਰਬੰਧ ਵਿਰੁੱਧ ਸੀ। ਲੇਖਕ ਨੇ ਯੁੱਧ ਦੀਆਂ ਮਾਨਤਾਵਾਂ ਨੂੰ ਹੀ ਪੇਸ਼ ਨਹੀਂ ਕੀਤੀ, ਸਗੋਂ ਇਸ ਯੁੱਧ ਦੇ ਦਵੰਦਾਂ, ਤਨਾਵਾਂ, ਟਕਰਾਵਾਂ ਅਤੇ ਜਮਾਤੀ ਸੰਘਰਸ਼ਾਂ ਨੂੰ ਵੀ ਪ੍ਰਸਤੁਤ ਕੀਤਾ ਹੈ।

> "ਆਹ ਲੋਕ ਜੋ ਅਸਾਡੇ ਸਾਹਮਣੇ ਬੈਠੇ ਹੋਏ ਨੇ।
> ਕਿਸਾਨ, ਮੁਜ਼ਾਰੇ, ਹਲਵਾਹਕ ਜਿਹੜੇ ਆਸ ਪਾਸ
> ਦੇ ਪਿੰਡਾਂ ਤੋਂ ਆਏ ਨੇ। ਇਹ ਜਿਹੜੀ ਜ਼ਮੀਨ ਵਾਹੁੰਦੇ
> ਨੇ, ਜਿੰਨੀ ਉਪਰ ਵੀ ਕਾਸ਼ਤ ਕਰਦੇ ਨੇ। ਅੱਜ ਤੋਂ ਇਨ੍ਹਾਂ
> ਕਿਸਾਨਾਂ ਮੁਜ਼ਾਰਿਆਂ ਨੂੰ ਜ਼ਮੀਨਾਂ ਦੇ ਮਾਲਕ ਬਣਾਇਆ
> ਜਾਂਦਾ ਹੈ। ਹੁਣ ਇਹ ਆਪਣੀਆਂ ਜ਼ਮੀਨਾ ਦੇ ਖੁਦ ਮਾਲਕ
> ਹੋਣਗੇ।"[19]

ਨਾਵਲ ਵਿੱਚ ਬੇਅੰਤ ਇਹੋ ਜਿਹੇ ਹਵਾਲਿਆਂ ਤੋਂ ਪਤਾ ਲਗਦਾ ਹੈ ਕਿ ਮੁਗਲ ਸਾਮਰਾਜ ਨਾਲ ਟੱਕਰ ਕਿਸੇ ਬਦਲਾ ਲਊ ਭਾਵਨਾ ਅਧੀਨ ਨਹੀਂ, ਸਗੋਂ ਇਹ ਟੱਕਰ ਜਮਾਤੀ ਹੈ। ਇਹੋ ਇਸ ਨਾਵਲ ਦਾ ਕੇਂਦਰੀ ਥੀਮ ਹੈ। ਨਾਵਲ ਵਿੱਚ 'ਖਾਲਸਾ ਰਾਜ' ਦੀ ਸਥਾਪਨਾ ਦਾ ਅਰਥ ਅਤੇ ਮੰਤਵ ਵੀ ਲੋਕਾਂ ਦਾ ਰਾਜ ਸੀ। ਗੁਰੂ ਗੋਬਿੰਦ ਸਿੰਘ ਦੇ ਪੰਜ ਪਿਆਰੇ ਸਾਜਣ ਦਾ ਅਰਥ ਵੀ ਲੋਕਤੰਤਰਕ ਅਵਸਥਾ ਦਾ ਆਰੰਭ ਸੀ। ਇਸੇ ਵਿਚਾਰਧਾਰਾ ਨੂੰ ਬੰਦਾ ਬਹਾਦਰ ਨੇ ਆਪਣੇ ਜਿੱਤੇ ਹੋਏ ਇਲਾਕਿਆਂ ਵਿਚ ਪੂਰੀ ਇਮਾਨਦਾਰੀ ਨਾਲ ਲਾਗੂ ਕੀਤਾ ਸੀ। ਖਾਲਸਾ ਰਾਜ ਦਾ ਅਰਥ ਜਾਤ-ਪਾਤ ਰਹਿਤ ਸਮਾਜ ਹੋਵੇਗਾ। ਜਿੱਥੇ ਕਿਸੇ ਨਾਲ ਵੀ ਕੋਈ ਧਾਰਮਕ ਫ਼ਿਰਕਰੇਬਾਜ਼ੀ ਨਹੀਂ ਕੀਤੀ ਜਾਵੇਗੀ। ਹਰ ਜਾਤ, ਗੋਤ ਅਤੇ ਧਰਮ ਦੇ ਵਿਅਕਤੀ ਨੂੰ ਸਮਾਨ ਸਮਝਿਆ ਜਾਵੇਗਾ। ਲੇਖਕ ਬੰਦਾ ਬਹਾਦਰ ਦੀ ਇਸ ਅਗਾਂਹਵਧੂ ਵਿਚਾਰਧਾਰਾ ਅਤੇ ਫ਼ਲਸਫ਼ੇ ਨੂੰ ਸਮਝਣ ਅਤੇ ਉਸ ਨੂੰ ਸਿਰਜਤ ਕਰਨ ਅਤੇ ਉਭਾਰਨ ਵਿਚ ਸਫ਼ਲ ਰਿਹਾ ਹੈ। ਲੇਖਕ ਨੇ ਖ਼ਾਲਸਾ ਰਾਜ ਦੇ ਅਜੰਡੇ ਅਤੇ ਐਲਾਨਨਾਮੇ ਨੂੰ ਇਸ ਤਰ੍ਹਾਂ ਪ੍ਰਸਤੁਤ ਕੀਤਾ ਹੈ:-

> " ਖਾਲਸਾ ਫੌਜ ਦੀਆਂ ਮੁਹਿੰਮਾਂ ਜਾਰੀ ਰਹਿਣਗੀਆਂ। ਅਸੀਂ
> ਐਲਾਨਨਾਮਾ ਕਰਦੇ ਹਾਂ, ਕੁਝ ਧਨ ਫੌਜ ਦੇ ਖਰਚਿਆਂ ਅਤੇ
> ਹਥਿਆਰਾਂ ਲਈ ਰੱਖ ਕੇ ਬਾਕੀ ਸਭ ਸਿੰਘਾਂ ਅਤੇ ਲੋੜਵੰਦ
> ਗਰੀਬਾਂ ਵਿੱਚ ਤਕਸੀਮ ਕਰ ਦਿੱਤਾ ਜਾਵੇ।"[20]

ਬੰਦਾ ਬਹਾਦਰ ਦੀ ਵਿਚਾਰਧਾਰਾ ਨੂੰ ਆਮ ਲੋਕਾਂ ਪ੍ਰਤੀ ਨਜ਼ਰੀਏ ਤੋਂ ਬਿਨਾਂ ਖ਼ਾਲਸਾ ਪੰਚਾਇਤ ਪ੍ਰਤੀ ਵੀ ਨਜ਼ਰੀਆ ਵੇਖਣਯੋਗ ਹੈ:-

" ਸੁਣੋ ਅੱਜ ਤੋਂ ਸਾਹਮਣੇ ਦਾ ਹਾਕਮ ਫਤੇਹ ਸਿੰਘ ਹੋਵੇਗਾ।

ਇਸ ਦੀ ਸਹਾਇਤਾ ਲਈ ਖ਼ਾਲਸਾ ਪੰਚਾਇਤ ਹੋਵੇਗੀ।"[21]

ਬਲਦੇਵ ਸਿੰਘ ਨੇ ਇਸ ਨਾਵਲ ਵਿਚ ਬੰਦਾ ਬਹਾਦਰ ਦੇ ਐਲਾਨਨਾਮੇ ਨੂੰ ਪ੍ਰਸਤੁਤ ਕਰਕੇ ਬੰਦਾ ਬਹਾਦਰ ਦੀ ਦ੍ਰਿਸ਼ਟੀ ਨੂੰ ਦਰਸਾਇਆ ਹੈ ਜਿਹੜੀ ਉਸ ਨੂੰ ਆਪਣੇ ਸਮੇਂ ਦਾ ਮਹਾਂਨਾਇਕ ਸਥਾਪਤ ਕਰਨ ਅਤੇ ਮੁਗਲ ਸਾਮਰਾਜ ਨੂੰ ਢਹਿ ਢੇਰੀ ਕਰਕੇ ਉਸ ਦੀ ਥਾਂ ਤੇ ਖ਼ਾਲਸਾ ਰਾਜ ਸਥਾਪਨ ਕਰਨ ਦੇ ਹੱਕ ਵਿੱਚ ਸੀ। ਬੰਦਾ ਬਹਾਦਰ ਦਾ ਮੰਤਵ ਖ਼ਾਲਸਾ ਰਾਜ ਦੀ ਰਾਜਧਾਨੀ ਸਥਾਪਨ ਕਰਨਾ, ਜਿੱਤੇ ਇਲਾਕੇ ਵਿੱਚ ਸੂਬੇਦਾਰ ਨਿਯੁਕਤ ਕਰਨੇ, ਫੌਜਦਾਰ ਨਿਯੁਕਤ ਕਰਨੇ, ਖ਼ਾਲਸਾ ਪੰਚਾਇਤ ਦੀ ਨੀਂਹ ਰੱਖਣੀ ਅਤੇ ਪੰਚਾਇਤਾਂ ਨੂੰ ਰਾਜ ਪ੍ਰਬੰਧ ਦਾ ਭਾਗੀਦਾਰ ਬਣਾਉਣਾ ਸੀ। ਇਸ ਉਦੇਸ਼ ਦੀ ਪੂਰਤੀ ਲਈ ਉਸ ਨੂੰ ਲੋਕ ਸ਼ਕਤੀ ਦੀ ਜ਼ਰੂਰਤ ਸੀ। ਇਸ ਲੋਕ ਸ਼ਕਤੀ ਵਿੱਚ ਉਸ ਨੇ ਕਿਸਾਨਾਂ ਅਤੇ ਹੋਰ ਦਲਿਤ ਵਰਗਾਂ ਨੂੰ ਇਕ ਪਲੇਟਫਾਰਮ ਉਪਰ ਇੱਕਠਾ ਕੀਤਾ। ਉਸ ਨੇ ਆਪਣੇ ਮੰਤਵ ਦੀ ਪੂਰਤੀ ਲਈ ਹਥਿਆਰਬੰਦ ਜਥੇਬੰਦਕ ਰਸਤਾ ਅਖਤਿਆਰ ਕੀਤਾ।

## ਦਾਨੀ ਦਾ ਕਾਰਜ-ਖੇਤਰ :-

ਨਾਇਕ ਨੂੰ ਤਿਆਰ ਕਰਦਾ ਹੈ ਜਾਂ ਨਾਇਕ ਨੂੰ ਕੋਈ ਜਾਦੂਈ ਵਸਤੂ ਦਿੰਦਾ ਹੈ। ਨਾਵਲ 'ਮਹਾਂਬਲੀ ਸੂਰਾ' ਵਿਚ ਗੁਰੂ ਗੋਬਿੰਦ ਸਿੰਘ ਜੀ ਬਾਬਾ ਬੰਦਾ ਸਿੰਘ ਬਹਾਦਰ ਨੂੰ ਆਪਣੇ ਤੀਰ ਭੇਟ ਵਿਚ ਦਿੰਦੇ ਹਨ, ਨਾਵਲ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾਨੀ ਦੇ ਕਾਰਜ ਖੇਤਰ ਵਿਚ ਆਉਂਦੇ ਹਨ। ਬਿਰਤਾਂਤਕ ਪੱਧਰ ਬੰਦਾ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਦੇ ਮਿਲਾਪ ਨਾਲ ਸੰਬੰਧਤ ਹੈ। ਇਹ ਬਿਰਤਾਂਤਕ-ਇਕਾਈ ਇਤਿਹਾਸ ਦੀ ਅਹਿਮ ਕੜੀ ਹੈ। ਇਸ ਕੜੀ ਤੋਂ ਬਿਨ੍ਹਾਂ ਇਤਿਹਾਸ ਦੀ ਤਾਸੀਰ ਹੋਰ ਹੋਈ ਸੀ। ਇਸ ਬਿਰਤਾਂਤਕ ਇਕਾਈ ਵਿਚ ਬੰਦਾ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਦੇ ਸਹਿਜ ਗੰਭੀਰ ਅਤੇ ਪ੍ਰਭਾਵਸ਼ਾਲੀ ਸੰਬਾਦ ਸ਼ੁਰੂ ਹੁੰਦਾ ਹੈ। ਇਸ ਵਿਚ ਨਾਵਲਕਾਰ ਨੇ ਚਮਤਕਾਰ, ਕਰਾਮਾਤ ਅਤੇ ਅੰਧ-ਵਿਸ਼ਵਾਸ ਨੂੰ ਰੱਦ ਕਰਕੇ ਇਕ ਲੰਮਾ ਸੰਵਾਦ ਸਿਰਜਿਆ ਹੈ। ਮਾਧੋਦਾਸ ਬੈਰਾਗੀ ਵਿਚ ਰੂਪਾਂਤਰਨ ਕਿਸੇ ਗੈਬੀ ਸ਼ਕਤੀ ਨਾਲ ਨਹੀਂ ਵਾਪਰਦਾ ਸਗੋਂ ਪੰਜਾਬੀਅਤ ਦਾ ਜ਼ੁਲਮ ਨਾ ਸਹਿਣਾ ਅਤੇ ਆਪਣੀ ਅਜ਼ਾਦ ਹਸਤੀ ਲਈ ਯੁੱਧ ਕਰਨਾ ਇਸ ਨਾਵਲ ਵਿਚ ਸ਼ਾਮਿਲ ਹੈ। ਗੁਰੂ-ਇਤਿਹਾਸ ਅਤੇ ਗੁਰੂ-ਸ਼ਹੀਦੀਆਂ ਅਤੇ ਇਸ ਪ੍ਰੰਪਰਾ ਦੇ ਫਲਸਫ਼ੇ ਤੋਂ ਵਾਕਫ਼ ਹੋ ਕੇ ਮਾਧੋਦਾਸ ਬੈਰਾਗੀ ਬੰਦਾ ਬਹਾਦਰ ਬਣਦਾ ਹੈ।

" ਸਿੰਘ ਸਾਹਿਬ ਮੇਰੀਆਂ ਸ਼ੰਕਾਵਾਂ ਨਵਿਰਤ ਹੋ ਗਈਆਂ। ਮੈਂ ਇਹ ਚੋਲਾ ਲਾਹ ਕੇ

ਕਮਰਕੱਸਾ ਕਰਨ ਲਈ ਰਾਜ਼ੀ ਹਾਂ। ਮਾਧੋਦਾਸ ਨੇ ਅੱਜ ਪਹਿਲੀ ਵਾਰ ਗੁਰੂ ਸਾਹਮਣੇ

> ਸੀਸ ਝੁਕਾ ਕੇ ਨਮਸਕਾਰ ਕੀਤਾ। ਗੁਰੂ ਜੀ ਦੇ ਚਿਹਰੇ ਉੱਪਰ ਖੁਸ਼ੀ ਫੈਲ ਗਈ ਬੋਲੇ ਕੱਲ੍ਹ ਸਵੇਰੇ ਅਸੀਂ ਕੁਝ ਐਲਾਨ ਕਰਾਂਗੇ। ਸਿੰਘ ਇਸਨੂੰ ਚਮਤਕਾਰ ਵੀ ਆਖ ਸਕਦੇ ਨੇ ਮਾਧੋਦਾਸ ਅਸੀਂ ਕੁਝ ਦਿਨਾਂ ਤੋਂ ਇਕ ਗੱਲ ਆਖਣ ਦੀ ਸੋਚ ਰਹੇ ਸਾਂ। ਹੁਣ ਸਮਾਂ ਆ ਗਿਆ ਹੈ।"[22]

ਦਸ਼ਮੇਸ਼ ਪਿਤਾ ਨੇ ਜ਼ਾਲਮਾਂ ਨੂੰ ਸੋਧਣ ਲਈ ਬੰਦਾ ਸਿੰਘ ਬਹਾਦਰ ਨੂੰ ਸਿੱਖ ਕੌਮ ਦਾ ਪਹਿਲਾ ਜਥੇਦਾਰ ਬਣਾ ਕੇ ਪੰਜਾਬ ਭੇਜਿਆ ਤਾਂ ਕਿ ਉੱਥੇ ਚੱਲ ਰਹੇ ਜ਼ਾਲਮ ਰਾਜ ਨੂੰ ਖਤਮ ਕਰਕੇ ਗੁਰੂ ਆਸ਼ੇ ਅਨੁਸਾਰ ਖ਼ਾਲਸਾ ਰਾਜ ਦੀ ਸਥਾਪਨਾ ਕੀਤੀ ਜਾ ਸਕੇ। ਗੁਰੂ ਸਾਹਿਬ ਨੇ ਪੰਜ ਸਿੰਘ-ਬਾਬਾ ਵਿਨੋਦ ਸਿੰਘ, ਕਾਨ੍ਹ ਸਿੰਘ, ਬਾਜ ਸਿੰਘ, ਬਿਜੈ ਸਿੰਘ, ਰਾਮ ਸਿੰਘ ਨਾਲ ਦੇ ਕੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਵੱਲ ਤੋਰਿਆ ਅਤੇ ਸਹਾਇਤ ਲਈ ਸਿੱਖਾਂ ਦੇ ਨਾਮ ਹੁਕਮਨਾਮੇ ਲਿਖ ਦਿੱਤੇ। ਵਿਦਾਇਗੀ ਵੇਲੇ ਪੰਜ ਤੀਰ ਵੀ ਭੇਟ ਕੀਤੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਕਾਲ ਦੇ ਅੰਤਲੇ ਸਮੇਂ ਵਿਚ, ਬੰਦੇ ਦੇ ਮੋਢੇ ਉੱਤੇ ਖ਼ਾਸ ਜਿੰਮੇਵਾਰੀਆਂ ਸੌਂਪ ਕੇ ਪੰਜਾਬ ਵਲ ਰਵਾਨਾ ਹੋਣ ਦਾ ਹੁਕਮ ਦਿੱਤਾ। ਬਾਬਾ ਬੰਦਾ ਸਿੰਘ ਬਹਾਦਰ ਨੇ ਗੁਰੂ ਜੀ ਦੇ ਹੁਕਮ ਨੂੰ ਸਿਰ ਮੱਥੇ ਤੇ ਮੰਨਦੇ ਹੋਏ, ਉਹਨਾਂ ਦੀਆਂ ਅਸੀਸਾਂ ਅਤੇ ਖ਼ਾਸ ਬਖਸ਼ਸ਼ਾਂ- ਪੰਜ ਤੀਰ, ਕੇਸਰੀ ਨਿਸ਼ਾਨ ਤੇ ਨਗਾਰਾ, ਲੈ ਕੇ ਨਾਂਦੜੇ ਤੋਂ ਪੰਜ ਸਿੰਘਾਂ ਨਾਲ ਪੰਜਾਬ ਵੱਲ ਕੂਚ ਕੀਤਾ।

## ਨਾਇਕ ਦਾ ਕਾਰਜ-ਖੇਤਰ :-

'ਮਹਾਂਬਲੀ ਸੂਰਾ' ਨਾਵਲ ਦਾ ਨਾਇਕ ਬਾਬਾ ਬੰਦਾ ਸਿੰਘ ਬਹਾਦਰ ਹੈ। ਨਾਵਲ ਦਾ ਕੇਂਦਰੀ ਥੀਮ ਬਾਬਾ ਬੰਦਾ ਸਿੰਘ ਬਹਾਦਰ ਦੇ ਜੀਵਨ ਨਾਲ ਸਬੰਧਿਤ ਹੈ। ਬੰਦਾ ਬਹਾਦਰ ਦਾ ਜਨਮ, ਉਸ ਦੇ ਮਾਤਾ-ਪਿਤਾ ਦੀ ਮੌਤ ਤੋਂ ਬਾਅਦ ਘਰ ਵਿੱਚ ਉਸ ਨਾਲ ਹੰਦੀ ਬੇ-ਇਨਸਾਫੀ ਅਤੇ ਕੁੱਟ ਮਾਰ ਸਬੰਧੀ ਜੋ ਵੇਰਵੇ ਨਾਵਲ ਵਿੱਚ ਪ੍ਰਸਤੁਤ ਕੀਤੇ ਹਨ, ਉਹ ਵਧੇਰੇ ਯਥਾਰਥਕ ਹਨ। ਘਰੋਂ ਭੱਜਣ, ਬੈਰਾਗੀ ਸਾਧ ਬਣਨ ਤੋਂ ਲੈ ਕੇ ਮਰਾਠਾ ਫ਼ੌਜੀ ਜੀਵਨ ਬਤੀਤ ਕਰਨ, ਮੁਗਲਾਂ ਦੇ ਜਬਰ ਜ਼ੁਲਮ ਕਾਰਨ ਪ੍ਰੇਸ਼ਾਨ ਹੋਣ, ਬੈਰਾਗੀ ਤੋਂ ਯੋਧਾ ਬਣਨ, ਸ਼ਿਕਾਰ ਖੇਡਣ, ਗੁਰੂ ਜੀ ਦੀ ਸੰਗਤ ਵਿੱਚ ਸ਼ਾਮਿਲ ਹੋਣ, ਗੁਰੂ ਜੀ ਦੀ ਵਿਚਾਰਧਾਰਾ ਅਤੇ ਫ਼ਲਸਫ਼ੇ ਤੋਂ ਪ੍ਰਭਾਵਿਤ ਹੋਣ, ਗੁਰੂ ਸਾਹਿਬ ਦੇ ਰਹਿ ਗਏ ਕਾਰਜਾਂ ਨੂੰ ਪੂਰਾ ਕਰਨਾ, ਮੁਗਲ ਸਲਤਨਤ ਨਾਲ ਟੱਕਰ ਲੈਣ, ਮਜ਼ਲੂਮਾਂ-ਮੁਜ਼ਾਰਿਆਂ ਕਿਸਾਨਾਂ ਦਾ ਖ਼ਾਲਸਾਈ ਰਾਜ ਸਥਾਪਤ ਕਰਨ, ਪੰਚਾਇਤੀ ਰਾਜ ਨੂੰ ਮਾਨਤਾ ਦੇਣ, ਸ਼ਹੀਦੀ ਪ੍ਰਾਪਤ ਕਰਨ ਤੱਕ ਦੇ ਸਾਰੇ ਵੇਰਵੇ, ਘਟਨਾਵਾਂ, ਕਾਰਜ, ਕਾਰਨਾਮੇ ਮਹੱਤਵਪੂਰਨ ਅਤੇ ਯਥਾਰਥਕ ਹਨ। ਨਾਵਲ ਵਿਚ ਬੰਦਾ ਬਹਾਦਰ ਦੇ ਗ੍ਰਹਿਸਥੀ ਜੀਵਨ ਨੂੰ ਮਾਨਤਾ ਦਿੱਤੀ ਹੈ। ਬੰਦਾ ਬਹਾਦਰ ਦਾ ਵਿਆਹ ਕਰਵਾਉਣ ਉੱਚਿਤ ਸੀ, ਇਸ ਬਾਰੇ ਕਈ ਵਿਵਾਦਗ੍ਰਸਤ ਵਿਚਾਰਧਾਰਾਵਾਂ ਹਨ, ਗੁਰਮਤਿ ਅਨੁਸਾਰ ਗ੍ਰਹਿਸਥੀ ਜੀਵਨ ਉੱਤਮ ਅਤੇ ਅਤਿ ਜ਼ਰੂਰੀ ਹੈ। ਉਸ ਨੇ ਗ੍ਰਹਿਸਥੀ ਜੀਵਨ ਅਪਣਾ ਕੇ ਕੋਈ ਅਪਰਾਧ ਨਹੀਂ ਕੀਤਾ। ਉਹ ਉੱਚ-ਆਚਰਨ ਅਤੇ ਚੰਗੇ ਆਚਾਰ-ਵਿਹਾਰ ਦਾ ਧਾਰਨੀ ਸੀ। ਉਹ ਹਮੇਸ਼ਾ ਹਰ ਜਾਤ ਅਤੇ ਹਰ ਧਰਮ ਦੀਆਂ ਧੀਆਂ ਭੈਣਾਂ ਦੀ ਇੱਜ਼ਤ ਦਾ

ਰਖਵਾਲਾ ਰਿਹਾ ਹੈ। ਉਸ ਨੇ ਧੀਆਂ ਭੈਣਾਂ ਦੀ ਹਿਫ਼ਾਜ਼ਤ ਹੀ ਨਹੀਂ ਕੀਤੀ ਬਲਕਿ ਬੰਦਾ ਬਹਾਦਰ ਅਤੇ ਉਸ ਦੀ ਫ਼ੌਜ ਨੇ ਗਰੀਬਾਂ, ਕਿਸਾਨਾਂ, ਮੁਜ਼ਾਰਿਆਂ, ਦੀਨ ਦੁਖੀਆਂ ਕੰਮੀ ਕਮੀਣਾਂ ਨੂੰ ਵੀ ਸੁਰਖਿਆ ਦਿੱਤੀ।

ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਬੰਦਾ ਬਹਾਦਰ ਨੇ ਮੁਗਲ ਰਾਜਿਆਂ ਖਿਲਾਫ਼ ਇਕ ਕ੍ਰਾਂਤੀਕਾਰੀ ਚੇਤਨਾ ਹੀ ਪੈਦਾ ਨਹੀਂ ਕੀਤੀ, ਸਗੋਂ ਉਨ੍ਹਾਂ ਨਾਲ ਯੁੱਧ ਕਰਕੇ ਮੁਗ਼ਲ ਰਾਜਿਆਂ ਦਾ ਲੱਕ ਵੀ ਤੋੜਿਆ। ਬੰਦਾ ਬਹਾਦਰ ਦਾ ਯੁੱਧ ਨਾ ਹੀ ਨਿੱਜ ਲਈ ਸੀ, ਨਾ ਹੀ ਆਪਣੇ ਅਸਤਿਤਵ ਲਈ ਸੀ, ਨਾ ਹੀ ਕਿਸੇ ਵਿਸ਼ੇਸ਼ ਸ਼ਾਸਕ ਵਿਰੁੱਧ ਸੀ ਇਸ ਪੂਰੀ ਮੁਗ਼ਲ ਸਲਤਨਤ ਦੇ ਪ੍ਰਬੰਧ ਵਿਰੁੱਧ ਸੀ। ਲੇਖਕ ਨੇ ਯੁੱਧ ਦੀਆਂ ਮਾਨਤਾਵਾਂ ਨੂੰ ਹੀ ਪੇਸ਼ ਨਹੀਂ ਕੀਤੀ, ਸਗੋਂ ਇਸ ਯੁੱਧ ਦੇ ਦਵੰਦਾਂ, ਤਨਾਵਾਂ, ਟਕਰਾਵਾਂ ਅਤੇ ਜਮਾਤੀ ਸੰਘਰਸ਼ਾਂ ਨੂੰ ਵੀ ਪ੍ਰਸਤੁਤ ਕੀਤਾ ਹੈ।

"ਆਹ ਲੋਕ ਜੋ ਅਸਾਡੇ ਸਾਹਮਣੇ ਬੈਠੇ ਹੋਏ ਨੇ।

ਕਿਸਾਨ, ਮੁਜ਼ਾਰੇ, ਹਲਵਾਹਕ ਜਿਹੜੇ ਆਸ ਪਾਸ

ਦੇ ਪਿੰਡਾਂ ਤੋਂ ਆਏ ਨੇ। ਇਹ ਜਿਹੜੀ ਜ਼ਮੀਨ ਵਾਹੁੰਦੇ

ਨੇ, ਜਿੰਨੀ ਉਪਰ ਵੀ ਕਾਸ਼ਤ ਕਰਦੇ ਨੇ। ਅੱਜ ਤੋਂ ਇਨ੍ਹਾਂ

ਕਿਸਾਨਾਂ ਮੁਜ਼ਾਰਿਆਂ ਨੂੰ ਜ਼ਮੀਨਾਂ ਦੇ ਮਾਲਕ ਬਣਾਇਆ

ਜਾਂਦਾ ਹੈ। ਹੁਣ ਇਹ ਆਪਣੀਆਂ ਜ਼ਮੀਨਾ ਦੇ ਖੁਦ ਮਾਲਕ

ਹੋਣਗੇ।"[23]

ਬੰਦਾ ਬਹਾਦਰ ਦੇ ਯੁੱਧਨੀਤਕ ਫੈਸਲੇ ਇਤਿਹਾਸਕ ਸੱਚ ਹਨ, ਜੋ ਤੱਤਕਾਲ ਦੇ ਅਨੁਕੂਲ ਅਤੇ ਲੋੜ ਅਨੁਸਾਰ ਹਨ। ਮੁਗ਼ਲਾਂ ਨਾਲ ਟਾਕਰਿਆਂ ਅਤੇ ਯੁੱਧਾਂ ਦਰਮਿਆਨ ਕਤਲੋਗਾਰਤ ਹੋਣੀ ਕੁਦਰਤੀ ਅਤੇ ਜ਼ਰੂਰੀ ਸੀ। ਉਸ ਕੋਲ ਸ਼ਕਤੀ ਸੀਮਤ ਸੀ ਪਰ ਉਸ ਦੇ ਯੁੱਧਨੀਤਕ ਕਾਰਜ ਲਾਸਾਨੀ ਸਨ। ਉਸ ਨੂੰ ਮੁਗ਼ਲ ਸਾਮਰਾਜ ਵੱਲੋਂ ਜ਼ਮੀਨਾਂ ਜਾਇਦਾਦਾਂ, ਧਨ ਸੰਪਤੀ ਤੋਂ ਬਿਨਾਂ ਹੋਰ ਕਈ ਲਾਲਚ ਦਿੱਤੇ ਗਏ, ਪ੍ਰੰਤੂ ਉਸ ਨੇ ਕੋਈ ਵੀ ਲਾਲਚ ਜਾਂ ਲੋਭ ਨੂੰ ਸਵੀਕਾਰ ਕਰਕੇ ਇਤਿਹਾਸ ਨੂੰ ਕਲੰਕਤ ਨਹੀਂ ਕੀਤਾ। ਉਸ ਨੇ ਕਿਸੇ ਵੀ ਕਦਮ 'ਤੇ ਮੁਗ਼ਲਾਂ ਦੀ ਈਨ ਨਹੀਂ ਮੰਨੀ। ਉਹ ਬੇ-ਖੌਫ਼ ਲੜਿਆ, ਸੰਘਰਸ਼ ਕੀਤਾ ਅਤੇ ਸ਼ਹਾਦਤ ਦਿੱਤੀ। ਉਹ ਆਪਣੇ ਮਸੂਮ ਪੁੱਤਰ ਅਜੈ ਸਿੰਘ ਦੀ ਸ਼ਹੀਦੀ ਤੋਂ ਵੀ ਨਹੀਂ ਡਰਿਆ। ਮੁਗਲਾਂ ਦੇ ਜਬਰ-ਜ਼ੁਲਮ ਉਸ ਨੂੰ ਝੁਕਾਅ ਨਾ ਸਕੇ। ਬੰਦਾ ਬਹਾਦਰ ਦੀ ਸ਼ਹਾਦਤ ਨੇ ਪੰਜਾਬ ਦੇ ਇਤਿਹਾਸ ਨੂੰ ਹੋਰ ਸੁਰਖ ਰੰਗ ਚਾੜ੍ਹਿਆ ਹੈ। ਉਸ ਦੀ ਕੁਰਬਾਨੀ ਅਤੇ ਉਸ ਦੀ ਖ਼ਾਲਸਾਈ ਫ਼ੌਜ ਦੀ ਕੁਰਬਾਨੀ ਇਤਿਹਾਸ ਦੇ ਪੰਨਿਆ ਤੇ ਅਮਿੱਟ ਹੈ। ਇਤਿਹਾਸਕ ਸਚਾਈ ਇਹ ਹੈ ਕਿ ਗੁਰੂਆਂ ਤੋਂ ਬਾਅਦ ਬੰਦਾ ਬਹਾਦਰ ਦੇ ਕਾਰਜਾਂ, ਯੁੱਧਾਂ ਤੇ ਯੁੱਧੀਕਰਨ ਕਾਰਨਾਮਿਆਂ

ਦੀ ਬਦੌਲਤ ਹੀ ਮੁਗ਼ਲ ਸਾਮਰਾਜ ਦੀਆਂ ਨੀਹਾਂ ਹਿੱਲੀਆਂ ਸਨ। ਭਾਰਤ ਵਿੱਚੋਂ ਮੁਗ਼ਲ ਸਾਮਰਾਜ ਦਾ ਸੂਰਜ ਸਦਾ ਲਈ ਅਸਤ ਕਰ ਦਿੱਤੀ ਸੀ।

'ਮੈਂ ਪਾਕਿਸਤਾਨ ਨਹੀਂ ਜਾਣਾ' ਨਾਵਲ ਕਾਮਰੇਡ ਰੁਲਦੂ ਖ਼ਾਨ ਦੇ ਜੀਵਨ ਨੂੰ ਪੇਸ਼ ਕਰਦਾ ਹੈ। ਰੁਲਦੂ ਖ਼ਾਨ ਸਹੀ ਅਰਥਾਂ ਵਿਚ ਕਾਮਰੇਡ ਸੀ। ਉਹ ਸਾਰੀ ਉਮਰ ਕਮਿਊਨਿਸਟ ਪਾਰਟੀ ਪ੍ਰਤੀ ਸਮਰਪਿਤ ਰਿਹਾ। ਉਸ ਨੇ ਪੂਰੀ ਈਮਾਨਦਾਰੀ ਨਾਲ ਕਮਿਊਨਿਸਟ ਪਾਰਟੀ ਦੀ ਸੇਵਾ ਕੀਤੀ। ਕਾਮਰੇਡ ਖ਼ਾਨ ਆਪਣੇ ਸਕੇ ਸਬੰਧੀਆਂ ਅਤੇ ਦੋਸਤਾਂ ਮਿੱਤਰਾਂ ਦੀ ਬਜਾਏ ਆਪਣੀ ਪਾਰਟੀ ਨੂੰ ਪਹਿਲ ਦਿੰਦਾ ਸੀ। 1947 ਦੀ ਦੇਸ਼ ਵੰਡ ਸਮੇਂ ਉਸ ਦਾ ਸਾਰਾ ਪਰਿਵਾਰ ਪਾਕਿਸਤਾਨ ਚਲਾ ਗਿਆ ਪਰ ਕਾਮਰੇਡ ਖ਼ਾਨ ਨੇ ਆਪਣੀ ਮਾਤ ਭੂਮੀ ਨੂੰ ਨਹੀਂ ਛੱਡਿਆ ਜਿਸ ਤੋਂ ਉਸ ਆਪਣੇ ਦੇਸ਼ ਪ੍ਰਤੀ ਪਿਆਰ ਦਾ ਪਤਾ ਲੱਗਦਾ ਹੈ। ਇਸ ਤੋਂ ਇਲਾਵਾ ਆਪਣੀ ਜ਼ਿੰਦਗੀ ਦੇ ਅੰਤਲੇ ਸਮੇਂ ਤੱਕ ਆਪਣੀ ਪਾਰਟੀ ਨਾਲ ਰਿਹਾ। ਉਸ ਦੇ ਪਰਿਵਾਰ ਨੂੰ ਉਸ ਦੀਆਂ ਇਹ ਗਤੀਵਿਧੀਆਂ ਬਿਲਕੁਲ ਵੀ ਪੰਸਦ ਨਹੀਂ ਸਨ। ਉਸ ਨੇ ਲੋੜ ਪੈਣ ਉੱਤੇ ਆਪਣੀ ਪਤਨੀ ਨੂੰ ਵੀ ਛੱਡ ਦਿੱਤਾ ਪਰ ਆਪਣੀ ਪਾਰਟੀ ਨੂੰ ਨਹੀਂ ਛੱਡਿਆ। ਉਸ ਨੇ ਸਾਰੀ ਜ਼ਿੰਦਗੀ ਆਪਣੀ ਪਾਰਟੀ ਅਤੇ ਖੇਤ ਮਜ਼ਦੂਰਾਂ-ਕਿਸਾਨਾਂ ਲਈ ਸਮਰਪਿਤ ਕਰ ਦਿੱਤੀ।

ਕਾਮਰੇਡ ਰੁਲਦੂ ਖ਼ਾਨ ਦਾ ਜਨਮ ਜ਼ਿਲ੍ਹਾ ਮੋਗਾ ਦੇ ਪਿੰਡ ਖੋਟੇ ਵਿਚ ਹੋਇਆ ਪਰ ਉਸਨੇ ਜ਼ਿੰਦਗੀ ਦਾ ਬਹੁਤਾ ਸਮਾਂ ਮੋਗੇ ਸ਼ਹਿਰ ਦੀ ਫੌਜੀ ਮਾਰਕਿਟ ਦੇ ਚੁਬਾਰਿਆਂ ਵਿਚ ਬਿਤਾਇਆ। ਫੌਜੀ ਮਾਰਕਿਟ ਦੇ ਚੁਬਾਰਿਆਂ ਨਾਲ ਬਹੁਤ ਪਿਆਰ ਸੀ। ਕਾਮਰੇਡ ਖ਼ਾਨ ਦੀਆਂ ਸਰਗਰਮੀਆਂ ਦੇ ਕੇਂਦਰ ਵੀ ਇਹ ਚੁਬਾਰੇ ਹੀ ਸਨ ਇਥੇ ਹੀ ਸਾਰੇ ਪ੍ਰੋਗਰਾਮ ਉਲੀਕੇ ਜਾਂਦੇ ਹਨ। ਮੋਗੇ ਦੂਰੋਂ ਆ ਕੇ ਰਹਿਣਾ ਵੀ ਔਖਾ ਸੀ, ਦੂਸਰਾ ਕਾਮਰੇਡਾਂ ਅਤੇ ਮਜ਼ਦੂਰ-ਕਿਸਾਨਾਂ ਨੂੰ ਆਉਣ ਜਾਣ ਲਈ ਕੋਈ ਮੁਸ਼ਕਿਲ ਨਹੀਂ ਆਉਂਦੀ ਸੀ। ਉਸ ਦੇ ਆਪਣੇ ਪਿੰਡ ਖੋਟੇ ਤੋਂ ਬਾਅਦ ਫੌਜੀ ਮਾਰਕਿਟ ਦੇ ਚੁਬਾਰੇ ਉਸ ਲਈ ਘਰ ਵਾਂਗ ਹੀ ਸਨ। ਕਿਸੇ ਪਾਰਟੀ ਦੇ ਮੈਂਬਰ ਨੇ ਖ਼ਾਨ ਨੂੰ ਇਹ ਚੁਬਾਰੇ ਮੁਫ਼ਤ ਵਿਚ ਦਿੱਤੇ ਹੋਏ ਸਨ। ਇਹਨਾਂ ਚੁਬਾਰਿਆਂ ਨੂੰ ਹੀ ਉਹ ਆਪਣਾ ਘਰ ਹੀ ਸਮਝਦਾ ਸੀ। ਇੱਥੇ ਹੀ ਸਾਰੇ ਪਾਰਟੀ ਦੇ ਪ੍ਰੋਗਰਾਮ ਬਣਾਏ ਜਾਂਦੇ, ਬਹਿਸਾਂ ਹੁੰਦੀਆਂ, ਬਾਅਦ ਵਿਚ ਇਹਨਾਂ ਚੁਬਾਰਿਆਂ ਨੇ ਹੀ ਵੱਡੀ ਗਿਣਤੀ ਵਿਚ ਕਾਮਰੇਡ ਪੈਦਾ ਕੀਤੇ ਸਨ।

ਕਾਮਰੇਡ ਖ਼ਾਨ ਨੇ ਆਪਣੀ ਵੇਡਰੀ ਉਮਰ ਅਤੇ ਬਿਮਾਰੀ ਦੀ ਹਾਲਤ ਵਿਚ ਵੀ ਸੰਘਰਸ਼ ਜਾਰੀ ਰੱਖਿਆ। ਉਹ ਸਮੇਂ-ਸਮੇਂ ਅਯੋਜਿਤ ਕਾਨਫਰੰਸਾਂ ਵਿਚ ਉਚੇਰੇ ਤੌਰ ਤੇ ਸ਼ਾਮਲ ਹੁੰਦਾ ਰਿਹਾ ਹੈ। ਉਸ ਨੇ ਅੱਤਵਾਦੀ ਦੌਰ ਵਿਚ ਵੀ ਆਪਣੇ ਸੰਘਰਸ਼ਾਂ ਨੂੰ ਜਾਰੀ ਰੱਖਿਆ। ਇਸ ਦੌਰ ਵਿਚ ਕਈ ਕਾਮਰੇਡ ਆਗੂ ਸ਼ਹੀਦ ਹੋਏ ਜਿਸਦਾ ਉਸ ਨੂੰ ਬਹੁਤ ਦੁੱਖ ਹੋਇਆ। ਉਸਨੇ ਅੱਤਵਾਦ ਦੀ ਚੁਣੌਤੀ ਕਬੂਲ ਕੇ ਹੀ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਦੀ ਯਾਦ ਵਿਚ ਮੋਗਾ ਬੱਸ ਸਟੈਂਡ ਵਿਖੇ ਇਕ ਵੱਡ-ਆਕਾਰੀ ਹਾਲ ਆਪਣੀ ਜ਼ਿੰਮੇਵਾਰੀ ਹੇਠ ਉਸਾਰਿਆ ਸੀ। ਇਸ ਦੀ ਉਸਾਰੀ ਲਈ ਉਹ ਖ਼ੁਦ ਕੈਨੇਡਾ ਜਾ ਨੇ ਧਨ ਰਾਸ਼ੀ ਇੱਕਠੀ ਕਰਕੇ ਲਿਆਇਆ। ਬਲਦੇਵ ਸਿੰਘ ਨੇ ਨਾਵਲ ਵਿਚ ਉਹਨਾਂ ਜਟਿਲ ਸਮਾਜਕ ਮਸਲਿਆਂ ਨੂੰ ਪੇਸ਼ ਕੀਤਾ ਹੈ ਜੋ ਅੱਜ ਵੀ ਕਮਿਊਨਿਸਟ ਪਾਰਟੀ ਲਈ ਸਿਰਦਰਦੀ ਬਣੇ ਹੋਏ ਹਨ। ਰੁਲਦੂ ਖ਼ਾਨ ਦਾ ਵਿਚਾਰ ਸੀ ਕਿ ਖੇਤ ਮਜ਼ਦੂਰ ਅਤੇ ਨਿਮਨ ਕਿਸਾਨੀ ਵਰਗਾਂ ਵਿਚ ਜੱਥੇਬੰਦਕ ਏਕਤਾ ਸਮੇਂ ਦੀ ਜ਼ਰੂਰਤ ਹੈ। ਜਦ ਤੱਕ ਇਹਨਾਂ ਦੋਹਾਂ ਵਰਗਾਂ ਵਿਚ

ਏਕਤਾ ਨਹੀਂ ਹੁੰਦੀ ਉਨੀਂ ਦੇਰ ਇਨਕਲਾਬ ਅਸੰਭਵ ਹੈ। ਕਾਮਰੇਡ ਰੁਲਦੂ ਖ਼ਾਨ ਆਪਣੇ ਵਿਚਾਰ ਆਪਣੇ ਭਾਸ਼ਨ ਦੌਰਾਨ ਪੇਸ਼ ਵਿਚਾਰ:-

> " ਜੱਥੇਬੰਦੀ ਤੋਂ ਬਿਨ੍ਹਾਂ ਅਸੀਂ ਲੋਟੂ ਢਾਂਚੇ ਤੋਂ ਨਿਜਾਤ ਨਹੀਂ ਪਾ ਸਕਾਂਗੇ। ਛੋਟੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੂੰ ਸਮਝ ਲੈਣਾ ਚਾਹੀਦਾ ਹੈ, ਆਪਸ ਵਿੱਚ ਲੜਨ ਜਾਂ ਵਿਰੋਧ ਕਰਨ ਦੀ ਥਾਂ ਇੱਕ ਦੂਜੇ ਦਾ ਸਾਥ ਦੇਣਾ ਚਾਹੀਦਾ ਹੈ।"
>
> " ਛੋਟਾ ਕਿਸਾਨ ਅਤੇ ਸੀਰੀ ਇੱਕੋ ਜੂਨ ਹੰਢਾਉਂਦੇ ਹਨ।"[24]

'ਖਾਕੂ ਜੇਡੂ ਨ ਕੋਇ' ਨਾਵਲ ਇਕ ਕਿਸਾਨ ਦੇ ਜੀਵਨ ਨੂੰ ਪੇਸ਼ ਕਰਦਾ ਹੈ। ਇਸ ਨਾਵਲ ਦਾ ਨਾਇਕ ਰਾਜਪਾਲ ਹੈ। ਰਾਜਪਾਲ ਹੈ ਜੋ ਪੜ੍ਹਿਆ-ਲਿਖਿਆ ਤੇ ਰਾਜਨੀਤਕ ਤੌਰ 'ਤੇ ਚੇਤਨ ਹੈ ਪਰ ਪਰਿਸਥਿਤੀਆਂ ਅੱਗੇ ਉਹਦੀ ਕੋਈ ਪੇਸ਼ ਨਹੀ ਜਾਂਦੀ। ਰਾਜਪਾਲ ਨੇ ਬੀ.ਏ. ਤਾਂ ਕਰ ਲਿਆ ਪਰ ਚੰਗੇ ਨੰਬਰ ਨਹੀਂ ਆਏ। ਰਾਜਪਾਲ ਕਾਲਜ ਵਿੱਚ ਲੀਡਰ ਹੋਣ ਕਰਕੇ ਉਸ ਦੀ ਅਫ਼ਸਰਾਂ ਨਾਲ ਜਾਣ ਪਛਾਣ ਵੀ ਹੈ ਪਰ ਫਿਰ ਵੀ ਉਸ ਨੂੰ ਨੌਕਰੀ ਨਹੀ ਮਿਲਦੀ। ਉਹ ਜਿਥੇ ਵੀ ਜਾਂਦਾ ਕੁਮਲਾਇਆ ਜਿਹਾ ਮੂੰਹ ਲੈ ਕੇ ਘਰ ਆ ਜਾਂਦਾ। ਅਖੀਰ ਰਾਜਪਾਲ ਨੇ ਦੁਖੀ ਹੋ ਕਿ ਖੇਤੀ ਕਰਨ ਦਾ ਮਨ ਬਣਾਲਿਆ। ਰਾਜਪਾਲ ਕੋਲ ਜ਼ਮੀਨ ਘੱਟ ਹੈ ਪਰ ਫਿਰ ਵੀ ਉਹ ਆਪਣੇ ਘਰ ਦਾ ਗੁਜ਼ਾਰਾ ਕਰਦਾ ਹੈ। ਉਸ ਨੇ ਪਰਤਾਪ ਦੇ ਕਹਿਣਾ ਤੇ ਕਣਕ ਝੋਨਾ ਦਾ ਚੱਕਰ ਛੱਡ ਕੇ ਮੌਸਮੀ ਸਬਜੀ ਬੀਜਣਾ ਸ਼ੁਰੂ ਕਰ ਦਿੱਤੀ। ਜਿਸ ਨਾਲ ਉਸ ਦੀ ਹਾਲਾਤ ਵਿਚ ਸੁਧਾਰ ਆ ਜਾਂਦਾ ਹੈ ਅਤੇ ਉਹ ਹਰ ਛੋਟਾ ਘੱਟ ਜ਼ਮੀਨਾਂ ਵਾਲੇ ਕਿਸਾਨਾਂ ਨੂੰ ਆਪਣਾ ਨਾਲ ਸਾਂਝੀ ਖੇਤੀ ਕਰਨ ਲਈ ਮੰਨ ਲੈਂਦਾ ਹੈ। ਜਿਸ ਨਾਲ ਉਨ੍ਹਾਂ ਸਾਰੇ ਕਿਸਾਨਾਂ ਦੇ ਘਰਾਂ ਵਿਚ ਵੀ ਦੋ ਵਕਤ ਦੀ ਰੋਟੀ ਬਣੀ ਸ਼ੁਰੂ ਹੋ ਜਾਂਦੀ ਹੈ। ਹਿਸਾਬ ਕਰਨ ਸਮੇਂ ਰਾਜਪਾਲ ਹਰ ਇਕ ਨੂੰ ਕੋਲ ਬਿਠਾ ਕੇ ਸਮਝਾਉਂਦਾ ਸੀ। ਕਿੰਨਾ ਖ਼ਰਚ ਆਇਆ ਕਿੰਨੀ ਵੱਟਤ ਹੋਈ, ਕਿੰਨੀ ਬੱਚਤ ਹੋਈ। ਜ਼ਮੀਨ ਦੇ ਹਿਸਾਬ ਨਾਲ ਹਰ ਇਕ ਦਾ ਹਿੱਸਾ ਕਿੰਨਾ ਬਣਿਆ। ਸਾਰਿਆਂ ਦੇ ਚਿਹਰੇ ਉੱਪਰ ਇਕ ਤੱਸਲੀ ਸੀ। ਜਿਸ ਦੀ ਮਿਸਾਲ ਸਾਰਾ ਪਿੰਡ ਦਿੰਦਾ ਸੀ।

> " ਰਾਜਪਾਲ ਨੇ ਦੱਸਿਅ, 'ਆਪਣੇ ਸਾਂਝੇ ਖਾਤੇ ਵਿਚ ਲਗਭਗ ਵੀਹ ਹਜ਼ਾਰ ਰੁਪਏ ਜਮ੍ਹਾਂ ਹੋ ਚੁੱਕੇ ਹਨ। ਇਸ ਵਿਚ ਸਭ ਦਾ ਬਰਾਬਰ ਹਿੱਸਾ ਹੈ।'
>
> ' ਹਿੱਸੇਦਾਰਾਂ ਲਈ ਇਹ ਅਚੰਭਾਂ ਹੈ।'
>
> ' ਲੱਭੂ ਰਾਮ ਨੇ ਰਾਜਪਾਲ ਦੀਆਂ ਗੱਲਾਂ ਸੁਣਕੇ ਆਪਣੀ ਛਾਤੀ ਉੱਪਰ ਦੋਵੇਂ ਹੱਥ ਰੱਖ ਕੇ ਕਿਹਾ-' ਰਾਜਪਾਲ ਏਨੀ ਖੁਸ਼ੀ ਨਾ ਦਿਖਾ, ਸਾਡਾ

ਦਿਲ ਈ ਭੁੜਕ ਕੇ ਬਾਹਰ ਡਿੱਗ ਪਏ। '25

## ਨਕਲੀ ਨਾਇਕ ਦਾ ਕਾਰਜ-ਖੇਤਰ :-

ਨਾਇਕ ਦੇ ਕਾਰਜਾਂ ਦਾ ਲਾਭ ਉਠਾਉਂਦਾ ਹੈ।'ਮਹਾਂਬਲੀ ਸੂਰਾ' ਨਾਵਲ ਵਿਚ ਉਦੈ ਸਿੰਘ ਦਾ ਪਾਤਰ ਨਕਲੀ ਨਾਇਕ ਦੇ ਕਾਰਜ ਖੇਤਰ ਵਿਚ ਕੰਮ ਕਰਦਾ। ਉਦੈ ਸਿੰਘ ਨੇ ਆਪਣੇ ਰਾਜ ਦੀ ਸਰੱਖਿਆ ਲਈ ਬੰਦਾ ਬਹਾਦਰ ਨਾਲ ਪਰਿਵਾਰਕ ਸੰਬੰਧ ਜੋੜ ਲਏ ਹਨ ਇਸ ਲਈ ਉਸ ਦੀ ਸ਼ਕਤੀ ਬਾਕੀ ਪਹਾੜੀ ਰਾਜਿਆਂ ਨਾਲੋਂ ਬਹੁਤ ਵੱਧ ਜਾਂਦੀ ਹੈ। ਉਹ ਬੰਦਾ ਬਹਾਦਰ ਨੂੰ ਇਸ ਰਿਸ਼ਤੇ ਲਈ ਮੰਨਿਆ ਲੈਂਦਾ ਹੈ।

> " ਉਦੈ ਸਿੰਘ ਜਾਣਦਾ ਸੀ, ਪਹਾੜੀ ਰਾਜਿਆ ਅਤੇ ਮੁਗ਼ਲ ਬਾਦਸ਼ਾਹ ਦੀ ਸੈਨਾ ਵਿਚ ਬੰਦਾ ਬਹਾਦਰ ਦੇ ਨਾਮ ਦੀ ਦਹਿਸ਼ਤ ਸੀ। ਹੁਣ ਉਸਨੇ ਇਸ ਜਾਂਬਾਜ਼ ਅਤੇ ਬਹਾਦਰ ਸੈਨਾਪਤੀ ਨਾਲ ਪਰਿਵਾਰਕ ਸੰਬੰਧ ਜੋੜ ਲਏ ਸਨ। ਉਹ ਸਮਝਦਾ ਸੀ ਹੁਣ ਉਹ ਬਾਕੀ ਪਹਾੜੀ ਰਾਜਿਆਂ ਨਾਲੋਂ ਸ਼ਕਤੀਸ਼ਾਲੀ ਹੋ ਗਿਆ ਹੈ। "26

## ਬਲਦੇਵ ਸਿੰਘ ਦੇ ਨਾਵਲੀ ਸੰਗਠਨ ਦੀ ਵਿਲੱਖਣਤਾ :-

ਜ਼ਿੰਦਗੀ ਦੇ ਧਰਾਤਲਾਂ ਵਿਚੋਂ ਗੁਜ਼ਰਦਾ ਸਾਹਿਤਕਾਰ ਆਪਣੀ ਕਲਾਮਈ ਕਾਰੀਗਰੀ ਨਾਲ ਜ਼ਿੰਦਗੀ ਦੀ ਭਰਪੂਰਤਾ ਨੂੰ ਆਪਣੀਆਂ ਕਿਰਤਾਂ ਵਿੱਚ ਰੂਪਮਾਨ ਕਰਦਾ ਹੈ। ਉਸਦੀ ਕਲਪਨਾ ਦੀ ਖ਼ੂਬਸੂਰਤੀ ਅਤੇ ਚਿੰਤਨ ਦੀ ਨਿਰਾਕਾਰਤਾ ਦਾ ਸਾਕਾਰ ਵਿਚ ਪਲਟਣਾ ਸਾਹਿਤਕ ਕਿਰਤਾਂ ਰਾਹੀਂ ਪ੍ਰਤੀਬਿੰਬਤ ਹੁੰਦਾ ਹੈ। ਪੂੰਜੀਵਾਦੀ ਯੁੱਗ ਨਾਲ ਸਮਾਜਕ ਜੀਵਨ ਦਾ ਗੁੰਝਲਦਾਰ ਹੋਣਾ ਕੁਦਰਤੀ ਸੀ। ਹੋਰ ਸਾਹਿਤਕ ਕਿਰਤਾਂ ਦੇ ਨਾਲ-ਨਾਲ ਨਾਵਲ ਦੀ ਵਿਲੱਖਣਤਾ ਜ਼ਿੰਦਗੀ ਦੀ ਸੰਪੂਰਨ ਅਤੇ ਸਾਕਾਰ ਪੇਸ਼ਕਾਰੀ ਸਦਕਾ ਹੈ। ਨਾਵਲ ਵਰਗੀ ਰਚਨਾ ਰਾਹੀਂ ਇਤਿਹਾਸ ਦੀ ਮੌਲਿਕਤਾ ਅਤੇ ਸੈਵ-ਨਿਰਭਰਤਾ ਜਦੋਂ ਸਾਹਿਤ ਵਿਚ ਆਉਂਦੀ ਹੈ ਤਾਂ ਇਹ ਨੈਤਿਕਤਾ ਦਾ ਨਿਰਧਾਰਨ ਕਰਦੀ ਹੈ। ਇਤਿਹਾਸ ਦੇ ਜ਼ਾਹਰੀ ਰੂਪ ਬੇਨਕਸ਼ ਹੁੰਦੇ ਹੋਏ ਰੂਹਾਨੀਅਤ ਦੇ ਹੁਸਨ ਦੀ ਭਰਪੂਰਤਾ ਨੂੰ ਦਰਸਾਉਂਦੇ ਹਨ। ਸਰਵੋਤਮ ਇਤਿਹਾਸ ਕੇਵਲ ਘਟਨਾਵਾਂ ਅਤੇ ਸੂਚਨਾਵਾਂ ਦੇ ਬਾਹਰੀ ਚੌਖਟੇ ਤੱਕ ਸੀਮਿਤ ਨਾ ਰਹਿ ਕੇ ਮਨੁੱਖ ਦੇ ਉਸ ਅਸਲ ਕਲਾਮਈ ਰੂਪ ਨੂੰ ਪ੍ਰਗਟਾਉਂਦਾ ਹੈ ਜੋ ਅਸਲ ਅਤੇ ਸਜੀਵ ਹੈ। ਬਲਦੇਵ ਸਿੰਘ ਦਾ ਅਨੁਭਵ ਅਤੇ ਵਿਚਾਰਧਾਰਾ ਕਿਰਤਾਂ ਵਿਚੋਂ ਸਹਿਜ ਸੁਭਾਅ ਪ੍ਰਗਟ ਹੋਣ ਦੇ ਨਾਲ-ਨਾਲ ਆਪਣੀ ਗਤੀਸ਼ੀਲਤਾ ਅਤੇ ਨਿਰੰਤਰਤਾ ਦੇ ਬੇਰੋਕ ਵਹਿਣ ਵਿਚ ਅੰਤਰ-ਦ੍ਰਿਸ਼ਟਤਾ ਨਾਲ ਪਾਠਕਾਂ ਸਾਹਮਣੇ ਰੂਪਮਾਨ ਹੁੰਦੀ ਹੈ। ਉਹ ਯਥਾਰਥ ਤੋਂ ਅਧਿਆਤਮਕ ਵੱਲ ਜਾਂਦੇ ਹੋਏ ਆਪਣੀਆਂ ਵਿਚਾਰਧਾਰਕਾਂ ਅੰਤਰ-ਦ੍ਰਿਸ਼ਟੀਆਂ ਵਿਚੋਂ ਸਾਹਿਤ

ਇਤਿਹਾਸ ਅਤੇ ਧਰਮ ਦੇ ਰਮਣੀਕ ਰੂਪਾਂ ਨੂੰ ਸਾਹਿਤਕਤਾ ਦੇ ਬੰਧਨ ਵਿਚ ਰਹਿ ਕੇ ਵੀ ਆਤਮਕ ਆਭਾ ਨਾਲ ਉੱਚਿਤ ਅਨੁਮਾਨ ਵਿਚ ਸਿਰਜਦਾ ਹੈ। ਬਲਦੇਵ ਸਿੰਘ ਬਹੁਪਰਤੀ ਅਤੇ ਬਹੁ ਦਿਸ਼ਾਵੀ ਦ੍ਰਿਸ਼ਟੀ ਵਾਲਾ ਲੇਖਕ ਹੈ।

ਬਲਦੇਵ ਸਿੰਘ ਸਾਹਿਤ ਸਿਰਜਣਾ ਦੇ ਖੇਤਰ ਵਿੱਚ ਆਪਣੇ ਅਨੁਭਵ ਦੀ ਵਿਭਿੰਨਤਾ ਸਮੇਤ ਕਾਰਜਸ਼ੀਲ ਹੈ। ਉਹ ਪਿੰਡ ਵਿੱਚ ਜੰਮਿਆ, ਪਿੰਡ ਵਿੱਚ ਹੀ ਜਵਾਨ ਹੋਇਆ ਪਰ ਮਹਾਂਨਗਰਾਂ ਵਿੱਚ ਵਿਚਰਨ ਵਾਲਾ ਇਕ ਆਧੁਨਿਕ ਸਾਹਿਤਕਾਰ ਹੈ। ਉਹ ਕਿੱਤੇ ਵਜੋਂ ਟਰਾਂਸਪੋਰਟਰ ਹੈ ਜਿਸ ਕਰਕੇ ਉਸ ਦੇ ਸਾਹਿਤ ਵਿਚਲਾ ਅਨੁਭਵ ਖੇਤਰ ਪੰਜਾਬ ਵਿਚਲੇ ਵਸਤੂ ਮੂਲਕ ਅਨੁਭਵ ਤੋਂ ਅਗਾਂਹ ਭਾਰਤ ਵਿਚਲੇ ਹੋਰਨਾਂ ਪ੍ਰਦੇਸ਼ਿਕ ਖਿੱਤਿਆਂ ਤਕ ਫੈਲਿਆ ਹੋਇਆ ਹੈ। ਉਸ ਦੇ ਅਮੀਰ, ਨਿਵੇਕਲੇ ਅਤੇ ਵੱਖਰੇ ਅਨੁਭਵ ਕਾਰਨ ਹੀ ਉਸ ਦੀਆਂ ਰਚਨਾਵਾਂ ਵੱਖਰੇ ਵਿਸ਼ੇ ਲੈ ਕੇ ਸਨਮੁੱਖ ਹੁੰਦੀਆਂ ਹਨ। ਉਸਨੇ ਸਾਹਿਤ ਦੀ ਕਿਸੇ ਇਕ ਵਿਧਾ ਨਾਲ ਬੱਝਕੇ ਨਹੀਂ ਲਿਖਿਆ ਸਗੋਂ ਸਾਹਿਤ ਦੀ ਹਰ ਵਿਧਾ ਨੂੰ ਅਪਣਾਇਆ ਹੈ। ਉਹ ਪੰਜਾਬੀ ਸਾਹਿਤ ਦੀਆਂ ਅਨੇਕ ਵਿਧਾਵਾਂ ਜਿਵੇਂ ਕਹਾਣੀ, ਨਾਵਲ, ਨਾਟਕ, ਬਾਲ ਨਾਟਕ, ਸਵੈ-ਜੀਵਨੀ, ਸਫ਼ਰਨਾਮਾ, ਬਾਲ ਸਫ਼ਰਨਾਮਾ ਅਤੇ ਵਿਸ਼ੇਸ਼ ਕਥਾ-ਲੇਖ, ਸੜਕਨਾਮਾ ਆਦਿ ਨੂੰ ਸਿਰਜਣ ਦੇ ਸਮਰੱਥ ਹੋਇਆ ਹੈ। ਬਲਦੇਵ ਸਿੰਘ ਤੀਖਣ ਬੁੱਧੀ ਵਾਲਾ ਲੇਖਕ ਹੈ। ਉਹ ਆਪਣੇ ਅਨੁਭਵ ਦੇ ਸੰਚਾਰ ਲਈ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਚੁਣਦਾ ਹੈ। ਉਹ ਹਰ ਵਸਤੂ ਦੇ ਅੰਦਰੂਨੀ ਅਤੇ ਬਹਿਰੂਨੀ ਪੱਖਾਂ ਨੂੰ ਬੜੀ ਨੀਝ ਨਾਲ ਪ੍ਰਤੱਖਦਾ ਹੈ। ਉਸ ਦੀ ਗਲਪ ਚੇਤਨਾ ਦੇ ਸੰਦਰਭ ਤੇ ਸਰੋਕਾਰ ਹੀ ਬਹੁਵਿਧਾ ਨਹੀਂ, ਉਸ ਦੀ ਕਲਾਤਮਿਕ ਪੇਸ਼ਕਾਰੀ ਵੀ ਅਨੁਭਵ ਦੀ ਵੰਨ-ਸੁਵੰਨਤਾ ਨੂੰ ਵਿਅਕਤ ਕਰਦੀ ਹੈ। ਉਸ ਪਾਸ ਉਚਿਤ ਸ਼ਬਦਾਂ ਦੀ ਘਾਟ ਨਹੀਂ ਹੈ। ਉਚਿਤ ਸ਼ਬਦਾਂ ਨੂੰ ਵਿਧਾ ਦੀ ਵਿਉਂਤਬੰਦੀ ਵਿਚ ਪਰੋ ਕੇ ਅਰਥਾਂ ਦੇ ਲੇਖੇ ਲਾਉਂਣਾ ਅਤਿ ਲਾਜ਼ਮੀ ਹੁੰਦਾ ਹੈ। ਬਲਦੇਵ ਸਿੰਘ ਇਸ ਪੱਖੋਂ ਪੂਰੀ ਤਰ੍ਹਾਂ ਸੁਚੇਤੇ ਹੈ। ਉਹ ਹਮੇਸ਼ਾ ਆਪਣੇ ਕਲਾਤਮਕ ਅਨੁਭਵ ਨੂੰ ਨਵਿਆਉਣ ਦਾ ਯਤਨ ਕਰਦਾ ਹੈ। ਇਹੀ ਕਾਰਨ ਹੈ ਕਿ ਉਸ ਦੀਆਂ ਸਾਹਿਤਕ ਰਚਨਾਵਾਂ ਵਿਚ ਨਿਰੰਤਰ ਨਵੇਂ ਵਿਚਾਰਾਂ ਦਾ ਸੰਚਾਰ ਹੋਇਆ ਹੈ। ਬਲਦੇਵ ਸਿੰਘ ਜਿਸ ਤਰ੍ਹਾਂ ਦੇ ਪਰਿਪੇਖ ਵਿਚ ਵਿਚਰਦਾ, ਜਿਹੜੀਆਂ ਪਰਸਥਿਤੀਆਂ ਨੂੰ ਖ਼ੁਦ ਪ੍ਰਤੱਖਦਾ ਜਾਂ ਅਨੁਭਵ ਕਰਦਾ ਹੈ ਉਹਨਾਂ ਪ੍ਰਸਥਿਤੀਆਂ ਤੇ ਹਾਲਤਾਂ ਦੀ ਪੇਸ਼ਕਾਰੀ ਆਪਣੀਆਂ ਰਚਨਾਵਾਂ ਵਿੱਚ ਪ੍ਰਸਤੁਤ ਕਰਦਾ ਹੈ।

ਬਲਦੇਵ ਸਿੰਘ ਪੰਜਾਬੀ ਸਾਹਿਤ ਜਗਤ ਦਾ ਅਜਿਹਾ ਨਾਵਲਕਾਰ ਹੈ ਜਿਸਨੇ ਆਪਣੀ ਨਾਵਲੀ ਸਿਰਜਣਾ ਲਈ ਮਨੁੱਖੀ ਵਰਤਾਰਿਆ ਪ੍ਰਤੀ ਆਪਣੀ ਡੂੰਘੀ ਪ੍ਰਤੱਖਣੀ ਸੂਝ, ਬੋਧ, ਸੋਚ, ਖੋਜ, ਅਤੇ ਚਿੰਤਨ ਨੂੰ ਆਧਾਰ ਬਣਾਇਆ ਹੈ। ਉਹ ਪੰਜਾਬੀ ਨਾਵਲ ਦੀ ਵਿਧੀ ਅਤੇ ਦ੍ਰਿਸ਼ਟੀ ਦੇ ਨਵੇਂ ਸੰਦਰਭਾਂ ਅਤੇ ਪਾਸਾਰਾਂ ਦੀ ਪੇਸ਼ਕਾਰੀ ਕਰਕੇ ਇਕ ਵਿਲੱਖਣ ਨਾਵਲਕਾਰ ਵਜੋਂ ਆਪਣੀ ਪਛਾਣ ਸਥਾਪਿਤ ਕਰਦਾ ਹੈ। ਉਸ ਨੇ ਹੁਣ ਤੱਕ ਇਕ ਦਰਜਨ ਤੋਂ ਜ਼ਿਆਦਾ ਨਾਵਲ ਪ੍ਰਕਾਸ਼ਿਤ ਹੋ ਚੁੱਕੇ ਹਨ। ਉਸ ਦੇ ਨਾਵਲ 'ਦੂਸਰਾ ਹੀਰੋਸ਼ੀਮਾ', 'ਕੱਲਰੀ ਧਰਤੀ' ਇਕਹਿਰੀ ਬਣਤਰ ਵਾਲੇ ਹਨ ਅਤੇ ਬਾਕੀ ਨਾਵਲ ਬਹੁ-ਲਕੀਰੀ, ਬਹੁ-ਪਾਸਾਰੀ, ਬਹੁ-ਮੰਤਵੀ ਅਤੇ ਬਹੁ-ਦਿਸ਼ਾਵੀ ਹਨ ਜਿਨ੍ਹਾਂ ਵਿਚ ਸਮਾਜਕ, ਆਰਥਕ, ਰਾਜਨੀਤਿਕ ਅਤੇ ਸਭਿਆਚਾਰਿਕ ਵਿਸ਼ਿਆਂ ਦੀ ਪੇਸ਼ਕਾਰੀ ਹੈ। ਉਹ ਆਪਣੇ ਨਿਵੇਕਲੇ ਨਾਵਲ 'ਪੰਜਵਾਂ ਸਾਹਿਬਜ਼ਾਦਾ', 'ਸਤੁਲਜ ਵਹਿੰਦਾ ਰਿਹਾ', 'ਢਾਹਵਾਂ ਦਿੱਲੀ ਦੇ ਕਿੰਗਰੇ', 'ਮਹਾਂਬਲੀ ਸੂਰਾ' ਅਤੇ 'ਮੈਂ ਪਾਕਿਸਤਾਨ ਨਹੀਂ ਜਾਣਾ' ਰਾਹੀਂ

ਇਤਿਹਾਸਕ ਨਾਵਲਕਾਰ ਪੱਖੋਂ ਵੀ ਵੱਖਰੀ ਪਛਾਣ ਸਥਾਪਿਤ ਕਰਦਾ ਹੈ। ਬਲਦੇਵ ਸਿੰਘ ਨੇ ਇਤਿਹਾਸਕ ਨਾਵਲਾਂ ਦੇ ਕਥਾਨਕ ਇਤਿਹਾਸ 'ਚ ਪਈਆਂ ਮਿੱਥਾਂ ਦਾ ਭੰਜਨ ਕਰਦੇ ਹਨ।

ਕਥਾਨਕ ਨਾਵਲ ਦਾ ਮਹੱਤਵਪੂਰਨ ਤੱਤ ਹੈ। ਡਾ. ਜੋਗਿੰਦਰ ਸਿੰਘ ਰਾਹੀ ਅਨੁਸਾਰ, " ਨਾਵਲਕਾਰ ਜੀਵਨ ਦੀਆਂ ਰੂਪ ਵਿਹੂਣੀਆਂ ਸੰਰਚਨਾਵਾਂ ਨੂੰ ਪਾਤਰਾਂ, ਸ਼ੈਲੀ ਅਤੇ ਦ੍ਰਿਸ਼ਟੀਕੋਣ ਦੇ ਮਾਧਿਅਮ ਰਾਹੀਂ ਇਕ ਅਜਿਹੀ ਪਨੁਰ-ਵਿਉਂਤ ਵਿਚ ਬੰਨਦਾ ਹੈ ਜੋ ਵਸਤੂ ਜੀਵਨ ਨਾਲੋਂ ਭਿੰਨ ਹੋ ਕੇ ਵੀ ਵਸਤੂ ਜੀਵਨ ਦਾ ਭਰਮ ਸਿਰਜਦੀ ਹੈ।"[27] ਬਲਦੇਵ ਸਿੰਘ ਨੇ ਆਪਣੇ ਨਾਵਲਾਂ ਦੇ ਕਥਾਨਕ ਵਿਚ ਘਟਨਾਵਾਂ ਦੀ ਚੋਣ ਅਜਿਹੇ ਕਲਾਤਮਕ ਢੰਗ ਨਾਲ ਕਰਦਾ ਹੈ ਜਿਸ ਰਾਹੀਂ ਦਲਿਤ ਵਰਗ ਅਤੇ ਹਰ ਪ੍ਰਕਾਰ ਦਾ ਦਮਨ ਅਤੇ ਸ਼ੋਸਣ ਭੋਗ ਰਹੇ ਲੋਕਾਂ ਦਾ ਦੁਖਾਂਤ ਸੰਘਣੇ ਰੂਪ ਵਿਚ ਉਜਾਗਰ ਹੁੰਦਾ ਹੈ। ਉਹ ਆਪਣੇ ਕਥਾਨਕ ਦੀ ਯਥਾਰਥਕ ਬਣਤਰ ਲਈ ਅਨੇਕ ਬਿਰਤਾਂਤਕ ਜੁਗਤਾਂ ਦੀ ਵਰਤੋਂ ਕਰਦਾ ਹੈ। ਇਹ ਜੁਗਤਾਂ ਸਮਕਾਲੀ ਯਥਾਰਥ ਨੂੰ ਪ੍ਰਗਟਾਉਣ ਲਈ ਸਹਾਇਕ ਹੁੰਦੀਆਂ ਹਨ ਅਤੇ ਨਾਵਲ ਨੂੰ ਉਤਕ੍ਰਿਸ਼ਟ ਬਣਾਉਂਦੀਆਂ, ਗਤੀ ਪ੍ਰਦਾਨ ਕਰਦੀਆਂ ਹਨ। ਜੁਗਤ ਉਹ ਹਥਿਆਰ ਹੈ ਜਿਸਦੇ ਰਾਹੀਂ ਪਾਠਕ ਜਾਗਰੂਕ ਹੁੰਦਾ ਹੈ ਕਿਉਂਕਿ ਜੁਗਤ ਹੀ ਵਸਤੂ ਯਥਾਰਥ ਨੂੰ ਪ੍ਰਤੱਖ ਬਣਾਉਂਦੀ ਹੈ। ਇਸ ਤਰ੍ਹਾਂ ਜੁਗਤ ਪਾਠ ਅਤੇ ਪਾਠਕ ਵਿਚਕਾਰ ਇਕ ਰਾਬਤਾ ਸਥਾਪਿਤ ਕਰਨ ਦੀ ਪ੍ਰਕਿਰਿਆ ਹੈ। ਨਾਵਲ ਦਾ ਪਲਾਟ ਜੁਗਤਾਂ ਦੀ ਸਮੁੱਚਤਾ ਕਾਰਨ ਹੀ ਆਪਣੀ ਵੱਖਰੀ ਹੋਂਦ ਨਾਵਲ ਦੇ ਤੱਤ ਵਜੋਂ ਗ੍ਰਹਿਣ ਕਰਦਾ ਹੈ ਅਤੇ ਨਾਵਲ ਦੇ ਬਾਕੀ ਤੱਤ ਵੀ ਕਥਾਨਕ ਦੇ ਅੰਸ਼ ਵਜੋਂ ਪ੍ਰਕਾਰਜਸ਼ੀਲ ਹੁੰਦੇ ਹਨ। ਬਲਦੇਵ ਸਿੰਘ ਆਪਣੇ ਨਾਵਲਾਂ ਦੇ ਕਥਾਨਕ ਵਿਚ ਆਧੁਨਿਕ ਮਨੁੱਖ ਦੀਆਂ ਸੰਵੇਦਨਾਵਾਂ ਦੀ ਸੂਖਮਤਾ ਨੂੰ ਪਕੜਦਾ ਹੋਇਆ, ਨਵੀਆਂ ਜੁਗਤਾਂ ਸਿਰਜਣ ਵੱਲ ਰੁਚਿਤ ਹੈ। ਉਸ ਦੇ ਨਾਵਲਾਂ ਦਾ ਕਥਾਨਕ ਸਿਰਜਣ ਦੀ ਪਹਿਲੀ ਜੁਗਤ 'ਬੂਮਰਿੰਗ' ਦੀ ਜੁਗਤ ਹੈ। ਨਾਵਲ ਦੇ ਕਥਾਨਕ ਵਿਚ ਰੌਚਕਤਾ ਅਤੇ ਵੱਖਰਤਾ ਲਿਆਉਣ ਲਈ ਇਹ ਜੁਗਤ ਅਨੇਕ ਵਿਉਂਤ ਦੇ ਅੰਤਰਗਤ ਸਿਰਜੀ ਜਾਂਦੀ ਹੈ। ਇਸ ਜੁਗਤ ਰਾਹੀਂ ਗਲਪ ਰਚਨਾ ਵਿਚਲੀ ਕਹਾਣੀ ਅੱਧ ਤੋਂ ਸ਼ੁਰੂ ਕਰਕੇ, ਪਿਛਲਾ ਅੱਧ ਬਿਆਨ ਕੀਤਾ ਜਾਂਦਾ ਹੈ ਤੇ ਫਿਰ ਅਗਲੇ ਹਿੱਸੇ ਦਾ ਬਿਰਤਾਂਤ ਸਿਰਜਿਆ ਜਾਂਦਾ ਹੈ। ਕਈ ਵਾਰ ਦੋ ਤਿੰਨ ਕਥਾਵਾਂ ਨੂੰ ਉਲਝਾ ਕੇ ਫਿਰ ਸੁਲਝਾਇਆ ਜਾਂਦਾ ਹੈ। ਬਲਦੇਵ ਸਿੰਘ ਦੇ ਨਾਵਲਾਂ 'ਕੱਚੀਆਂ ਕੰਧਾਂ', 'ਲਾਲ ਬੱਤੀ', 'ਅੰਨਦਾਤਾ' ਦੇ ਕਥਾਨਕ ਇਸੇ ਜੁਗਤ ਤਹਿਤ ਉਸਾਰੇ ਗਏ ਹਨ।

"ਮਨੁੱਖੀ ਚੇਤਨਾ ਦੇ ਪ੍ਰਵਾਹ ਨੂੰ ਬਿਰਤਾਂਤ ਵਿਚ ਸਿਰਜਣ ਲਈ ਪੰਜਾਬੀ ਗਲਪ ਵਿਚ ਪਿੱਛਲ ਝਾਤ ਵਾਲੀ ਜੁਗਤ ਸਭ ਤੋਂ ਪਹਿਲਾਂ ਵਰਤੀ ਗਈ ਹੈ। ਇਸ ਜੁਗਤ ਵਿਚ ਗਲਪ ਦੇ ਪਾਤਰ ਵਰਤਮਾਨ ਵਿਚਰਦੇ ਹੋਏ, ਲੋੜ ਅਨੁਸਾਰ ਕਦੇ ਭੂਤ ਨਾਲ ਜਾ ਜੁੜਦੇ ਹਨ ਅਤੇ ਫਿਰ ਥੋੜ੍ਹੀ ਦੇਰ ਬਾਅਦ ਆਪਣੇ ਵਰਤਮਾਨ ਵਿਚ ਵਾਪਸ ਆ ਜਾਂਦੇ ਹਨ। ਇਸ ਵਿਚ ਅਜਿਹਾ ਹੋਣਾ ਅਨਿਵਾਰੀ ਨਹੀਂ, ਸਮੁੱਚਾ ਬਿਰਤਾਂਤ ਵੀ ਅਤੀਤ ਨਾਲ ਜੁੜਿਆ ਹੋ ਸਕਦਾ ਹੈ।"[28] ਬਲਦੇਵ ਸਿੰਘ ਦੇ ਨਾਵਲਾਂ ਵਿਚ ਇਹ ਜੁਗਤ ਵਿਭਿੰਨ ਪਾਸਾਰਾਂ ਸਮੇਤ ਪੇਸ਼ ਹੋਈ ਹੈ। 'ਅੰਨਦਾਤਾ' ਨਾਵਲ ਵਿਚਲਾ ਪਾਤਰ ਵਸਾਖਾ ਸਿੰਘ ਦੀ ਜ਼ਿੰਦਗੀ ਅਤੇ ਹੋਰਨਾਂ ਪਾਤਰਾਂ ਦਾ ਜੀਵਨ ਵੇਰਵਾ ਇਸੇ ਜੁਗਤ ਤਹਿਤ ਦਰਸਾਇਆ ਹੈ।'ਅੰਨਦਾਤਾ' ਨਾਵਲ ਵਿਚ ਲੇਖਕ ਇਸੇ ਜੁਗਤ ਰਾਹੀਂ ਉਸ ਪੰਜਾਬ ਦੀ ਝਲਕ ਉਜਾਗਰ ਕਰਦਾ ਹੈ ਜਿਹੜਾ ਪੰਜਾਬੀ ਜਨ-ਜੀਵਨ ਦੇ 'ਦਬ ਕੇ ਵਾਹ', 'ਰੱਜ

ਕੇ ਖਾਹ' ਦੇ ਬਿੰਬ ਨੂੰ ਪ੍ਰਸਤੁਤ ਕਰਨ ਵੱਲ ਰੁਚਿਤ ਹੈ। ਉਹ ਇਸੇ ਜੁਗਤ ਰਾਹੀਂ ਪੰਜਾਬ ਦੀ ਵਰਤਮਾਨ ਸਥਿਤੀ ਸਿਰਜਦਾ ਹੈ ਜਿਸ ਵਿਚ ਪੰਜਾਬ ਦੀ ਕਿਸਾਨੀ ਦਾ ਆਪਣੇ ਵਜੂਦ ਤੋਂ ਤਿੜਕਦਾ ਅਤੇ ਇਸ ਤਿੜਕਣਸ਼ੀਲਤਾ ਵਿਚੋਂ ਉਭਰੇ ਵਿਭਿੰਨ ਪ੍ਰਕਰਣਾ, ਸੰਕਟਮਈ ਤ੍ਰਾਸਦਿਕ ਜੀਵਨ ਦਾ ਬਿਰਤਾਂਤ ਸ਼ਾਮਲ ਹੈ। 'ਲਾਲ ਬੱਤੀ' ਨਾਵਲ ਦੀਆਂ ਵੇਸਵਾਵਾਂ ਇਸੇ ਤਕਨੀਕ ਰਾਹੀਂ ਆਪਣੇ ਜੀਵਨ ਦਾ ਇਤਿਹਾਸ ਬਿਆਨ ਕਰਦੀਆਂ ਹਨ। 'ਕੱਚੀਆਂ ਕੰਧਾਂ' ਨਾਵਲ ਵਿਚ ਇਸ ਤਕਨੀਕ ਦੀਆਂ ਕਈ ਮਿਸਾਲਾਂ ਦਰਜ ਹਨ।

ਬਲਦੇਵ ਸਿੰਘ ਦੇ ਬਿਰਤਾਂਤ ਸਿਰਜਣ ਦੀ ਇਕ ਹੋਰ ਜੁਗਤ 'ਸਰਬੱਗ ਵਰਣਨ' ਦੇ ਰੂਪ ਵਿਚ ਸਨਮੁੱਖ ਆਉਂਦੀ ਹੈ। "ਸਰਬੱਗ ਵਰਣਨ ਵਾਲੀ ਤਕਨੀਕ ਵਿਚ ਨਾਵਲਕਾਰ ਸਰਬ-ਗਿਆਤਾ ਦੇ ਰੂਪ ਵਿਚ ਵਕਤ ਹਾਜ਼ਰ ਰਹਿੰਦਾ ਹੈ ਪਰ ਚੇਤਨਤਾ-ਪ੍ਰਵਾਹ ਵਿਚ ਇਸਨੂੰ ਨਵੇਂ ਢੰਗ ਨਾਲ ਵਰਤਿਆ ਜਾਂਦਾ ਹੈ। ਇਸ ਸਵੈ-ਜੀਵਨੀ ਵਾਲੀ ਤਕਨੀਕ ਵਿਚ ਨਾਵਲਕਾਰ ਦਾ ਸਰਬ-ਗਿਆਤ ਮੁੱਖ ਪਾਤਰ ਤੱਕ ਹੀ ਸੀਮਤ ਹੁੰਦਾ ਹੈ, ਇਸ ਲਈ ਉਹ ਇਸ ਪਾਤਰ ਦੇ ਮਨ ਦੇ ਵਾਤਾਵਰਨ ਨੂੰ ਬੜੀ ਸਫ਼ਲਤਾ ਨਾਲ ਚਿਤਰ ਲੈਂਦਾ ਹੈ। ਉਹ ਆਪਣੇ ਮੁੱਖ ਪਾਤਰ ਦੇ ਵਿਚਾਰਾਂ ਨੂੰ ਜਿਸ ਉਲਟ-ਪੁਲਟ ਢੰਗ ਨਾਲ ਉਹ ਉਸ ਦੇ ਦਿਮਾਗ ਵਿਚ ਪੈਦਾ ਹੁੰਦੇ ਹਨ, ਬਗੈਰ ਕਿਸੇ ਝਿਜਕ ਜਾਂ ਰੁਕਾਵਟ ਦੇ ਬਿਆਨ ਦਾ ਰਹਿੰਦਾ ਹੈ। ਕਈ ਵਾਰ ਨਾਵਲਕਾਰ ਇਕ ਪਾਤਰ ਦੀ ਥਾਂ ਤੇ ਦੋ ਤਿੰਨ ਜਾਂ ਇਸ ਤੋਂ ਜ਼ਿਆਦਾ ਪਾਤਰਾਂ ਨੂੰ ਪ੍ਰਸਤੁਤ ਕਰਦਾ ਹੈ। ਇਹ ਪਾਤਰ ਆਪਣੇ ਅੰਤਰੀਵ ਅਨੁਭਵ ਨੂੰ ਉਤਮ ਪੁਰਖ ਵਿਚ ਬਿਆਨ ਦੇ ਰਹਿੰਦੇ ਹਨ।"[29]

ਬਲਦੇਵ ਸਿੰਘ ਨੂੰ ਇਤਿਹਾਸਕ ਨਾਵਲਕਾਰ ਦੇ ਤੌਰ ਤੇ ਸਥਾਪਿਤ ਕਰਨ ਦੇ ਯਤਨਾਂ ਵਿਚ, ਇਹ ਨਾਵਲ ਆਪਣੀ ਅਹਿਮ ਵਿਲੱਖਣਤਾ ਰੱਖਦੇ ਹਨ। ਭਾਵੇਂ ਇਤਿਹਾਸਕ ਨਾਵਲਾਂ ਅਤੇ ਸਾਧਾਰਨ ਨਾਵਲਾਂ ਦੇ ਕਥਾਨਕ ਸਿਰਜਣ ਦੀਆਂ ਜੁਗਤਾਂ ਵਿਧਾ ਦੀ ਸਮਾਨਤਾ ਕਰਕੇ ਸਾਂਝੀਆਂ ਹੁੰਦੀਆਂ ਹਨ ਪਰ ਇਤਿਹਾਸਕ ਨਾਵਲਾਂ ਦੀ ਆਪਣੀ ਪਛਾਣਗਤ ਵਿਲੱਖਣਤਾ ਹੁੰਦੀ ਹੈ ਇਸ ਕਰਕੇ ਬਲਦੇਵ ਸਿੰਘ ਦੇ ਇਤਿਹਾਸਕ ਨਾਵਲਾਂ ਦੀਆਂ ਉਹਨਾਂ ਕਥਾਨਕ ਜੁਗਤਾਂ ਨੂੰ ਪਕੜਨਾ ਲਾਜ਼ਮੀ ਹੈ ਜਿਹੜੀਆਂ ਇਤਿਹਾਸਕ ਨਾਵਲ ਲਈ ਜ਼ਰੂਰੀ ਅਤੇ ਲੱਛਣ ਹਨ। ਇਤਿਹਾਸਕ ਨਾਵਲ ਦਾ ਕਥਾਨਕ ਸਧਾਰਨ ਨਾਵਲ ਨਾਲੋਂ ਵਧੇਰੇ ਗਿਆਨ ਮਿਹਨਤ ਅਤੇ ਤਜਰਬੇ ਦੀ ਮੰਗ ਕਰਦਾ ਹੈ। ਇਤਿਹਾਸ ਦਾ ਸੰਬੰਧ ਭੂਤਕਾਲੀ ਸੱਚ ਨਾਲ ਹੈ ਜਿਸ ਨੂੰ ਵਰਤਮਾਨ ਵਿਚ ਫੜਨਾ ਬਹੁਤ ਹੀ ਔਖਾ ਕਾਰਜ ਹੈ। ਗਲਪ ਦਾ ਸੰਬੰਧ ਯਥਾਰਥ ਨਾਲ ਹੈ ਜਿਹੜਾ ਕਲਪਨਾ ਸ਼ਕਤੀ ਰਾਹੀਂ ਸੱਚ ਹੋਣ ਭਰਮ ਸਿਰਜਦਾ ਹੈ। ਇਤਿਹਾਸਕ ਨਾਵਲਾਂ ਦੇ ਕਥਾਨਕਾਂ ਵਿਚ ਇਤਿਹਾਸ ਅਤੇ ਗਾਲਪਨਿਕਤਾ ਦਾ ਸੁਮੇਲ ਹੁੰਦਾ ਹੈ। ਇਕ ਪਾਸੇ ਇਤਿਹਾਸਕ ਪਾਤਰ, ਇਤਿਹਾਸਕ ਘਟਨਾਵਾਂ ਅਤੇ ਇਤਿਹਾਸਕ ਵਾਤਾਵਰਨ ਹੁੰਦਾ ਹੈ ਦੂਜੇ ਕਾਲਪਨਿਕ ਸਿਰਜਣਾ ਹੁੰਦੀ ਹੈ ਜਿਹੜੀ ਸਮੁੱਚੇ ਇਤਿਹਾਸ ਨੂੰ ਗਲਪ ਦੇ ਨਵੇਂ ਰਚਨਾਤਮਕ ਸੰਦਰਭਾਂ ਵਿਚ ਪ੍ਰਸਤੁਤ ਕਰਦੀ ਹੈ। ਇਤਿਹਾਸਕ ਨਾਵਲ ਵਿਚ ਨਾਵਲਕਾਰ ਇਤਿਹਾਸ ਵਿਚੋਂ ਕਥਾਨਕ ਦੀ ਸਿਰਜਣਾ ਲਈ ਅਨੇਕ ਜੁਗਤਾਂ ਦੀ ਵਰਤੋਂ ਕਰਦਾ ਹੈ। ਇਤਿਹਾਸਕ ਨਾਵਲਾਂ ਦੇ ਬਿਰਤਾਂਤ ਸਿਰਜਣ ਦੀ ਵਿਸ਼ੇਸ਼ ਜੁਗਤ ਉਸਾਰੀ ਦੇ ਇਤਿਹਾਸ ਨੂੰ ਪ੍ਰਗਟਾਉਣ ਵਿਚ ਵਿਸ਼ੇਸ਼ ਯੋਗਦਾਨ ਹੁੰਦਾ ਹੈ। ਇਤਿਹਾਸਕ ਪਾਤਰਾਂ ਦੀ ਚੋਣ ਅਤੇ ਪੇਸ਼ਕਾਰੀ ਦਾ ਸੰਬੰਧ ਇਤਿਹਾਸਕ ਨਾਵਲਾਂ ਦੀ ਪ੍ਰਮਾਣਿਕਤਾ ਲਈ ਅਤਿ ਜ਼ਰੂਰੀ ਹੈ। ਇਤਿਹਾਸਕ ਨਾਵਲਾਂ ਦੇ ਪਾਤਰਾਂ ਦੀ ਚੋਣ ਸੁਚੇਤ ਰੂਪ ਵਿਚ ਹੋਣੀ ਚਾਹੀਦੀ ਹੈ ਕਿਉਂਕਿ

ਇਤਿਹਾਸ ਮਨੁੱਖੀ ਵਿਕਾਸ, ਵਿਸ਼ੇਸ਼ ਤੌਰ ’ਤੇ ਭੂਤਕਾਲ ਦਾ ਅਜਿਹਾ ਅਧਿਐਨ ਹੁੰਦਾ ਹੈ ਜਿਸ ਦੇ ਲਿਖਤੀ ਰਿਕਾਰਡ ਉਪਲਬਧ ਹੁੰਦੇ ਹਨ। ਇਸ ਕਰਕੇ ਨਾਵਲਕਾਰ ਆਪਣੀ ਮਰਜ਼ੀ ਅਨੁਸਾਰ ਇਤਿਹਾਸਕ ਪਾਤਰਾਂ ਨੂੰ ਪੇਸ਼ ਨਹੀਂ ਕਰ ਸਕਦਾ। ਉਹ ਇਤਿਹਾਸਕ ਪਾਤਰਾਂ ਦਾ ਸਰੂਪ ਅਤੇ ਨਾਮਕਰਨ ਉਹੀ ਉਘਾੜੇਗਾ ਜਿਹੜਾ ਇਤਿਹਾਸ ਵਿਚ ਹੈ।

ਬਲਦੇਵ ਸਿੰਘ ਆਪਣੇ ਇਤਿਹਾਸਕ ਪਾਤਰਾਂ ਦੀ ਸਿਰਜਣਾ ਇਤਿਹਾਸਕ ਨਾਵਲਾਂ ਦੀਆਂ ਸੀਮਾਵਾਂ ਨੂੰ ਧਿਆਨ ਵਿਚ ਰੱਖਕੇ ਕਰਦਾ ਹੈ। ਉਸ ਦੇ ਨਾਵਲਾਂ ਦੇ ਅਧਿਐਨ ਤੋਂ ਮੁੱਖ ਪਾਤਰ ਭਾਈ ਜੈਤਾ, ਸ਼ਹੀਦ ਭਗਤ ਸਿੰਘ, ਦੁੱਲਾ ਭੱਟੀ, ਬੰਦਾ ਸਿੰਘ ਬਹਾਦਰ ਅਤੇ ਕਾਮਰਡੇ ਰੁਲਦੂ ਖ਼ਾਨ ਉਭਰਕੇ ਸਾਹਮਣੇ ਆਉਂਦੇ ਹਨ। ਉਸ ਦੇ ਇਹ ਪਾਤਰ ਇਤਿਹਾਸਕ ਨਾਵਲਾਂ ਦੀ ਮੁਕੰਮਲਤਾ ਵਿਚ ਅਹਿਮ ਭੂਮਿਕਾ ਅਦਾ ਕਰਦੇ ਹਨ। ਬਲਦੇਵ ਸਿੰਘ ਦੇ ਪਾਤਰਾਂ ਦੀ ਚੋਣ ਦੀ ਮੁੱਖ ਵਿਸ਼ੇਸ਼ਤਾ ਇਹ ਹੈ ਕਿ ਉਹ ਪਾਤਰਾਂ ਦੇ ਵਿਅਕਤੀਗਤ ਪੱਖਾਂ ਨੂੰ ਘੱਟ ਪ੍ਰਸਤੁਤ ਕਰਦਾ ਹੈ ਅਤੇ ਸ਼੍ਰੇਣੀਗਤ ਪੱਖਾਂ ਨੂੰ ਵਧੇਰੇ ਉਜਾਗਰ ਕਰਦਾ ਹੈ। ਇਤਿਹਾਸਕ ਨਾਵਲਾਂ ਨੂੰ ਸਿਰਜਣ ਦੀ ਅਗਲੀ ਜੁਗਤ ਇਤਿਹਾਸਕ ਵਾਤਾਵਰਨ ਨੂੰ ਉਸਾਰਨ ਦੀ ਹੈ। ਬਲਦੇਵ ਸਿੰਘ ਆਪਣੇ ਨਾਵਲਾਂ ਇਤਿਹਾਸਕ ਵਾਤਾਵਰਨ ਚਿਤਰਨ ਲਈ ਦ੍ਰਿਸ਼ ਦੀ ਸਿਰਜਣ ਕਰਦਾ ਹੈ। ਵਾਤਾਵਰਨ ਦਾ ਸੰਬੰਧ ਸਥਾਨ, ਸਥਿਤੀ ਅਤੇ ਸਮੇਂ ਨਾਲ ਹੁੰਦਾ ਹੈ। ਬਲਦੇਵ ਸਿੰਘ ਆਪਣੇ ਇਤਿਹਾਸਕ ਨਾਵਲਾਂ ਦਾ ਵਾਤਾਵਰਨ ਉਸਾਰਨ ਲਈ ਇਤਿਹਾਸਕ ਸਥਾਨਾਂ, ਸਥਿਤੀਆਂ ਅਤੇ ਸਮੇਂ ਨੂੰ ਵਿਸ਼ੇਸ਼ ਤੌਰ ’ਤੇ ਧਿਆਨ ਵਿਚ ਰੱਖਦਾ ਹੈ। ਇਤਿਹਾਸਕ ਘਟਨਾਵਾਂ ਦਾ ਵਿਸ਼ੇਸ਼ ਵਾਪਰਨ ਕਾਲ ਹੁੰਦਾ ਹੈ। ਇਹ ਘਟਨਾਵਾਂ ਵਿਸ਼ੇਸ਼ ਸਥਾਨ ’ਤੇ ਵਾਪਰੀਆਂ ਹੁੰਦੀਆਂ ਹਨ। ਇਸ ਕਰਕੇ ਇਤਿਹਾਸਕ ਨਾਵਲ ਵਿਚ ਸਮੇਂ ਅਤੇ ਸਥਾਨਾਂ ਦੀ ਜਾਣਕਾਰੀ ਅੰਕੜਿਆਂ ਅਤੇ ਹਵਾਲਿਆਂ ਸਹਿਤ ਪ੍ਰਸਤੁਤ ਕੀਤੀ ਜਾਂਦੀ ਹੈ। ਵਾਤਾਵਰਨ ਚਿਤਰਨ ਵਿਚ ਸਥਾਨਕ ਰੰਗਤ ਨੂੰ ਵੀ ਅਹਿਮ ਯੋਗਦਾਨ ਹੁੰਦਾ ਹੈ। ਸਥਾਨਕ ਰੰਗਤ ਨੂੰ ਪਾਤਰਾਂ ਦੀ ਵਾਰਤਾਲਾਪ ਰਾਹੀਂ ਸਿਰਜਿਆ ਜਾਂਦਾ ਹੈ। ਬਲਦੇਵ ਸਿੰਘ ਆਪਣੇ ਨਾਵਲਾਂ ਦੀ ਵਾਤਾਵਰਨ ਉਸਾਰੀ ਵਿਚ ਕਈ ਵਾਰ ਸਰਬੱਗ ਵਰਨਣ ਦੀ ਜੁਗਤ ਰਾਹੀਂ ਆਪ ਹੀ ਉਸ ਸਮੇਂ ਬਾਰੇ ਜਾਣਕਾਰੀ ਦਿੰਦਾ ਹੈ ਅਤੇ ਪਾਤਰਾਂ ਦੀ ਵਾਰਤਾਲਾਪ ਰਾਹੀਂ ਵਾਤਾਵਰਨ ਦੀ ਉਸਾਰੀ ਕਰਦਾ ਹੈ। ਨਾਵਲਾਂ ਵਿਚਲੀ ਵਾਰਤਾਲਾਪ ਨੂੰ ਚਿਤਰਨ ਲਈ ਭਾਸ਼ਾ ਦੀ ਲੋੜ ਹੁੰਦੀ ਹੈ। ਇਤਿਹਾਸਕ ਨਾਵਲਾਂ ਦੀ ਭਾਸ਼ਾ ਦਾ ਇਤਿਹਾਸਕ ਹੋਣਾ ਲਾਜ਼ਮੀ ਹੈ। ਭਾਸ਼ਾ ਦੀ ਪ੍ਰਮਾਣਿਕਤਾ ਲਈ ਬਹੁਤ ਮਿਹਨਤ ਦੀ ਲੋੜ ਹੁੰਦੀ ਹੈ। ਇਤਿਹਾਸਕ ਖਰੜਿਆਂ ਦਾ ਅਧਿਐਨ ਕਰਨਾ ਲਾਜ਼ਮੀ ਹੋ ਜਾਂਦਾ ਹੈ। ਪੁਰਾਤਨ ਭਾਸ਼ਾ ਦਾ ਅਜੋਕੇ ਸਮੇਂ ਵਿਚ ਪ੍ਰਸਤੁਤ ਹੋਣਾ ਪਾਠਕ ਵਰਗ ਲਈ ਠੀਕ ਨਹੀਂ, ਕਿਉਂਕਿ ਪਾਠਕ ਵਰਗ ਪੁਰਾਤਨ ਭਾਸ਼ਾ ਨੂੰ ਸਮਝਣ ਤੋਂ ਅਸਮਰੱਥ ਵੀ ਹੋ ਸਕਦਾ ਹੈ। ਇਸ ਕਰਕੇ ਇਤਿਹਾਸਕ ਨਾਵਲ ਵਿਚ ਉਸ ਸਮੇਂ ਦੀ ਭਾਸ਼ਾ ਨੂੰ ਸੌਖੀ ਤੇ ਸਰਲ ਬਣਾ ਕੇ ਪ੍ਰਸਤੁਤ ਕੀਤਾ ਜਾ ਸਕਦਾ ਹੈ। ਬਲਦੇਵ ਸਿੰਘ ਨੇ ਆਪਣੇ ਨਾਵਲਾਂ ਵਿਚ ਇਸ ਤਰ੍ਹਾਂ ਹੀ ਕੀਤਾ ਹੈ। ਉਹ ਆਪਣੇ ਨਾਵਲਾਂ ਵਿਚ ਉਤਮ ਪੁਰਖੀ ਬਿਰਤਾਂਤ ਦੀ ਵਰਤੋਂ ਸਮੇਂ ਮਲਵਈ ਉਪ-ਭਾਸ਼ਾ ਦੀ ਵਰਤੋਂ ਕਰਦਾ ਹੈ। ਉਹ ਪਾਤਰਾਂ ਦੀ ਵਾਰਤਾਲਾਪ ਸਿਰਜਣ ਸਮੇਂ ਉਹਨਾਂ ਦੀ ਨਿੱਜੀ ਭਾਸ਼ਾ ਨੂੰ ਸੌਖਾ ਅਤੇ ਸਰਲ ਬਣਾ ਕੇ ਪੇਸ਼ ਕਰਦਾ ਹੈ।

ਬਲਦੇਵ ਸਿੰਘ ਆਪਣੇ ਇਤਿਹਾਸਕ ਨਾਵਲਾਂ ਵਿਚ ਇਤਿਹਾਸਕ ਅਤੇ ਵਰਣਾਤਮਕ ਸ਼ੈਲੀ ਦੀ ਵਰਤੋਂ ਕਰਦਾ ਹੈ। ਉਹ ਆਪਣੀ ਭਾਸ਼ਾ ਅਤੇ ਸ਼ੈਲੀ ਨੂੰ ਰੌਚਿਕਤਾ ਪ੍ਰਦਾਨ ਕਰਨ ਲਈ ‘ਪੰਜਵਾਂ ਸਾਹਿਬਜ਼ਾਦਾ’ ਵਿਚ ਗੁਰਬਾਣੀ ਦੀਆਂ ਤੁਕਾਂ,

'ਢਾਹਵਾਂ ਦਿੱਲੀ ਦੇ ਕਿੰਗਰੇ' ਵਿਚ ਸ਼ਾਹ ਹੁਸੈਨ ਦੀਆਂ ਕਾਫ਼ੀਆਂ ਨੂੰ ਪ੍ਰਸਤੁਤ ਕਰਦਾ ਹੈ। ਇਸ ਤਰ੍ਹਾਂ ਇਤਿਹਾਸਕ ਨਾਵਲਾਂ ਵਿਚ ਪਾਤਰ ਉਸਾਰੀ, ਪਾਤਰ ਚਿਤਰਨ, ਵਾਤਾਵਰਨ ਉਸਾਰੀ ਅਤੇ ਭਾਸ਼ਾ ਸ਼ੈਲੀ ਦੀਆਂ ਜੁਗਤਾਂ ਇਤਿਹਾਸਕ ਨਾਵਲ ਦੀ ਮੁਕੰਮਲਤਾ ਵਿਚ ਅਹਿਮ ਭੂਮਿਕਾ ਅਦਾ ਕਰਦੀਆਂ ਹਨ। ਬਲਦੇਵ ਸਿੰਘ ਆਪਣੇ ਇਤਿਹਾਸਕ ਨਾਵਲਾਂ ਦੇ ਬਿਰਤਾਂਤ ਨੂੰ ਉਸਾਰਨ ਵਿਚ ਇਹਨਾਂ ਜੁਗਤਾਂ ਦੀ ਵਰਤੋਂ ਇਤਿਹਾਸਕ ਨਾਵਲ ਦੀਆਂ ਸੀਮਾਵਾਂ ਅਤੇ ਸੰਭਾਵਨਾਵਾਂ ਦੇ ਅੰਤਰਗਤ ਕਰਦਾ ਹੈ।

**ਬਲਦੇਵ ਸਿੰਘ ਦੇ ਬਾਰੇ ਕੁਝ ਹੋਰ ਵਿਦਵਾਨਾਂ ਦੇ ਵਿਚਾਰ:-**

ਡਾ. ਟੀ. ਆਰ. ਵਿਨੋਦ,

> " ਵਿਅੰਗ ਅਤੇ ਵਿਡੰਬਨਾਂ ਦੀਆਂ ਜੁਗਤਾਂ ਦੀ ਵਰਤੋਂ ਕਰਦਾ ਹੋਇਆ ਬਲਦੇਵ ਸਿੰਘ ਸੁਪਨੇ ਉਸਾਰਦਾ ਨਹੀਂ ਢਾਹੁੰਦਾ ਹੈ। ਇਉਂ ਉਹ ਬੁਹ-ਪ੍ਰਸਤ ਨਹੀਂ, ਬੁਤ-ਸ਼ਿਕਨ ਸਿੱਧ ਹੁੰਦਾ ਹੈ। ਬਤੁ-ਸ਼ਿਕਨੀ ਸ਼ਾਇਦ, ਆਧੁਨਿਕ ਬਿਰਤਾਂਤ ਰੂਪ ਦਾ ਬੁਨਿਆਦੀ ਨਿਖੇੜਨ ਹੈ।"

ਡਾ. ਸੁਰਿੰਦਰ ਦਵੇਸ਼ਵਰ,

> " ਬਲਦੇਵ ਸਿੰਘ ਦੀ ਨਿਰੋਈ ਤੇ ਨਿਆਂਸ਼ੀਲ ਦ੍ਰਿਸ਼ਟੀ ਵਰਣ-ਵਿਵਸਥਾ ਦੇ ਨੀਵੀਂ ਜਾਤੀ ਬਾਰੇ ਉਹਨਾਂ ਵਿਚਾਰਾਂ ਦਾ ਖੰਡਨ ਕਰਦੀ ਹੈ ਜਿਹੜੇ ਉਹਨਾਂ ਨੂੰ ਤੋੜਨ ਅਤੇ ਤ੍ਰਿਸਕਾਰ ਦਾ ਅਧਿਕਾਰੀ ਬਣਾਉਂਦੇ ਹਨ।"

ਬਲਵਿੰਦਰ ਕੌਰ,

> " ਨਾਵਲਾਂ ਜਾਂ ਕਹਾਣੀਆਂ ਦਾ ਨਾਟਕੀ ਰੂਪਾਂਤਰਣ ਸਧਾਰਨ ਕੰਮ ਨਹੀਂ, ਕੋਈ ਬਹੁਤ ਹੀ ਦਿਲ-ਦਿਮਾਗ ਵਾਲਾ ਲੇਖਕ ਹੀ ਇਸ ਉੱਤੇ ਹੱਥ ਅਜ਼ਮਾ ਸਕਦਾ ਹੈ। ਬਲਦੇਵ ਸਿੰਘ ਇਹ ਕਾਰਜ ਬ-ਖ਼ੂਬੀ ਨਿਭਾ ਰਿਹਾ ਹੈ।"

ਡਾ. ਗੁਰਨਾਇਬ ਸਿੰਘ,

> " ਬਲਦੇਵ ਸਿੰਘ ਦਾ ਸਾਹਿਤ ਨਾ ਇਲਹਾਮੀ ਹੈ, ਨਾ ਵਰਦਾਨੀ ਹੈ। ਇਹ ਤਾਂ ਸੁੱਚੇ ਮਨ ਨਾਲ ਕੀਤੀ ਕਮਾਈ ਹੈ।"

ਡਾ. ਗੁਰਜੀਤ ਸੰਧੂ,

> " ਬਲਦੇਵ ਸਿੰਘ ਦੀ ਰਚਨਾ ਮਿੱਥਾਂ ਨੂੰ ਡੀਕੋਡ ਕਰਦੀ ਹੋਈ ਨਵੇਂ ਸੰਦਰਭਾਂ ਨੂੰ ਪੇਸ਼ ਕਰਦੀ ਹੈ।"

ਡਾ. ਕਮਲੇਸ਼ ਉੱਪਲ,

> " ਬਲਦੇਵ ਸਿੰਘ ਨੇ ਆਪਣੇ ਛੋਟੇ ਨਾਟਕਾਂ ਨੂੰ ਲਿਖਕੇ ਵੱਡੀ ਨਾਟਕੀ ਪ੍ਰਤਿਭਾ ਦਾ ਨਮੂਨਾ ਪੇਸ਼ ਕੀਤਾ ਹੈ। ਬਲਦੇਵ ਸਿੰਘ ਕੋਲ ਮਨੁੱਖੀ ਜੀਵਨ ਦੀ, ਜੀ. ਟੀ. ਰੋਡ ਤੋਂ ਨਾਟਕੀ ਨੁਕਤੇ ਲੱਭ ਲੈਣ ਦੀ ਭਰਪੂਰ ਸਮੱਰਥਾ ਹੈ। "

## ਹਵਾਲੇ ਅਤੇ ਟਿੱਪਣੀਆਂ:-


1. ਉਧਰਿਤ, ਗੁਰਜੀਤ ਕੌਰ, ਬਿਤਰਾਂਤ, ਵਿਚਾਰਧਾਰਾ ਤੇ ਪੰਜਾਬੀ ਕਹਾਣੀ, Roland Barthes, Image Music Text, p-79
2. ਧਨਵੰਤ ਕੌਰ, ਆਧੁਨਿਕ ਪੰਜਾਬੀ ਕਹਾਣੀ: ਬਿਰਤਾਂਤ ਸ਼ਾਸਤਰੀ ਅਧਿਐਨ, ਪੰਨਾ-14
3. ਧਨਵੰਤ ਕੌਰ, ਆਧੁਨਿਕ ਪੰਜਾਬੀ ਕਹਾਣੀ: ਬਿਰਤਾਂਤ ਸ਼ਾਸਤਰੀ ਅਧਿਐਨ, ਪੰਨਾ-15
4. ਉਧਰਿਤ, ਗੁਰਜੀਤ ਕੌਰ, ਬਿਤਰਾਂਤ, ਵਿਚਾਰਧਾਰਾ ਤੇ ਪੰਜਾਬੀ ਕਹਾਣੀ, Jonathan Culler, Structuralist Poetics, p-230
5. ਉਧਰਿਤ, ਗੁਰਜੀਤ ਕੌਰ, ਬਿਤਰਾਂਤ, ਵਿਚਾਰਧਾਰਾ ਤੇ ਪੰਜਾਬੀ ਕਹਾਣੀ, Roland Barthes, Writing Degree Zero, p-26
6. ਉਧਰਿਤ, ਗੁਰਜੀਤ ਕੌਰ, ਬਿਤਰਾਂਤ, ਵਿਚਾਰਧਾਰਾ ਤੇ ਪੰਜਾਬੀ ਕਹਾਣੀ, ਆਇਨ ਵਾਟ, ਉਪਨਿਆਸ ਕਾ ਉਦਯ (ਅਨੁ. ਧਰਮਪਾਲ ਸਰੀਨ), ਪੰਨਾ-3
7. ਉਧਰਿਤ, ਗੁਰਜੀਤ ਕੌਰ, ਬਿਤਰਾਂਤ, ਵਿਚਾਰਧਾਰਾ ਤੇ ਪੰਜਾਬੀ ਕਹਾਣੀ, Jonathan Culler, Op. Cit., p-8
8. ਉਧਰਿਤ, ਗੁਰਜੀਤ ਕੌਰ, ਬਿਤਰਾਂਤ, ਵਿਚਾਰਧਾਰਾ ਤੇ ਪੰਜਾਬੀ ਕਹਾਣੀ , Roland Barthes, Image Music Text, p-83
9. ਗੁਰਪਾਲ ਸਿੰਘ, ਸੰਧੂ, ਪੰਜਾਬੀ ਨਾਵਲ: ਚਿਹਨ-ਵਿਗਿਆਨਿਕ ਅਧਿਐਨ, ਪੰਨਾ-80
10. ਉਧਰਿਤ, ਗੁਰਜੀਤ ਕੌਰ, ਬਿਤਰਾਂਤ, ਵਿਚਾਰਧਾਰਾ ਤੇ ਪੰਜਾਬੀ ਕਹਾਣੀ , Julia Kristeva, Desire in Language, p-65
11. ਬਲਦੇਵ ਸਿੰਘ, ਮਹਾਂਬਲੀ ਸੂਰਾ, ਪੰਨਾ-496
12. ਉਹੀ,ਪੰਨਾ-237
13. ਉਹੀ, ਪੰਨਾ-13
14. ਉਹੀ, ਪੰਨਾ-77
15. ਉਹੀ, ਪੰਨਾ-112
16. ਉਹੀ, ਪੰਨਾ-200
17. ਬਲਦੇਵ ਸਿੰਘ, ਮੈਂ ਪਾਕਿਸਤਾਨ ਨਹੀਂ ਜਾਣਾ, ਪੰਨਾ-123
18. ਬਲਦੇਵ ਸਿੰਘ, ਖਾਕੂ ਜੇਡੁ ਨ ਕੋਇ, ਪੰਨਾ-100
19. ਬਲਦੇਵ ਸਿੰਘ, ਮਹਾਂਬਲੀ ਸੂਰਾ, ਪੰਨਾ-200-201

20. ਉਹੀ, ਪੰਨਾ-200

21. ਉਹੀ, ਪੰਨਾ-201

22. ਉਹੀ, ਪੰਨਾ-148

23. ਉਹੀ, ਪੰਨਾ-200-201

24. ਬਲਦੇਵ ਸਿੰਘ, ਮੈਂ ਪਾਕਿਸਤਾਨ ਨਹੀ ਜਾਣਾ, ਪੰਨਾ-74

25. ਬਲਦੇਵ ਸਿੰਘ, ਖਾਕੂ ਜੇਡੁ ਨ ਕੋਇ, ਪੰਨਾ-169

26. ਬਲਦੇਵ ਸਿੰਘ, ਮਹਾਂਬਲੀ ਸੂਰਾ, ਪੰਨਾ-373

27. ਜੋਗਿੰਦਰ ਸਿੰਘ, ਰਾਹੀ, ਨਾਵਲ ਆਲੋਚਨਾ ਸ਼ਬਦਾਵਲੀ ਕੋਸ਼, ਪੰਨਾ-13

28. ਧਨਵੰਤ ਕੌਰ, ਪੰਜਾਬੀ ਗਲਪ ਵਿਚ ਆਧੁਨਿਕ ਸੰਵੇਦਨਾ, ਪੰਨਾ-134

29. ਨਰਿੰਜਨ ਤਸਨੀਮ, ਪੰਜਾਬੀ ਨਾਵਲ ਦਾ ਮੁਹਾਂਦਰਾ, ਪੰਨਾ-21-22

# ਸਿੱਟੇ ਤੇ ਸਥਾਪਨਾਵਾਂ

ਸਾਹਿਤ ਵਿਅਕਤੀ ਨੂੰ ਸਮਾਜ ਵਿੱਚ ਵਾਪਰ ਰਹੀਆਂ ਘਟਨਾਵਾਂ, ਅਣਹੋਣੀਆਂ, ਵਧੀਕੀਆਂ, ਅਪਰਾਧ, ਪੇਂਡੂ ਸਮਾਜ ਅਤੇ ਸੱਭਿਆਚਾਰ ਦੀਆਂ ਜਟਿਲਤਾਵਾਂ, ਸਮਾਜ ਵਿਚਲੀਆਂ ਆਰਥਕ, ਰਾਜਨੀਤਿਕ, ਧਾਰਮਕ, ਸਮਾਜਕ ਸਮੱਸਿਆਵਾਂ ਨੂੰ ਸਮਝਣ ਦੇ ਕਾਬਲ ਬਣਾਉਂਦਾ ਹੈ। ਸਾਹਿਤ ਸਮਾਜ ਵਿਚਲੀਆਂ ਸਮੱਸਿਆਵਾਂ ਦੀ ਪੇਸ਼ਕਾਰੀ ਉਹਨਾਂ ਦੇ ਕਾਰਨਾਂ, ਪ੍ਰਭਾਵਾਂ ਅਤੇ ਉਹਨਾਂ ਦੇ ਹੱਲ ਕਰਨ ਦੇ ਵੀ ਵਿਅਕਤੀ ਨੂੰ ਸਮਰੱਥ ਬਣਾਉਂਦਾ ਹੈ। ਬਲਦੇਵ ਸਿੰਘ ਪੰਜਾਬੀ ਦਾ ਬਹੁਪੱਖੀ ਲੇਖਕ ਹੈ। ਉਸਨੇ ਨਾਵਲ, ਕਹਾਣੀ, ਨਾਟਕ ਅਤੇ ਢੇਰ ਸਾਰੀ ਵਾਰਤਕ ਲਿਖੀ ਹੈ। ਉਹ ਪੰਜਾਬੀ ਸਾਹਿਤ ਦੇ ਵਿਦਵਾਨਾਂ ਤੇ ਪਾਠਕਾਂ ਵਿੱਚ ਇਕੋ ਜਿਹਾ ਪ੍ਰਵਾਨਤ ਹੈ। ਉਹਨੇ ਮੁੱਢ ਵਿੱਚ ਕਹਾਣੀ ਲਿਖੀ, ਫੇਰ ਛੋਟੇ ਨਾਵਲ 'ਦੂਸਰਾ ਹੀਰੋਸ਼ੀਮਾ', 'ਕੱਲਰੀ ਧਰਤੀ', 'ਸੂਲੀ ਟੰਗੇ ਪਹਿਰ', 'ਕੱਚੀਆਂ ਕੰਧਾਂ', 'ਜੀ.ਟੀ.ਰੋਡ' ਤੇ 'ਲਾਲ ਬੱਤੀ' ਲਿਖੇ। ਬਲਦੇਵ ਸਿੰਘ ਪਿੰਡ ਦਾ ਜੰਮਿਆ ਤੇ ਪਲਿਆ ਹੋਇਆ ਹੈ। ਉਸਨੂੰ ਪੰਜਾਬੀ ਪੇਂਡੂ ਕਲਚਰ ਦੀ ਡੂੰਘੀ ਸਮਝ ਹੈ, ਜਿਸਦਾ ਉਸ ਨੇ ਪ੍ਰਗਟਾਵਾ ਆਪਣੇ ਨਾਵਲਾਂ ਤੇ ਕਹਾਣੀਆਂ ਵਿੱਚ ਕੀਤਾ ਹੈ। ਉਹਦੇ ਮੁੱਢਲੇ ਨਾਵਲ 'ਦੂਸਰਾ ਹੀਰੋਸ਼ੀਮਾ' ਤੇ 'ਕੱਲਰੀ ਧਰਤੀ' ਮਾਲਵੇ ਦੇ ਪੇਂਡੂ ਸਮਾਜਕ, ਆਰਥਕ ਤੇ ਸੱਭਿਆਚਾਰਕ ਜੀਵਨ ਦੀ ਡੂੰਘੀ ਪੁਣ-ਛਾਣ ਕਰਦੇ ਹਨ। ਪ੍ਰੰਤੂ ਇਨ੍ਹਾਂ ਦੋਨੋਂ ਨਾਵਲਾਂ ਦਾ ਆਲੋਚਨਾ ਦੇ ਖੇਤਰ ਵਿੱਚ ਢੁਕਵਾਂ ਮੁੱਲ ਨਹੀਂ ਪਿਆ। ਇਨ੍ਹਾਂ ਦੇ ਪੁਨਰ-ਮੁਲਾਂਕਣ ਦੀ ਲੋੜ ਹੈ। ਇਹਦਾ ਨਾਵਲ 'ਲਾਲ ਬੱਤੀ' ਵੇਸ਼ਵਾਵਾਂ ਬਾਰੇ ਹੈ। ਇਸ ਤੋਂ ਪਹਿਲਾਂ ਪੰਜਾਬੀ ਵਿੱਚ ਇਨ੍ਹਾਂ ਬਦਕਿਸਮਤ ਔਰਤਾਂ ਬਾਰੇ ਕੋਈ ਕਿਰਤ ਨਹੀਂ ਮਿਲਦੀ। ਇਸ ਨਾਵਲ ਨੇ ਸਮਾਜਕ ਤੇ ਸਾਹਿਤਕ ਹਲਕਿਆਂ ਵਿੱਚ ਚੰਗੀ ਚਰਚਾ ਛੇੜੀ ਹੈ ਅਤੇ ਪ੍ਰਸੰਸਾ ਤੇ ਨੁਕਤਾਚੀਨੀ ਪ੍ਰਾਪਤ ਕੀਤੀ ਹੈ। ਬਲਦੇਵ ਸਿੰਘ ਦਾ ਤਜ਼ਰਬਾ ਵਸੀਹ ਹੈ। ਉਹ ਛੋਟੇ ਪਿੰਡ ਤੋਂ ਤੁਰ ਕੇ ਕਲਕੱਤੇ ਵਰਗੇ ਮਹਾਂਨਗਰ ਤੱਕ ਪੁੱਜਿਆ ਹੈ। ਉਹਨੇ ਮਾਸਟਰੀ ਤੋਂ ਲੈ ਕੇ ਡਰਾਇਵਰੀ ਤੱਕ ਕਈ ਪੇਸ਼ੇ ਅਪਣਾਏ ਹਨ। ਜਿਸ ਸਮਾਜਕ ਤੇ ਸੱਭਿਆਚਾਕ ਆਲੇ ਦੁਆਲੇ ਵਿੱਚ ਉਹ ਵਿਚਰਿਆ ਹੈ, ਉਹਨੇ ਉਸਦਾ ਡੂੰਘਾ ਨਿਰੀਖਣ ਕੀਤਾ ਹੈ ਅਤੇ ਢੇਰ ਸਾਰੇ ਅਨੁਭਵ ਆਪਣੀ ਸਿਮਰਤੀ ਵਿੱਚ ਸਮੋਈ ਬੈਠਾ ਹੈ। ਜਿਹੜਾ ਉਹ ਸਮੇਂ-ਸਮੇਂ ਆਪਣੀਆਂ ਕਿਰਤਾਂ ਰਾਹੀਂ ਪਾਠਕਾਂ ਦੇ ਸਾਹਮਣੇ ਪੇਸ਼ ਕਰਦਾ ਹੈ ਤੇ ਚਰਚਾ ਦਾ ਵਿਸ਼ਾ ਬਣਦਾ ਹੈ। ਉਹਨੇ ਵਾਰਤਕ ਦੀ ਇਕ ਵਿਸ਼ੇਸ਼ ਵਿਧੀ ਵਰਤ ਕੇ ਡਰਾਇਵਰਾਂ ਦੇ ਜੀਵਨ ਨਾਲ ਸਬੰਧਤ ਇਕ ਲੰਮੀ ਲੇਖ-ਲੜੀ 'ਸੜਕਨਾਮਾ' ਦੇ ਨਾਂ ਹੇਠ ਲਿਖੀ ਹੈ, ਜਿਸ ਕਾਰਨ ਬਹੁਤੇ ਵਿਦਵਾਨ ਤੇ ਪਾਠਕ ਉਹਨੇ ਨਾਂ ਨਾਲ 'ਸੜਕਨਾਮਾ' ਜੋੜ ਕੇ ਉਸਨੇ ਬਲਦੇਵ ਸਿੰਘ ਸੜਕਨਾਮਾ ਕਹਿੰਦੇ ਰਹੇ ਹਨ। ਪਿੱਛੇ ਉਹਨੇ ਲਾਲ ਬੱਤੀ ਲਿਖੀ। ਅੱਜ ਕੱਲ੍ਹ ਉਹਨੂੰ ਇਸ ਨਾਂ ਨਾਲ ਵੀ ਜਾਣਿਆ ਜਾਂਦਾ ਹੈ।

ਬਿਰਤਾਂਤ, ਮੂਲਰੂਪ ਵਿਚ ਪਾਤਰ, ਘਟਨਾ, ਸਥਿਤੀ ਅਤੇ ਮਾਹੌਲ ਦੇ ਮਾਧਿਅਮ ਰਾਹੀਂ ਕਥਾ ਦਾ ਪ੍ਰਬੰਧ ਉਸਾਰਨ ਦੀ ਜੁਗਤ ਹੈ। ਮੁਖ ਤੌਰ ਤੇ ਬਿਰਤਾਂਤ ਨੂੰ ਦੋ ਵਰਗਾਂ ਵਿਚ ਵੰਡ ਕੇ ਵਿਚਾਰਿਆ ਜਾ ਸਕਦਾ ਹੈ- ਇਤਿਹਾਸਕ ਬਿਰਤਾਂਤ ਅਤੇ ਗਲਪੀ ਬਿਰਤਾਂਤ। ਇਤਿਹਾਸ ਬਿਰਤਾਂਤ ਵਿਚ ਵਾਸਤਵਿਕ ਵਿਅਕਤੀਆਂ ਅਤੇ ਯਥਾਰਥਕ ਘਟਨਾਵਾਂ ਦਾ ਤੱਥ- ਮੂਲਕ ਵੇਰਵਾ ਪ੍ਰਸਤੁਤ ਕਰਨ ਦਾ ਉਪਰਾਲਾ ਕੀਤਾ ਜਾਂਦਾ ਹੈ। ਅਰਥਾਤ ਤੱਥ ਅਤੇ ਵਾਸਤਵਿਕਤਾ ਇਸ ਕਿਸਮ ਦੀ ਬਿਰਤਾਂਤ ਉਸਾਰੀ ਦਾ ਮੂਲ ਆਧਾਰ ਹੈ। ਜਦੋਂ ਕਿ ਗਲਪੀ ਬਿਰਤਾਂਤ ਕਲਪਨਾ ਦੀ ਸਿਰਜਨਸ਼ੀਲਤਾ ਰਾਹੀਂ ਹੋਂਦ ਵਿਚ ਆਉਂਦਾ

ਹੈ। ਦੋਹਾਂ ਵਿਚਲੀ ਬੁਨਿਆਦੀ ਸਾਂਝ ਘਟਨਾਵਾਂ ਅਤੇ ਸਥਿਤੀਆਂ ਨੂੰ ਕਾਲ ਦੇ ਪ੍ਰਵਾਹ ਵਿਚ ਰੱਖ ਕੇ ਸੰਗਠਿਤ ਕਰਨ ਵਿਚ ਉਜਾਗਰ ਹੁੰਦੀ ਹੈ। ਸਾਡਾ ਸਰੋਕਾਰ ਇਥੇ ਕੇਵਲ ਉਸ ਬਿਰਤਾਂਤਕ ਗਲਪ ਨਾਲ ਹੈ ਜੋ ਸ਼ਬਦਾਂ ਦੇ ਮਾਧਿਅਮ ਰਾਹੀਂ ਉਸਾਰਿਆ ਜਾਂਦਾ ਹੈ ਅਤੇ ਜਿਸ ਨੂੰ ਸਾਹਿਤ-ਸਭਿਆਚਾਰ ਦੇ ਅੰਤਰਗਤ ਰਖ ਕੇ ਦੇਖਿਆ, ਪਰਖਿਆ ਅਤੇ ਵਿਚਾਰਿਆ ਜਾਂਦਾ ਹੈ। ਮਨੁੱਖੀ ਸਮਾਜਕ-ਸਭਿਆਚਾਰਕ ਵਰਤਾਰੇ ਅਤੇ ਵਿਹਾਰ ਵਿਚ ਬਿਰਤਾਂਤ ਦੀ ਅਤਿਅੰਤ ਸਾਰਥਕ ਅਤੇ ਮਹੱਤਵਪੂਰਨ ਭੂਮਿਕਾ ਰਹੀ ਹੈ। ਆਦਿ ਕਾਲ ਤੋਂ ਹੀ ਮਨੁੱਖ ਕਥਾ-ਕਹਾਣੀਆਂ ਦੇ ਅਨੇਕਾਂ ਸੰਗਠਨ ਉਸਾਰਦਾ ਅਤੇ ਸੰਚਾਰਨਾ ਰਿਹਾ ਹੈ। ਸਭਿਆਚਾਰ ਦੇ ਹੋਰਨਾਂ ਰੂਪ ਪ੍ਰਬੰਧਾਂ ਵਾਂਗ ਬਿਰਤਾਂਤ ਵੀ ਜੀਵਨ ਅਤੇ ਯਥਾਰਥ ਨੂੰ ਅਰਥਾਂ ਦੇ ਸੰਗਠਨ ਵਿਚ ਢਾਲਣ ਦਾ ਉਪਰਾਲਾ ਮੰਨਿਆ ਜਾ ਸਕਦਾ ਹੈ। ਇਹੀ ਕਾਰਨ ਹੈ ਕਿ ਕਿਸੇ ਵੀ ਸਮਾਜ ਅਤੇ ਸਭਿਆਚਾਰ ਦੇ ਯਥਾਰਥ ਬੋਧ ਅਤੇ ਉਸ ਦੀ ਅਰਥ ਉਤਪਾਦਨ ਪ੍ਰਕਿਰਿਆ ਦਾ ਰਹੱਸ ਲੱਭਣ ਲਈ ਉਸ ਦੇ ਸਿਰਜੇ ਹੋਏ ਪ੍ਰਮੁੱਖ ਤੇ ਪ੍ਰਤਿਨਿਧ ਬਿਰਤਾਂਤ ਦਾ ਅਧਿਐਨ ਜ਼ਰੂਰੀ ਹੈ। ਮਨੁੱਖ ਜਾਤੀ ਦੇ ਹੁਣ ਤਕ ਦੇ ਸਮੁੱਚੇ ਇਤਿਹਾਸ ਵਿਚ ਬਿਰਤਾਂਤ ਦੇ ਅਨੇਕਾਂ ਰੂਪ ਤੇ ਰੂਪਕਾਰ ਹੋਂਦ ਵਿਚ ਆਏ ਹਨ। ਬਿਰਤਾਂਤ ਦੀ ਉਸਾਰੀ ਦਾ ਇਹ ਖੇਤਰ ਆਦਿਮ ਕਬੀਲਿਆਂ ਅਤੇ ਪ੍ਰਾਚੀਨ ਸਭਿਆਤਾਵਾਂ ਦੇ ਮੌਖਿਕ ਜਾਂ ਲਿਖਤੀ ਪੌਰਾਣਕ ਵਿਰਸੇ ਦੀਆਂ ਮਿਥਕ ਕਥਾਵਾਂ ਤੋਂ ਲੈ ਕੇ ਅਜੋਕੇ ਦੌਰ ਦੇ ਨਾਵਲ, ਨਿੱਕੀ ਕਹਾਣੀ ਵਰਗੇ ਆਧੁਨਿਕ ਗਲਪ ਬਿਰਤਾਂਤਕ ਰੂਪਾਂ ਤਕ ਫੈਲਿਆ ਹੋਇਆ ਹੈ। ਮਨੁੱਖ ਦੇ ਸਮਾਜਕ ਸਭਿਆਚਾਰਕ ਇਤਿਹਾਸ ਦੇ ਸਮਵਿੱਥ ਰੱਖ ਕੇ ਦੇਖਿਆ ਜਾਵੇ ਤਾਂ ਬਿਰਤਾਂਤ ਦੇ ਇਹਨਾਂ ਭਿੰਨ-ਭਿੰਨ ਰੂਪਕਾਰਾਂ ਵਿਚ ਵੀ ਇਤਿਹਾਸ ਵਿਕਾਸ ਦੀ ਇਕ ਖ਼ਾਸ ਕਿਸਮ ਦੀ ਪ੍ਰਕਿਰਿਆ ਕਾਰਜਸ਼ੀਲ ਨਜ਼ਰ ਆਉਂਦੀ ਹੈ। ਮਿਸਾਲ ਵਜੋਂ ਜੇ ਮਹਾ ਕਾਵਿ ਰਜਵਾੜਾਸ਼ਾਹੀ ਅਤੇ ਕੁਲੀਨ ਵਰਗ ਦਾ ਬਿਰਤਾਂਤ ਹੈ ਤਾਂ ਨਾਵਲ ਅਜੋਕੇ ਸਰਮਾਇਆਦਾਰੀ ਪ੍ਰਬੰਧ ਦੀ ਉਪਜ ਹੈ। ਭਾਵੇਂ ਅਜੋਕੇ ਸਮੇਂ ਕਈ ਸਾਹਿਤ-ਚਿੰਤਕਾਂ ਨੇ ਸਾਹਿਤਕ ਕਿਰਤਾਂ ਦਾ ਅਧਿਐਨ ਵਿਸ਼ਲੇਸ਼ਣ ਕਰਨ ਲਈ ਰੂਪ ਜਾਂ ਰੂਪਾਕਾਰ ਦੇ ਪ੍ਰਵਰਗਾਂ ਨੂੰ ਹੀ ਹੱਕੀ ਤੌਰ ਤੇ ਰੂਪਾਕਾਰ ਨੂੰ ਇਤਿਹਾਸ ਦੇ ਪਰਿਪੇਖ ਨਾਲ ਜੋੜ ਕੇ ਗ੍ਰਹਿਣ ਕਰਨ ਦੇ ਹੱਕ ਵਿਚ ਹੈ।

ਨਾਵਲਕਾਰ ਨੇ ਬੰਦਾ ਬਹਾਦਰ ਦਾ ਜਨਮ, ਉਸ ਦੇ ਮਾਤਾ-ਪਿਤਾ ਦੀ ਮੌਤ ਤੋਂ ਬਾਅਦ ਘਰ ਵਿੱਚ ਉਸ ਨਾਲ ਹੰਦੀ ਬੇ-ਇਨਸਾਫੀ ਅਤੇ ਕੁੱਟ ਮਾਰ ਸਬੰਧੀ ਜੋ ਵੇਰਵੇ ਨਾਵਲ ਵਿੱਚ ਪ੍ਰਸਤੁਤ ਕੀਤੇ ਹਨ, ਉਹ ਵਧੇਰੇ ਯਥਾਰਥਿਕ ਹਨ। ਘਰੋਂ ਭੱਜਣ, ਬੈਰਾਗੀ ਸਾਧ ਬਨਣ ਤੋਂ ਲੈ ਕੇ ਮਰਾਠਾ ਫ਼ੌਜੀ ਜੀਵਨ ਬਤੀਤ ਕਰਨ, ਮੁਗਲਾਂ ਦੇ ਜਬਰ ਜ਼ੁਲਮ ਕਾਰਨ ਪ੍ਰੇਸ਼ਾਨ ਹੋਣ, ਬੈਰਾਗੀ ਤੋਂ ਯੋਧਾ ਬਣਨ, ਸ਼ਿਕਾਰ ਖੇਡਣ, ਗੁਰੂ ਜੀ ਦੀ ਸੰਗਤ ਵਿੱਚ ਸ਼ਾਮਿਲ ਹੋਣ, ਗੁਰੂ ਜੀ ਦੀ ਵਿਚਾਰਧਾਰਾ ਅਤੇ ਫ਼ਲਸਫ਼ੇ ਤੋਂ ਪ੍ਰਭਾਵਿਤ ਹੋਣ, ਗੁਰੂ ਸਾਹਿਬ ਦੇ ਰਹਿ ਗਏ ਕਾਰਜਾਂ ਨੂੰ ਪੂਰਾ ਕਰਨਾ, ਮੁਗਲ ਸਲਤਨਤ ਨਾਲ ਟੱਕਰ ਲੈਣ, ਮਜ਼ਲੂਮਾਂ-ਮੁਜ਼ਾਰਿਆਂ ਕਿਸਾਨਾਂ ਦਾ ਖ਼ਾਲਸਾਈ ਰਾਜ ਸਥਾਪਤ ਕਰਨ, ਪੰਚਾਇਤੀ ਰਾਜ ਨੂੰ ਮਾਨਤਾ ਦੇਣ, ਸ਼ਹੀਦੀ ਪ੍ਰਾਪਤ ਕਰਨ ਤੱਕ ਦੇ ਸਾਰੇ ਵੇਰਵੇ, ਘਟਨਾਵਾਂ, ਕਾਰਜ, ਕਾਰਨਾਮੇ ਮਹੱਤਵਪੂਰਨ ਅਤੇ ਯਥਾਰਥਕ ਹਨ। ਨਾਵਲ ਵਿਚ ਬੰਦਾ ਬਹਾਦਰ ਦੇ ਗ੍ਰਹਿਸਥੀ ਜੀਵਨ ਨੂੰ ਮਾਨਤਾ ਦਿੱਤੀ ਹੈ। ਬੰਦਾ ਬਹਾਦਰ ਦਾ ਵਿਆਹ ਕਰਵਾਉਣ ਉਚਿਤ ਸੀ, ਇਸ ਬਾਰੇ ਕਈ ਵਿਵਾਦਗ੍ਰਸਤ ਵਿਚਾਰਧਾਰਾਵਾਂ ਹਨ, ਗੁਰਮਤਿ ਅਨੁਸਾਰ ਗ੍ਰਹਿਸਥੀ ਜੀਵਨ ਉਤਮ ਅਤੇ ਅਤੀ ਜ਼ਰੂਰੀ ਹੈ। ਉਸ ਨੇ

ਗ੍ਰਹਿਸਥੀ ਜੀਵਨ ਅਪਣਾ ਕੇ ਕੋਈ ਅਪਰਾਧ ਨਹੀਂ ਕੀਤਾ। ਉਹ ਉਚ-ਆਚਰਨ ਅਤੇ ਚੰਗੇ ਆਚਾਰ-ਵਿਹਾਰ ਦਾ ਧਾਰਨੀ ਸੀ। ਉਹ ਹਮੇਸ਼ਾ ਹਰ ਜਾਤ ਅਤੇ ਹਰ ਧਰਮ ਦੀਆਂ ਧੀਆਂ ਭੈਣਾਂ ਦੀ ਇੱਜ਼ਤ ਦਾ ਰਖਵਾਲਾ ਰਿਹਾ ਹੈ। ਉਸ ਨੇ ਧੀਆਂ ਭੈਣਾਂ ਦੀ ਹਿਫ਼ਾਜ਼ਤ ਹੀ ਨਹੀਂ ਕੀਤੀ ਬਲਕਿ ਬੰਦਾ ਬਹਾਦਰ ਅਤੇ ਉਸ ਦੀ ਫ਼ੌਜ ਨੇ ਗਰੀਬਾਂ, ਕਿਸਾਨਾਂ, ਮੁਜ਼ਾਰਿਆਂ, ਦੀਨ ਦੁਖੀਆਂ ਕੰਮੀ ਕਮੀਣਾਂ ਨੂੰ ਵੀ ਸੁਰਖਿਆ ਦਿੱਤੀ।

ਬੰਦਾ ਬਹਾਦਰ ਦੇ ਯੁੱਧਨੀਤਕ ਫੈਸਲੇ ਇਤਿਹਾਸਿਕ ਸੱਚ ਹਨ, ਜੋ ਤੱਤਕਾਲ ਦੇ ਅਨੁਕੂਲ ਅਤੇ ਲੋੜ ਅਨੁਸਾਰ ਹਨ। ਮੁਗਲਾਂ ਨਾਲ ਟਾਕਰਿਆਂ ਅਤੇ ਯੁੱਧਾਂ ਦਰਮਿਆਨ ਕਤਲੋਗਾਰਤ ਹੋਣੀ ਕੁਦਰਤੀ ਅਤੇ ਜ਼ਰੂਰੀ ਸੀ। ਉਸ ਕੋਲ ਸ਼ਕਤੀ ਸੀਮਤ ਸੀ ਪਰ ਉਸ ਦੇ ਯੁੱਧਨੀਤਕ ਕਾਰਜ ਲਾਸਾਨੀ ਸਨ। ਉਸ ਨੂੰ ਮੁਗਲ ਸਾਮਰਾਜ ਵੱਲੋਂ ਜ਼ਮੀਨਾਂ ਜਾਇਦਾਦਾਂ, ਧਨ ਸੰਪਤੀ ਤੋਂ ਬਿਨਾਂ ਹੋਰ ਕਈ ਲਾਲਚ ਦਿੱਤੇ ਗਏ, ਪ੍ਰੰਤੂ ਉਸ ਨੇ ਕੋਈ ਵੀ ਲਾਲਚ ਜਾਂ ਲੋਭ ਨੂੰ ਸਵੀਕਾਰ ਕਰਕੇ ਇਤਿਹਾਸ ਨੂੰ ਕਲੰਕਤ ਨਹੀਂ ਕੀਤਾ। ਉਸ ਨੇ ਕਿਸੇ ਵੀ ਕਦਮ 'ਤੇ ਮੁਗਲਾਂ ਦੀ ਈਨ ਨਹੀਂ ਮੰਨੀ। ਉਹ ਬੇ-ਖੌਫ਼ ਲੜਿਆ, ਸੰਘਰਸ਼ ਕੀਤਾ ਅਤੇ ਸ਼ਹਾਦਤ ਦਿੱਤੀ। ਉਹ ਆਪਣੇ ਮਸੂਮ ਪੁੱਤਰ ਅਜੈ ਸਿੰਘ ਦੀ ਸ਼ਹੀਦੀ ਤੋਂ ਵੀ ਨਹੀਂ ਡਰਿਆ। ਮੁਗਲਾਂ ਦੇ ਜਬਰ-ਜ਼ੁਲਮ ਉਸ ਨੂੰ ਝੁਕਾਅ ਨਾ ਸਕੇ। ਬੰਦਾ ਬਹਾਦਰ ਦੀ ਸ਼ਹਾਦਤ ਨੇ ਪੰਜਾਬ ਦੇ ਇਤਿਹਾਸ ਨੂੰ ਹੋਰ ਸੁਰਖ ਰੰਗ ਚਾੜ੍ਹਿਆ ਹੈ। ਉਸ ਦੀ ਕੁਰਬਾਨੀ ਅਤੇ ਉਸ ਦੀ ਖ਼ਾਲਸਾਈ ਫ਼ੌਜ ਦੀ ਕੁਰਬਾਨੀ ਇਤਿਹਾਸ ਦੇ ਪੰਨਿਆ ਤੇ ਅਮਿੱਟ ਹੈ। ਇਤਿਹਾਸਿਕ ਸਚਾਈ ਇਹ ਹੈ ਕਿ ਗੁਰੂਆਂ ਤੋਂ ਬਾਅਦ ਬੰਦਾ ਬਹਾਦਰ ਦੇ ਕਾਰਜਾਂ, ਯੁੱਧਾਂ ਤੇ ਯੁੱਧੀਕਰਨ ਕਾਰਨਾਮਿਆਂ ਦੀ ਬਦੌਲਤ ਹੀ ਮੁਗ਼ਲ ਸਾਮਰਾਜ ਦੀਆਂ ਨੀਹਾਂ ਹਿੱਲੀਆਂ ਸਨ। ਭਾਰਤ ਵਿੱਚੋਂ ਮੁਗ਼ਲ ਸਾਮਰਾਜ ਦਾ ਸੂਰਜ ਸਦਾ ਲਈ ਅਸਤ ਕਰ ਦਿੱਤੀ ਸੀ। ਇਸ ਨਾਵਲ ਵਿਚ ਬੰਦਾ ਬਹਾਦਰ ਨੂੰ ਮਹਾਂਬਲੀ ਸੂਰਾ ਸਥਾਪਤ ਕਰਦਾ ਹੈ, ਜਿਹੜਾ ਕਿ ਸਿੱਖ ਇਤਿਹਾਸ ਦਾ ਮਹਾਂਨਾਇਕ ਹੋਣ ਦਾ ਲਾਸਾਨੀ ਕਿਰਦਾਰ ਹੈ। ਜਿਸ ਨੇ ਖ਼ਾਲਸਾਈ ਫ਼ੌਜ ਦੀ ਅਗਵਾਈ ਕਰਕੇ ਆਪਣੀ ਯੁਧਨੀਤੀ ਦਾ ਲੋਹਾ ਮਨਵਾਇਆ ਅਤੇ ਖ਼ਾਲਸਾ ਪੰਚਾਇਤ ਨੂੰ ਸਥਾਪਤ ਕੀਤਾ ਜਿਹੜੀ ਬਾਅਦ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਨੀਂਹ ਬਣੀ।

'ਮੈਂ ਪਾਕਿਸਤਾਨ ਨਹੀਂ ਜਾਣਾ' ਨਾਵਲ ਵਿਚ ਬਲਦੇਵ ਸਿੰਘ ਨੇ ਕਾਮਰੇਡ ਰੁਲਦੂ ਖ਼ਾਨ ਦੇ ਨੂੰ ਜੀਵਨ ਨੂੰ ਪੇਸ਼ ਕੀਤਾ ਹੈ। ਰੁਲਦੂ ਖ਼ਾਨ ਸਹੀ ਅਰਥਾਂ ਵਿਚ ਕਾਮਰੇਡ ਸੀ। ਉਹ ਸਾਰੀ ਉਮਰ ਕਮਿਊਨਿਸਟ ਲਹਿਰ ਪ੍ਰਤੀ ਸਮਰਪਿਤ ਰਿਹਾ। ਉਸ ਨੇ ਪੂਰੀ ਈਮਾਨਦਾਰੀ ਨਾਲ ਕਮਿਊਨਿਸਟ ਪਾਰਟੀ ਦੀ ਸੇਵਾ ਕੀਤੀ। ਕਾਮਰੇਡ ਖ਼ਾਨ ਆਪਣੇ ਸਕੇ ਸਬੰਧੀਆਂ ਅਤੇ ਦੋਸਤਾਂ ਮਿੱਤਰਾਂ ਦੀ ਬਜਾਏ ਆਪਣੀ ਪਾਰਟੀ ਨੂੰ ਪਹਿਲ ਦਿੰਦਾ ਸੀ। 1947 ਦੀ ਦੇਸ਼ ਵੰਡ ਸਮੇਂ ਉਸ ਦਾ ਸਾਰਾ ਪਰਿਵਾਰ ਪਾਕਿਸਤਾਨ ਚਲਾ ਗਿਆ ਪਰ ਕਾਮਰੇਡ ਖ਼ਾਨ ਨੇ ਆਪਣੀ ਮਾਤ ਭੂਮੀ ਨੂੰ ਨਹੀਂ ਛੱਡਿਆ ਜਿਸ ਤੋਂ ਉਸ ਆਪਣੇ ਦੇਸ਼ ਪ੍ਰਤੀ ਪਿਆਰ ਦਾ ਪਤਾ ਲੱਗਦਾ ਹੈ। ਇਸ ਤੋਂ ਇਲਾਵਾ ਆਪਣੀ ਜ਼ਿੰਦਗੀ ਦੇ ਅੰਤਲੇ ਸਮੇਂ ਤੱਕ ਆਪਣੀ ਪਾਰਟੀ ਨਾਲ ਰਿਹਾ। ਉਸ ਦੇ ਪਰਿਵਾਰ ਨੂੰ ਉਸ ਦੀਆਂ ਇਹ ਗਤੀਵਿਧੀਆਂ ਬਿਲਕੁਲ ਵੀ ਪੰਸਦ ਨਹੀਂ ਸਨ। ਉਸ ਨੇ ਲੋੜ ਪੈਣ ਉੱਤੇ ਆਪਣੀ ਪਤਨੀ ਨੂੰ ਵੀ ਛੱਡ ਦਿੱਤਾ ਪਰ ਆਪਣੀ ਪਾਰਟੀ ਨੂੰ ਨਹੀਂ ਛੱਡਿਆ। ਉਸ ਨੇ ਸਾਰੀ ਜ਼ਿੰਦਗੀ ਆਪਣੀ ਪਾਰਟੀ ਅਤੇ ਖੇਤ ਮਜ਼ਦੂਰਾਂ-ਕਿਸਾਨਾਂ ਲਈ ਸਮਰਪਿਤ ਕਰ ਦਿੱਤੀ।

ਬਲਦੇਵ ਸਿੰਘ ਆਪਣੇ ਇਤਿਹਾਸਕ ਨਾਵਲਾਂ ਵਿਚ ਇਤਿਹਾਸਕ ਅਤੇ ਵਰਣਾਤਮਕ ਸ਼ੈਲੀ ਦੀ ਵਰਤੋਂ ਕਰਦਾ ਹੈ। ਉਹ ਆਪਣੀ ਭਾਸ਼ਾ ਅਤੇ ਸ਼ੈਲੀ ਨੂੰ ਰੌਚਿਕਤਾ ਪ੍ਰਦਾਨ ਕਰਨ ਲਈ 'ਪੰਜਵਾਂ ਸਾਹਿਬਜ਼ਾਦਾ' ਵਿਚ ਗੁਰਬਾਣੀ ਦੀਆਂ ਤੁਕਾਂ, 'ਢਾਹਵਾਂ ਦਿੱਲੀ ਦੇ ਕਿੰਗਰੇ' ਵਿਚ ਸ਼ਾਹ ਹੁਸੈਨ ਦੀਆਂ ਕਾਫ਼ੀਆਂ ਨੂੰ ਪ੍ਰਸਤੁਤ ਕਰਦਾ ਹੈ। ਇਸ ਤਰ੍ਹਾਂ ਇਤਿਹਾਸਕ ਨਾਵਲਾਂ ਵਿਚ ਪਾਤਰ ਉਸਾਰੀ, ਪਾਤਰ ਚਿਤਰਨ, ਵਾਤਾਵਰਨ ਉਸਾਰੀ ਅਤੇ ਭਾਸ਼ਾ ਸ਼ੈਲੀ ਦੀਆਂ ਜੁਗਤਾਂ ਇਤਿਹਾਸਕ ਨਾਵਲ ਦੀ ਮੁਕੰਮਲਤਾ ਵਿਚ ਅਹਿਮ ਭੂਮਿਕਾ ਅਦਾ ਕਰਦੀਆਂ ਹਨ। ਬਲਦੇਵ ਸਿੰਘ ਆਪਣੇ ਇਤਿਹਾਸਕ ਨਾਵਲਾਂ ਦੇ ਬਿਰਤਾਂਤ ਨੂੰ ਉਸਾਰਨ ਵਿਚ ਇਹਨਾਂ ਜੁਗਤਾਂ ਦੀ ਵਰਤੋਂ ਇਤਿਹਾਸਕ ਨਾਵਲ ਦੀਆਂ ਸੀਮਾਵਾਂ ਅਤੇ ਸੰਭਾਵਨਾਵਾਂ ਦੇ ਅੰਤਰਗਤ ਕਰਦਾ ਹੈ।

ਬਲਦੇਵ ਸਿੰਘ ਦੇ ਨਾਵਲਾਂ ਦਾ ਬਿਰਤਾਂਤ ਸ਼ਾਸਤਰੀ ਅਧਿਐਨ ਕਰਨ ਉਪਰੰਤ ਇਸ ਨਤੀਜਾ ਨਿਕਲਦਾ ਹੈ ਕਿ ਨਾਵਲ ਸਾਹਿਤ ਰੂਪ ਵਿਚ ਬਿਰਤਾਂਤ ਸ਼ਾਸਤਰ ਬਹੁਤ ਹੀ ਮਹੱਤਵ ਦਾ ਧਾਰਨੀ ਹੈ ਕਿਉਂਕਿ ਇਹ ਰਚਨਾ ਨੂੰ ਇਕ ਸੰਗਠਿਤ ਇਕਾਈ ਵਿਚ ਬੰਨ ਕੇ ਰੱਖਦਾ ਹੈ ਅਤੇ ਪਾਠਕ ਦੇ ਮਨ ਵਿਚ ਉਤਸੁਕਤਾ ਬਣਾਈ ਰੱਖਦਾ ਹੈ। ਬਲਦੇਵ ਸਿੰਘ ਦੇ ਨਾਵਲਾਂ ਨੂੰ ਜਦੋਂ ਬਿਰਤਾਂਤ ਸ਼ਾਸਤਰ ਦੇ ਵੱਖੋਂ ਵੱਖਰੇ ਮਾਡਲਾਂ ਦੇ ਆਧਾਰ ਤੇ ਪਰਖ ਦੇ ਹਾਂ ਤਾਂ ਉਹ ਲਗਪਗ ਹਰ ਮਾਡਲ ਤੇ ਪੂਰੇ ਉੱਤਰਦੇ ਹਨ। ਬਲਦੇਵ ਸਿੰਘ ਨੇ ਭਾਵੇਂ ਕਿਸੇ ਵੀ ਮਾਡਲ ਨੂੰ ਧਿਆਨ ਵਿਚ ਰੱਖ ਕੇ ਨਾਵਲ ਸਿਰਜਣਾ ਨਹੀਂ ਕੀਤੀ ਪਰ ਫਿਰ ਵੀ ਉਸਦੇ ਨਾਵਲ ਬਿਰਤਾਂਤ ਦੀ ਹਰ ਕੌਸਟੀ ਤੇ ਪੂਰੇ ਉੱਤਰਦੇ ਹਨ।

# ਮੁਲਾਕਾਤ

1. ਬਾਬਾ ਬੰਦਾ ਬਹਾਦਰ ਸਿੰਘ ਦਾ ਵੈਰਾਗੀ ਬਣਨ ਦਾ ਇਤਿਹਾਸ ਤੁਹਾਡੇ ਨਾਵਲ ਵਿਚ ਕੁਝ ਹੋਰ ਹੈ ਤੇ ਇਤਿਹਾਸ ਵਿਚ ਕੁਝ ਹੋਰ ਹੈ ਇਹ ਫਰਕ ਕਿਉਂ ਹੈ?

- ਸਾਹਿਤ ਤੇ ਇਤਿਹਾਸ ਵਿਚ ਇਹੀ ਫਰਕ ਹੁੰਦਾ ਹੈ ਸਾਡੇ ਇਤਿਹਾਸਕਾਰ ਅਗਾਂਹ ਮੱਖੀ ਤੇ ਮੱਖੀ ਮਾਰਦੇ ਤੁਰੇ ਆਉਂਦੇ ਹਨ। ਕਿਸੇ ਨੇ ਵੀ ਖੋਜ ਕਰਨ ਦੀ ਜ਼ਰੂਰਤ ਨਾ ਸਮਝੀ। ਇਕ ਨੇ ਕਹਿ ਦਿੱਤਾ ਕਿ ਉਹ ਇਸ ਤਰ੍ਹਾਂ ਹੈ ਦੂਸਰੇ ਨੇ ਵੀ ਉਵੇਂ ਹੀ ਕਹਿ ਦਿੱਤਾ ਕਿਸੇ ਨੇ ਵੀ ਇਹ ਨਹੀਂ ਦੱਸਿਆ ਕਿ ਉਹ ਨਾਇਕ ਕਿਵੇਂ ਬਣਿਆ। ਲਛਮਣ ਦਾਸ ਤੋਂ ਮਾਧੋ ਦਾਸ, ਮਾਧੋ ਦਾਸ ਤੋਂ ਬੰਦਾ ਬਹਾਦਰ ਬਣਦਾ ਕਿਵੇਂ ਹੈ। ਜਿਵੇਂ ਸਾਡੇ ਇਤਿਹਾਸਕਾਰ ਕਹਿੰਦੇ ਹਨ ਕਿ ਉਸਨੇ ਹਿਰਨੀ ਦੇ ਤੀਰ ਮਾਰਿਆ ਉਹ ਗਰਭਰਵੀ ਸੀ ਮਤਲਬ ਉਹਦੇ ਬੱਚੇ ਵੀ ਮਰ ਗਏ ਇਸਨੂੰ ਦੇਖ ਕੇ ਉਹ ਦ੍ਰਵਿਤ ਹੋ ਗਿਆ ਤੇ ਉਹ ਸੰਨਿਆਸੀ ਬਣ ਗਿਆ ਹੁਣ ਇਹੋ ਜਿਹਾ ਬੱਚਾ ਉਦੋਂ 10-11 ਸਾਲ ਦਾ ਹੀ ਸੀ। ਇਹੋ ਜਿਹੇ ਦ੍ਰਿਸ਼ ਨੂੰ ਦੇਖ ਕੇ ਉਹ ਵੈਰਾਗ ਵਲ ਚਲਾ ਗਿਆ। ਜਦੋਂ ਉਹ ਜਵਾਨ ਹੋ ਗਿਆ। ਉਹ ਕਿਵੇਂ ਜੰਗ ਦੇ ਮੈਦਾਨ ਵਿਚ ਆਹੂ ਲਾਹੁੰਦਾ ਤੁਰਿਆ ਲੋਕਾਂ ਨੂੰ ਵੱਢਦਾ ਤੁਰਿਆ ਜਾਂਦਾ ਹੈ। ਕੋਈ ਇਤਿਹਾਸਕਾਰ ਨਹੀਂ ਸੋਚਦਾ ਕਿ ਉਹ ਇਕ ਸੂਰਮਾ ਕਿਵੇਂ ਬਣਦਾ ਹੈ। ਜਿਸ ਤਰ੍ਹਾਂ ਦਾ ਮੈਂ ਉਸਨੂੰ ਮਹਾਂਬਲੀ ਸੂਰਾ ਵਿਚ ਹੋ ਸਕਦਾ ਕਿ ਉਹ ਉਸ ਤਰ੍ਹਾਂ ਦਾ ਨਾ ਹੋਵੇ ਪਰ ਮੈਂ ਤੇ ਉਸ ਨੂੰ ਇਕ ਸੂਰਮਾ ਸਿਰਜਣਾ ਹੈ ਕਿ ਕਿਸ ਤਰ੍ਹਾਂ ਆਪਣੇ ਚਾਚਾ-ਚਾਚੀ ਤੋਂ ਦੁੱਖੀ ਸੀ ਕਿਸ ਤਰ੍ਹਾਂ ਉਹ ਉਸ ਤੋਂ ਕੰਮ ਕਰਵਾਉਂਦੇ ਸੀ ਕਿਸ ਤਰ੍ਹਾਂ ਉਹ ਖਿੱਝਿਆ ਹੋਇਆ ਸੀ ਕਿਸ ਤਰ੍ਹਾਂ ਉਸਦੀ ਮੰਨਸ਼ਾ ਵੀ ਨਹੀਂ ਸੀ। ਕਿੰਨੀ ਇਹ ਮਨੋਵਿਗਿਆਨਕ ਗੱਲ ਹੈ ਉਸ ਬੱਚਾ ਦੀ ਜਦੋਂ ਉਹ ਉਸਦੇ ਤੀਰ ਮਾਰਦਾ ਹੈ ਤਾਂ ਜਦੋਂ ਫਿਰ ਉਹਦਾ ਗੁਰੂ ਉਸਨੂੰ ਪੁੱਛਦਾ ਹੈ ਕਿ ਤੈਨੂੰ ਤਰਸ ਨਹੀਂ ਆਇਆ। ਉਹ ਕਹਿੰਦਾ ਕਿ ਮੈਂ ਤਾਂ ਦੇਖਿਆ ਹੀ ਨੀ ਕਿ ਉਹ ਹਿਰਨੀ ਹੈ ਮੈਨੂੰ ਤਾਂ ਲੱਗਾ ਕਿ ਚਾਚਾ-ਚਾਚੀ ਖੜ੍ਹੇ ਹਨ ਕਿ ਇਨ੍ਹਾਂ ਉਸ ਦੇ ਮਨ ਵਿਚ ਘ੍ਰਿਣਾ ਸੀ ਆਪਣੇ ਚਾਚੇ ਪ੍ਰਤੀ ਭਰੀ ਪਈ ਸੀ। ਕਿਸਤਰ੍ਹਾਂ ਉਹ ਸ਼ਿਗਲਗਿਰੀ ਦੇ ਮੁੰਡਿਆਂ ਨਾਲ ਯੁੱਧ ਕਰਦਾ ਹੈ। ਤੀਰ ਚਲਾਉਣੇ ਸਿੱਖਦਾ ਹੈ ਕਿਸਤਰ੍ਹਾਂ ਉਸਦੀ ਸਿਰਜਣਾ ਹੋ ਰਹੀ ਹੈ। ਕਿਸਤਰ੍ਹਾਂ ਉਹ ਨਕਲੀ ਯੁੱਧ ਕਰਦੇ ਨੇ ਕੁਸ਼ਤੀਆਂ ਕਰਦੇ ਨੇ। ਕਿਸਤਰ੍ਹਾਂ ਉਹ ਫਿਰ ਮਰਾਠਿਆਂ ਦੀ ਫੌਜ ਵਿਚ ਜਾਂਦਾ ਹੈ। ਜਾਣੀ ਮੈਂ.........ਬਹੁਤ ਲੋਕ ਆ ਸਾਡੇ ਜਿਹੜੇ ਇਤਿਹਾਸਕਾਰ ਹਨ। ਉਹ ਇਸ ਗੱਲ ਨਾਲ ਸਹਿਮਤ ਨਹੀਂ ਹੋਵਗੇ। ਉਹਨਾਂ ਨੇ ਤਾਂ ਉਥੋਂ ਚੁੱਕਿਆ ਜਿਹੜਾ ਇਕ ਵਾਰ ਕਹਿ ਗਿਆ ਉਹ ਕਹਿ ਗਿਆ। ਕੀ ਤੁਸੀਂ ਇਕ ਸਾਧ ਨੂੰ......... ਕਿਸਤਰ੍ਹਾਂ ਇਕ ਦਮ ਗੁਰੂ ਗੋਬਿੰਦ ਸਿੰਘ ਜੀ ਕਹਿ ਦਿੰਦੇ ਕਿ ਭਾਈ ਚਲ ਤੂੰ.........ਇਹ ਨਹੀਂ ਸੋਚਦੇ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਸਖ਼ਸ਼ੀਅਤ ਕਿਹੜੀ ਆ ਉਹ ਉਸਨੂੰ ਵੀ ਦਾਗੀ ਕਰ ਰਹੇ ਆ ਇਤਿਹਾਸਕਾਰ ਕਿ ਉਹ ਜਾ ਕੇ ਪਲੰਘ ਤੇ ਬੈਠ ਗਿਆ। ਪਹਿਲਾ ਇਹ ਦੇਖੋ ਤੁਸੀਂ ਵੀ ਕਿਸੇ ਦੇ ਘਰ ਆਏ ਓ ਘੰਟੀ ਮਾਰ ਕੇ ਆਏ ਓ ਗੁਰੂ ਨੇ ਉਹ। ਦੂਰ ਅੰਦੈਸ਼ੀ ਵੀ ਬਹੁਤ ਨੇ ਜਿੰਨ੍ਹਾਂ ਨੇ ਸਾਹਿਤ ਰਚਿਆ ਕਵੀ ਵੀ 52 ਰੱਖੇ ਹੋਏ ਸੀ। ਕਿਸੇ ਦੇ ਘਰ ਜਾ ਕੇ ਪਲੰਘ ਤੇ ਬੈਠੇ ਗਏ ਕਿ ਉਹਨਾਂ ਦੀ ਸਖ਼ਸ਼ੀਅਤ

ਲਈ ਇਹ ਗਵਾਰਾ ਹੋਇਆ ਵੀ ਗੁਰੂ ਕਿਸੇ ਦੇ ਘਰ ਜਾ ਕੇ ਉਹਦੇ ਪਲੰਘ ਤੇ ਜਾ ਕੇ ਬੈਠ ਗਏ ਤੇ ਉਸ ਨੇ ਯੰਤਰ-ਮੰਤਰ ਮਾਰ ਕੇ ਪਲੰਘ ਨੂੰ ਮੂੰਦਾ ਮਾਰਨ ਦੀ ਬੜੀ ਕੋਸ਼ਿਸ਼ ਕੀਤੀ ਉਸ ਨੇ ਬਹੁਤ ਕੁਝ ਕੀਤਾ ਜਦੋਂ ਕੁਝ ਨਹੀਂ ਹੋਇਆ ਤਾਂ ਬਾਅਦ 'ਚ ਆ ਕੇ ਕਹਿੰਦਾ ਕਿ ਮੈਂ ਤੇਰਾ ਬੰਦਾ ਮੈਨੂੰ ਬਖ਼ਸ਼। ਕੀ ਇਹ ਕਦੇ ਹੋਇਆ? ਪਰ ਇਤਿਹਾਸਕਾਰਾਂ ਨੇ ਇਹ ਬਣਾਇਆ। ਸੁਣਨ ਵਾਲੇ ਉਥੇ ਜੈਕਾਰੇ ਛੱਡਦੇ ਸਾਡੀ ਸੰਗਤ। ਲੇਕਿਨ ਵਿਗਿਆਨਕ ਗੱਲ ਕੀ ਇਹ ਸੱਚ ਹੈਗੀ ਆ। ਕਿਸਤਰ੍ਹਾਂ ਨਾਵਲ ਵਿਚ ਗੁਰੂ ਗੋਬਿੰਦ ਸਿੰਘ ਪਹਿਲਾ ਆਪਣੇ ਬੰਦੇ ਭੇਜਦਾ ਫਿਰ ਆਪ ਜਾਂਦਾ ਉਹ ਨਹੀਂ ਮੰਨ ਰਿਹਾ ਆਪ ਜਾਂਦਾ ਦੇਖੋ.........ਕਿਸੇ ਵੀ ਇਤਿਹਾਸਕਾਰ ਨੇ ਮੈਨੂੰ ਇਹ ਨਹੀਂ ਕਿਹਾ ਕਿ ਤੂੰ ਇਹ ਗਲਤ ਕੀਤਾ ਹੈ ਕਿਉਂਕਿ ਉਹ ਇਸ ਤੋਂ ਮੁੱਨਕਰ ਹੋ ਹੀ ਨੀ ਸਕਦੇ। ਫਿਰ ਮੈਨੂੰ ਇਕ ਨੇ ਕਿਹਾ ਸੀ ਕਿ ਗੁਰੂ ਗੋਬਿੰਦ ਸਿੰਘ ਦੀ ਸਖ਼ਸ਼ੀਅਤ ਬੰਦਾ ਬਹਾਦਰ ਤੇ ਹਾਵੀ ਲੱਗਦੀ ਹੈ ਮੈਂ ਬੇਕੱਲ ਵੀ ਨਹੀਂ। ਗੁਰੂ ਨੂੰ ਪਤਾ ਸੀ ਕਿ ਉਹਨੇ ਪ੍ਰੇਰਿਆ ਤੇ ਪ੍ਰੇਰਨ ਤੋਂ ਬਾਅਦ ਹੀ ਕਿਹਾ ਕਿ ਆ ਕੁਝ ਹੋਇਆ ਤੇ ਉਹ ਆਪ ਆ ਕੇ ਕਹਿੰਦਾ ਕਿ ਠੀਕ ਹੈ ਹਾਲਾਂਕਿ ਉਹ ਕਹਿੰਦਾ ਕਿ ਇਹ ਇੰਨਾ ਮਾਹਰ ਸੀ ਕਿ ਉਹ ਕਹਿੰਦਾ ਕਿ ਮੇਰੇ ਬੰਦਿਆਂ ਨੂੰ ਟ੍ਰੇਨਿੰਗ ਦਿਉਂ ਗੁਰੀਲਾ ਯੁੱਧ ਦੀ ਔਰ ਉਹਨਾਂ ਨੂੰ ਸਿਖਾਉਂਦਾ ਔਰ ਦੁਖੀ ਨੇ ਜਿਹੜੇ ਗੁਰੂ ਗੋਬਿੰਦ ਸਿੰਘ ਤੋਂ ਬਾਦ ਭਾਲਦੇ ਸੀ ਕਿ ਗੱਦੀ ਸਾਡੀ ਐ ਔਰ ਜਿਹੜੇ ਵਿਰੋਧ ਪੈਦਾ ਹੋਏ ਨੇ ਇਸ ਕਰਕੇ ਸਾਹਿਤ ਨੇ ਵਿਗਿਆਨ ਢੰਗ ਨਾਲ ਗੱਲ ਕਰਨੀ ਹੁੰਦੀ ਐ ਔਰ ਇਤਿਹਾਸ ਨੇ ਕਿਸਤਰ੍ਹਾਂ ਮਿਥਿਹਾਸਕ ਗੱਲਾਂ ਅਫਵਾਹਾਂ ਨੂੰ ਤਰਜੀਹ ਦੇਣੀ ਹੁੰਦੀ ਹੈ। ਇਹ ਫਰਕ ਹੈਗਾ ਉਹਦੇ 'ਚ ਮਹਾਂਬਲੀ ਸੂਰਾ 'ਚ।

2. 'ਖਾਕੂ ਜੇਡੁ ਨ ਕੋਇ' ਇਹ ਨਾਵਲ 'ਅੰਨਦਾਤਾ' ਨਾਵਲ ਦਾ ਅਗਲਾ ਭਾਗ ਹੈ ਤੁਸੀਂ ਇਸ ਨਾਵਲ ਦਾ ਇਹ ਹੀ ਨਾਮ ਕਿਉਂ ਰੱਖਿਆ ਹੈ 'ਅੰਨਦਾਤਾ ਭਾਗ-2' ਕਿਉਂ ਨਹੀਂ ਰੱਖਿਆ?

- ਮੈਂ ਰੱਖਣਾ ਸੀ ਨਾਮ ਅੰਨਦਾਤਾ ਭਾਗ-2 ਉਹ ਉਹਦੇ 'ਚ ਇਸ ਕਰਕੇ ਨਹੀਂ ਸੀ ਰਖਿਆ ਕਿ ਉਹ ਸਭ ਕੁਝ ਜ਼ਮੀਨ ਨਾਲ ਜੁੜਿਆ ਹੋਇਆ ਸੀ ਸਾਰਾ ਕੁਝ ਇਹ ਵੀ ਜ਼ਮੀਨ ਨਾਲ ਜੁੜਿਆ ਹੋਇਆ ਹੈ ਵੀ ਕਿਸਾਨ ਦੇ ਸਾਰੇ ਰਿਸ਼ਤੇ, ਉਹਦੀ ਆਰਥਕਤਾ, ਉਹ ਦਾ ਭੂਤ, ਉਹ ਦਾ ਵਰਤਮਾਨ, ਉਹ ਦਾ ਭਵਿੱਖ ਸਾਰਾ ਕੁਝ ਜ਼ਮੀਨ ਨਾਲ ਜੁੜਿਆ ਹੋਇਆ ਔਰ ਇਹ ਸੰਕਲਪ ਵੀ ਹੈ ਕਿ ਫਰੀਦਾ ਖਾਕ ਨਾ ਨਿੰਦੀਐ ਖਾਕੂ ਜੇਡੁ ਨਾ ਕੋਇ। ਤੇ ਇਹ ਵੀ ਇਕ ਇੰਨੀ ਮਹੱਤਵਪੂਰਨ ਹੈ ਕਿ ਇਕ ਕਿਸਾਨ ਦੇ ਜੀਵਨ ਦੇ ਦੁਆਲੇ ਘੁੰਮਦਾ ਐ ਕਿ ਉਹ ਨਿਰਾਸ਼ ਹੈ ਤਾਂ ਵੀ ਜ਼ਮੀਨ ਕਰਕੇ ਐ। ਜੇ ਉਹ ਖੁਸ਼ ਐ ਤਾਂ ਵੀ ਜ਼ਮੀਨ ਕਰਕੇ। ਔਰ ਇਸ ਲਈ ਇਹਦਾ ਨਾਮ ਇਹ ਰਖਿਐ। ਔਰ ਮੈਂ ਚਾਹੁੰਦਾ ਸੀ ਕਿ ਇਸ ਨਾਵਲ ਦਾ ਨਾਮ ਭਾਗ-2 ਕਰਕੇ ਨਾ ਹੋਵੇ ਕਿ ਜੇ ਕਿਸੇ ਨੇ ਅੰਨਦਾਤਾ ਨਹੀਂ ਵੀ ਕਿਸੇ ਨੇ ਪੜਿਐ ਤਾਂ ਇੰਡੀਪੈਡਟ ਨਾਵਲ ਵੀ ਲੱਗੇ ਨਹੀਂ ਤਾਂ ਉਹ ਪਹਿਲਾ ਭਾਗ ਵੀ ਲੱਭਣਗੇ। ਇਸ ਲਈ ਇਹਦਾ ਨਾਮ ਰਖਿਐ ਖਾਕੂ ਜੇਡੁ ਨ ਕੋਇ।

3. ਤੁਸੀਂ ਬਿਰਤਾਂਤ ਸ਼ਾਸਤਰ ਦੀਆਂ ਵਿਧੀਆਂ ਦੇ ਆਧਾਰ ਤੇ ਨਾਵਲ ਲਿਖੇ ਹਨ ਜਾਂ ਫਿਰ ਆਚੇਤ ਰੂਪ ਵਿਚ ਹੀ ਉਹ ਬਿਰਤਾਂਤ ਸ਼ਾਸਤਰ ਦੇ ਮੁਤਾਬਿਕ ਹਨ?

➢ ਨਹੀਂ ਨਹੀਂ ਇਸਤਰ੍ਹਾਂ ਨਹੀਂ ਹੁੰਦਾ। ਪਹਿਲੀ ਤਾਂ ਗੱਲ ਐ ਕਿ ਜਿਹੜੇ ਸਾਡੀਆਂ ਯੂਨੀਵਰਸਿਟੀਆਂ ਦੇ ਆਲੋਚਕ ਨੇ ਜਾਂ ਸਾਹਿਤ ਦੇ ਸ਼ਾਸਤਰੀ ਨੇ ਇਹ ਜਿਆਦਾ ਜਾਣਦੇ ਨੇ ਕਿ ਸਿਧਾਂਤ ਕੀ ਹੁੰਦੇ ਨੇ ਕੀ ਹੋਇਆ ਹੈ ਮੈਨੂੰ ਇਹਦੇ ਬਾਰੇ ਕੋਈ ਗਿਆਨ ਨਹੀਂ ਐ। ਨਾਂ ਹੀ ਇਹ ਮੇਰਾ ਖੇਤਰ ਹੈ। ਸਬਜੈਕਟ ਆਪਣੇ ਆਪ ਰੂਪ ਲੈ ਆਉਂਦਾ ਐ। ਕਦੇ ਇਹ ਨਹੀਂ ਸੋਚਿਆ ਕਿ ਇਹਦੇ 'ਚ ਮੈਂ ਆ ਬਿਰਤਾਂਤ ਸਿਰਜਣਾ ਜਾਂ ਕਰਨਾ। ਉਹ ਸਬਜੈਕਟ ਹੀ ਇਸਤਰ੍ਹਾ ਦਾ ਹੁੰਦਾ ਉਹ ਪਾਤਰ ਹੀ ਇਦਾਂ ਦੇ ਹੁੰਦੇ ਜਿਵੇਂ-ਜਿਵੇਂ ਉਹ ਮੈਂ ਲਿਖਦਾ ਤੁਰਿਆ ਜਾਂਦਾ ਐ। ਇਹ ਬਾਦ 'ਚ ਆਲੋਚਕਾਂ ਨੇ ਕੱਢਣਾ ਹੁੰਦਾ ਕਿ ਬਿਰਤਾਂਤ ਕੀ ਹੈਗਾ ਜਾਂ ਨਹੀਂ ਹੈਗਾ। ਨਹੀਂ ਮੈਂ ਕਦੇਂ ਵੀ ਇਹ ਸੋਚ ਕੇ ਨਹੀਂ ਲਿਖਦਾ। ਮੈਂ ਕੋਈ ਫਰਮੂਲੇਸ਼ਨ ਬਣਾ ਕੇ ਨਹੀਂ ਲਿਖਦਾ।

4. ਤੁਸੀਂ ਸਾਹਿਤ ਨਾਲ ਆਪਣਾ ਨਾਤਾ ਕਿਵੇਂ ਜੋੜਿਆ? ਜਦਕਿ ਤੁਹਾਡਾ ਕਿੱਤਾ ਸਾਹਿਤ ਨਾਲ ਜੁੜਨ ਵਾਲਾ ਨਹੀਂ ਸੀ? ਸ਼ੁਰੂ-ਸ਼ੁਰੂ ਵਿਚ ਤੁਸੀਂ ਕਿਵੇਂ ਤੇ ਕਿਉਂ ਸ਼ੁਰੂ ਕੀਤਾ?

➢ ਮੈਨੂੰ ਸ਼ੌਕ ਸੀ ਸਾਹਿਤ ਪੜ੍ਹਨ ਦਾ। ਕਿਤਾਬਾਂ, ਮੈਗਜ਼ੀਨ, ਰਸਾਲੇ ਪੜ੍ਹਨ ਦਾ। ਜਦੋਂ ਉਥੇ ਮੈਨੂੰ ਵਿਹਲ ਮਿਲਣ ਲਗ ਪਈ। ਉਹ ਕਿਤੇ ਸ਼ੌਕ ਫਿਰ ਜਾਗ ਪਿਆ। ਜਾਣੀ ਵਿਹਲੇ ਵੇਲੇ ਡਰਾਈਵਰ ਜਿਥੇ ਸ਼ਰਾਬ ਪੀਂਦੇ ਸੀ, ਜੂਆ ਖੇਡਦੇ ਸੀ, ਤਾਸ਼ ਕੁੱਟਦੇ ਸੀ ਜਾਂ ਇਕ ਦੂਜੇ ਨੂੰ ਝੇੜਦੇ ਸੀ ਮੈਂ ਵੀ ਉਵੇਂ ਈ ਕਰਦਾ ਰਿਹਾ। ਜਿਨ੍ਹਾਂ ਚਿਰ ਕਰ ਸਕਿਆ। ਜਦੋਂ ਮੈਨੂੰ ਵਿਹਲ ਮਿਲੀ ਜਦੋਂ ਮੈਨੂੰ ਮੌਕਾ ਮਿਲਿਆ, ਮੈਨੂੰ ਚੰਗੇ ਲਗਦੇ ਸੀ ਜਿਹੜੇ ਉਥੇ ਆਉਂਦੇ ਸੀ। ਕਲਕੱਤੇ ਇਕ ਚੌਂਕ ਜਿਹਾ ਸੀਗਾ ਉਥੇ ਮੈਗਜ਼ੀਨ ਆਉਂਦੇ ਸੀ ਪੰਜਾਬੀ ਦੇ ਵੀ ਤੇ ਮੈਂ ਉਹ ਪੜ੍ਹਨ ਲੱਗ ਗਿਆ। ਹੌਲੀ-ਹੌਲੀ ਫਿਰ ਮੈਂ ਇਸ ਪਾਸੇ ਨੂੰ ਝੁਕਦਾ ਗਿਆ। ਮੈਂ ਸੋਚਦਾ ਗਿਆ ਕਿ ਸਾਨੂੰ ਡਰਾਈਵਰਾਂ ਨੂੰ ਲੋਕ ਸਮਝਦੇ ਕੀ ਨੇ ਸਾਡੀ ਜ਼ਿੰਦਗੀ ਕੀ ਐ ਕਿੰਨੀ ਹਾਰਡ ਐ। ਹੈਂਅ..ਕਿੰਨੀਆਂ ਦੁਸ਼ਵਾਰੀਆਂ ਨੇ, ਭਰੋਸਾ ਕੋਈ ਨੀ ਹੁਣ ਤੁਰੇ ਆ ਮੀਲ ਕ ਤੱਕ ਕੀ ਹੋ ਜਾਣਾ। ਆਪ ਸਹੀ ਆ ਤਾਂ ਦੂਜਾ ਕੋਈ ਗਲਤ ਆ ਰਿਹਾ, ਕਸੂਰ ਨਹੀਂ ਵੀ ਆ ਤਾਂ ਵੀ ਡਰਾਈਵਰ ਦਾ ਕਸੂਰ ਮੰਨਿਆਂ ਜਾਂਦਾ ਹੈ। ਜੇ ਨਹੀਂ ਵੀ ਸ਼ਰਾਬ ਪੀਤੀ ਤਾਂ ਵੀ ਕਹਿਣਗੇ ਦਾਰੂ ਪੀਤੀ ਆ। ਇਹ ਲੇਬਲ ਲੱਗੇ ਹੋਏ ਨੇ। ਡਰਾਈਵਰ ਸ਼ਰਾਬੀ ਹੁੰਦੇ ਨੇ, ਨਸ਼ੇ ਕਰਦੇ ਨੇ। ਮਤਲਬ ਕੀ ਇਹ ਸਭ ਕੁਝ ਮੈਂ ਆਪ ਹੰਢਾਇਆ ਸੀ ਕਿ ਇੰਨੀ ਹਾਰਡ ਲਾਇਫ ਨੂੰ ਸਾਡੇ ਸਮਾਜ ਵਿਚ ਇਮੇਜ ਬਹੁਤ ਮਾੜੀ ਐ ਕੀ ਇਹਦੇ ਬਾਰੇ ਮੈਂ ਕੁਝ ਲਿਖਾ ਤੇ ਉਹ ਫਿਰ ਇਹ ਪਤਾ ਵੀ ਨਹੀਂ ਹੁੰਦਾ ਫਿਰ ਅੱਗੇ ਜਾ ਕੇ ਇਸਨੇ ਕਿਹੜਾ ਰੂਪ ਲੈਣਾ ਹੁੰਦਾ ਐ। ਵੈਸੇ ਮੰਨ ਸੀ ਕਿ ਮੈਂ ਡਰਾਈਵਰਾਂ ਬਾਰੇ ਕੋਈ ਗੱਲ ਕਰਾ। ਜਦੋਂ ਮੈਂ ਪੜ੍ਹਦਾ ਹੁੰਦਾ ਸੀ ਮੈਨੂੰ ਲਗਦਾ ਹੁੰਦਾ ਸੀ ਕਿ ਇਹ ਤਾਂ ਮੈਂ ਵੀ ਲਿਖ ਸਕਦਾ ਆ ਤਾਂ ਫਿਰ ਮੈਂ ਇਕ ਆਰਟੀਕਲ ਲਿਖ ਕੇ ਨਾਗਮਣੀ ਨੂੰ ਭੇਜਿਆ....ਤੁਸੀਂ ਇਹ ਸਾਰਾ ਕੁਝ ਪੜ੍ਹਿਆ ਹੋਣਾ ਸਵੈਜੀਵਨੀ ਵਿਚ ਵੀ ਪੜ੍ਹਿਆ ਹੋਣਾ। ਹੁਣ ਮੈਂ ਨਵਾਂ ਸੀ, ਅੰਮ੍ਰਿਤਾ ਪ੍ਰੀਤਮ ਨੂੰ ਨਾ ਮੈਂ ਮਿਲਿਆ ਸੀ ਨਾ ਮੈਂ ਉਹਨੂੰ ਜਾਣਦਾ ਸੀ। ਮੈਂ ਸਿਰਫ ਉਸ ਨੂੰ ਪੜ੍ਹਿਆ ਸੀ ਇਕ ਉਹਦਾ ਮੈਗਜ਼ੀਨ ਆਉਂਦਾ ਹੁੰਦਾ ਸੀ ਨਾਗਮਣੀ। ਕਲਕੱਤੇ ਚੌਂਕ ਵਿਚ ਆਉਂਦਾ ਹੁੰਦਾ ਸੀ। ਉਹਦੇ ਵਾਸਤੇ ਇਹ

ਇਕ ਨਵੀਂ ਗੱਲ ਸੀ ਕਿ ਇਹ ਡਰਾਈਵਰਾਂ ਬਾਰੇ ਲਿਖਣ ਵਾਲਾ ਕੌਣ ਆ ਗਿਆ ਕੀ ਇਹਨਾਂ ਬਾਰੇ ਤਾਂ ਹਾਲੇ ਤੱਕ ਕਿਸੇ ਨੇ ਵੀ ਗੱਲ ਨਹੀਂ ਕੀਤੀ ਇਹ ਤਾਂ ਹਜੇ ਤੱਕ ਸਾਡੇ ਸਾਹਿਤ ਦਾ ਹਿੱਸਾ ਈ ਨੀ ਬਣੇ। ਉਹਨੇ ਫਿਰ ਇਹ ਲੇਖ ਛਾਪਿਆ ਇਕ ਹੋਰ ਛਾਪਿਆ। ਫਿਰ ਉਸ ਦਾ ਖ਼ਤ ਆਇਆ ਤੂੰ ਹੈਗਾ ਕੌਣ ਆ? ਕੀ ਤੇਰਾ ਅਨੁਭਵ ਕਿੰਨਾ ਆ ਇਸ ਭਾਈਚਾਰੇ ਬਾਰੇ? ਜੇ ਲਗਾਤਾਰ ਲਿਖ ਸਕਦਾ ਤਾਂ ਇਸ ਕਾਲਮ ਦਾ ਨਾਮ ਰੱਖ ਲਾ। ਫਿਰ ਮੈਂ ਨਾਗਮਣੀ ਵਿਚ ਛਾਪੂੰ ਗੀ। ਇਹ ਬਹੁਤ ਵੱਡੀ ਗੱਲ ਸੀ ਮੇਰੇ ਬਾਰੇ। ਜਾਣੀ ਕੀ ਮੈਂ ਤਾਂ ਇਕ ਡਰਾਈਵਰ ਈ ਸਮਝਦਾ ਸੀ ਆਪਣੇ ਆਪ ਨੂੰ ਕੀ ਉਹਦੇ ਬਾਰੇ ਇਸ ਤਰ੍ਹਾਂ ਇਕ ਮੈਗਜ਼ੀਨ ਵਿਚ ਆਉਣਾ। ਇਸ ਨਾਲ ਇਹ ਸੀਗਾ ਕਿ ਬੰਦਾ ਸਥਾਪਿਤ ਹੋ ਜਾਂਦਾ ਐ। ਇਡਾ ਵੱਡਾ ਨਾਮ ਸੀਗਾ ਉਸ ਮੈਗਜ਼ੀਨ ਦਾ। ਉਸ ਵੇਲੇ ਮੈਂ ਨਵਾਂ ਸੀਗਾ। ਸੜਕਨਾਮਾ ਕਰਕੇ ਮੈਂ ਉਸ ਵਿਚ ਲਿਖਣ ਲੱਗ ਪਿਆ ਉਸ ਦਾ ਨਾਮ ਰੱਖ ਲਿਆ। ਇਨ੍ਹਾਂ ਸੀਗਾ ਕੀ ਜਿਹਦੇ ਵਿਚ ਖ਼ਬਰਾਂ ਹੁੰਨੀਆਂ ਉਹ ਖ਼ਬਰਨਾਮਾ ਹੁੰਦਾ, ਜ਼ਿੰਦਗੀਨਾਮਾ ਵਿਚ ਜ਼ਿੰਦਗੀ ਬਾਰੇ, ਸੜਕਨਾਮਾ ਸੜਕਾਂ ਬਾਰੇ ਇਹ ਨਹੀਂ ਸੀ ਸੋਚਿਆ ਕੀ ਆਉਣ ਵਾਲੇ ਸਮੇਂ ਵਿਚ ਇਹ ਨਾਮ ਮੇਰੇ ਨਾਮ ਨਾਲ ਜੁੜ ਜਾਵੇਗਾ। ਕੋਈ ਮੰਨ ਵਿਚ ਬਿਲਕੁਲ ਨਹੀ ਕਿ ਕੋਈ ਪਾਪੂਲਰ ਹੋਇਆ ਤੇ ਮੇਰੀ ਪਹਿਚਾਣ ਬਣ ਗਿਆ ਨਾਲ-ਨਾਲ ਕਹਾਣੀਆਂ ਵੀ ਚਲਦੀਆਂ ਰਹੀਆਂ। ਇਹੀ ਸੀਗਾ ਮੇਰਾ ਸਾਹਿਤ ਵੱਲ ਮੁੜਨ ਦਾ ਕਾਰਨ।

5. ਤੁਹਾਡੇ ਨਾਵਲ 'ਦੂਸਰਾ ਹੀਰੋਸ਼ੀਮਾ, ਕੱਲਰੀ ਧਰਤੀ, ਜੀ.ਟੀ. ਰੋਡ, ਲਾਲ ਬੱਤੀ, ਅੰਨਦਾਤਾ' ਦੀ ਕਹਾਣੀ ਤੁਹਾਡੇ ਅੰਦਰ ਕਿਵੇਂ ਪੈਦਾ ਹੋਈ? ਇਨ੍ਹਾਂ ਦੇ ਪਾਤਰ ਕਾਲਪਨਿਕ ਹਨ ਜਾਂ ਸੱਚੀ ਮੱਚੀ ਹਨ ਤੇ ਨਾਵਲ ਵਿਚ ਕਿਸੇ ਹੋਰ ਨਾਮ ਹੇਠ ਆਏ ਹਨ?

- ਨਹੀਂ ਦੇਖੋ ਅਸੀਂ ਸਾਰਾ ਕੁਝ ਤਾਂ ਲੈਣਾ ਹੁੰਦਾ ਸਮਾਜ ਤੋਂ। ਸਾਡੇ ਦੁਆਲੇ ਪਿਆ ਹੁੰਦਾ ਹੈ। ਅਸੀਂ ਉਸਨੂੰ ਇਹ ਦੇਖ ਲਉ ਜਿਵੇਂ ਕੋਈ ਲਕੜ ਪਈ ਹੁੰਦੀ ਐ ਚੰਗੇ ਮਾਹਿਰ ਮਿਸਤਰੀ ਨੇ ਹੀ ਤਰਾਸ਼ਣ ਹੁੰਦਾ ਹੈ। ਇਸਤਰ੍ਹਾਂ ਰਾਅ ਮਟੀਰੀਅਲ ਤਾਂ ਸਾਡੇ ਸਮਾਜ 'ਚ ਪਿਐ ਹੁੰਦਾ। ਇਸਤਰ੍ਹਾਂ ਦੂਸਰਾ ਹੀਰੋਸ਼ੀਮਾ ਦਾ ਸਾਡੇ ਸਮਾਜ ਵਿਚ ਵਰਤਾਰਾ ਹੈ ਗਿਆ। ਉਸਨੂੰ ਤੁਸੀਂ ਰੂਪ ਕੀ ਦੇਣਾ ਐ ਜਾਂ ਉਸਨੂੰ ਕਹਿਣਾ ਪਿਛੇ ਤੁਹਾਡਾ ਮਕਸਦ ਕੀ ਐ ਕੀ ਮੈਸੇਜ ਦੇਣਾ ਚਾਹੁੰਦੇ ਹੋ ਪਾਠਕ ਨੂੰ ਉਹਦੇ ਰਾਹੀਂ। ਇਕ ਤਾਂ ਇਹ ਹੁੰਦਾ ਹੈ ਮਨ 'ਚ ਕਿ ਜੋ ਮੈਂ ਕਰ ਰਿਹਾ ਇਹ ਕੀ ਮੈਸੇਜ ਦੇ ਰਿਹਾ ਤੇ ਮੈਂ ਕਿਉਂ ਲਿਖ ਰਿਹਾ। ਇਹ ਇਸਤਰ੍ਹਾਂ ਦੀ ਰਚਨਾ ਨਹੀਂ ਹੁੰਦੀ ਕਿ ਮੇਰੇ ਮਨ ਵਿਚ ਇਹ ਨਾਵਲ ਨਾ ਹੋਵੇ। ਮੈਨੂੰ ਯਾਦ ਐ ਕਿ ਜਦੋਂ ਮੈਂ ਪੜ੍ਹਦਾ ਹੁੰਦਾ ਸੀਗਾ ਸਾਡੇ ਇਥੇ ਕਾਲਜ ਵਿਚ ਪ੍ਰੋਫ਼ੈਸਰ ਸੀ ਪੰਜਾਬੀ ਦੇ ਕਿਰਪਾਲ ਸਾਗਰ ਜਦੋਂ ਅਸੀਂ ਪੜ੍ਹਦੇ ਹੁੰਦੇ ਸੀ। ਸ਼ਾਇਦ ਕਿੱਤੇ ਨਾ ਕਿੱਤੇ ਬੀਜ ਉਹ ਵੀ ਪਿਆ ਹੋਵੇ। ਜਿਹੜਾ ਸਾਨੂੰ ਲੈਸਨ ਦਿੰਦੇ ਹੁੰਦੇ ਸੀ ਉਹ ਸਾਨੂੰ ਕਹਿੰਦੇ ਹੁੰਦੇ ਸੀ ਕਿ ਜੇ ਤੁਸੀਂ ਕੋਈ ਚੀਜ਼ ਲਿਖਦੇ ਹੋ ਜਾਂ ਕਰਦੇ ਓ ਆਪਣੇ ਆਪ ਨਾਲ ਨੂੰ ਸਵਾਲ ਜ਼ਰੂਰ ਕਰੋ ਕਿ ਤੂੰ ਇਹ ਕਿਉਂ ਲਿਖ ਰਿਹਾ ਇਹ ਮੈਂ ਤਾਂ ਦੱਸ ਐ ਕੀ ਉਹ ਮੈਗਜ਼ੀਨ ਕਾਲਜ ਦਾ ਨਿਕਲਦਾ ਹੁੰਦਾ ਮੈਂ ਵੀ ਦੇਖਾ-ਦੇਖੀ ਇਕ ਕਹਾਣੀ ਲਿਖ ਕੇ ਦੇਤੀ। ਉਹ ਪ੍ਰੇਮ ਕਹਾਣੀ ਜਿਹੀ ਸੀ ਉਸ ਸਮੇਂ ਉਮਰ ਹੀ ਇਹੋ ਜਿਹੀ ਸੀ। ਬਸ ਉਦੋਂ ਬਾਦ ਤਾਂ ਮੈਂ ਸਭ ਕੁਝ ਛੱਡ-ਛੂਡ ਗਿਆ ਸੀ। ਸਾਹਿਤ ਨਾਲੋਂ ਟੁੱਟ ਗਿਆ ਸੀ। ਉਹਨਾਂ ਨੇ ਪੁਛਿਆ ਕਿ ਇਹ ਕਿਉਂ ਲਿਖੀ ਐ। ਮੈਂ ਬੜਾ ਹੈਰਾਨ

ਹੋਇਆ ਕਿ ਇਹ ਦੱਸਣਾ ਵੀ ਹੁੰਦਾ ਕਿ ਕਿਉਂ ਲਿਖੀ ਐ। ਮੈਂ ਕਿਹਾ ਜੀ ਮੈਨੂੰ ਪਤਾ ਨੀ ਮੈਂ ਲਿਖ ਦਿੱਤੀ। ਉਹ ਕਹਿੰਦੇ ਐ ਇਦਾ ਨਹੀਂ ਕਰੀਦਾ ਹੁੰਦਾ ਆਪਣੇ ਆਪ ਨੂੰ ਸਵਾਲ ਕਰੀਦਾ ਹੁੰਦਾ ਕਿ ਇਹ ਤੂੰ ਕਿਉਂ ਲਿਖਦੈ, ਕਿ ਇਹੋ ਜਿਹਾ ਪਹਿਲਾ ਕੁਝ ਲਿਖਿਐ? ਕਿਸੇ ਨੇ ਜੇ ਲਿਖਿਐ ਤਾਂ ਤੂੰ ਕੋਈ ਵੱਖਰਾ ਲਿਖ ਰਿਹੈ। ਜੇ ਤੂੰ ਵੱਖਰਾ ਲਿਖ ਰਿਹੈ ਤਾਂ ਇਹ ਕੋਈ ਕਿਸੇ ਨੂੰ ਨੁਕਸਾਨ ਤਾਂ ਨਹੀਂ ਪਹੁੰਦਾ ਰਹੀ। ਕਿਸੇ ਨੂੰ ਹਰਟ ਤਾਂ ਨਹੀਂ ਕਰਦੀ। ਉਹ ਜਿਹੜੀਆਂ ਉਹਨਾਂ ਦੀਆਂ ਕਹੀਆਂ ਚਾਰ-ਪੰਜ ਗੱਲਾਂ ਹੋਈਆ ਸੀ ਨਾ ਉਹ ਮੇਰੇ ਕਿਤੇ ਨਾ ਕਿਤੇ ਬੈਠ ਗਈਆਂ ਸੀ ਮਨ 'ਚ ਵੀ ਜ਼ਰੂਰ ਸਵਾਲ ਕਰੋ ਕਿ ਮੈਂ ਜੇ ਮੈਂ ਕੱਲਰੀ ਧਰਤੀ ਲਿਖ ਰਿਹਾ ਜਾਂ ਲਾਲ ਬੱਤੀ ਲਿਖ ਰਿਹੈ ਕਿਉਂ ਲਿਖ ਰਿਹੈ ਕਿ ਪਹਿਲਾ ਕਿਸੇ ਨੇ ਲਿਖੀਆ ਜਾਂ ਨਹੀਂ ਲਿਖੀਆ, ਜੇ ਲਿਖੀਆਂ ਤਾਂ ਤੂੰ ਕੋਈ ਵੱਖਰੀ ਗੱਲ ਕਰ ਰਿਹੈ, ਜੇ ਨਹੀਂ ਕਰ ਰਿਹਾ ਫਿਰ ਲਿਖਣ ਦਾ ਕੀ ਫਾਇਦਾ ਇਕ ਹੋਰ ਵਾਧਾ ਕਰਨਾ ਦਾ ਕੀ ਫਾਰਿਦਾ ਉਹ ਤਾਂ ਪਹਿਲਾ ਹੈਗਾ ਹੀ ਐ, ਇਹ ਵੀ ਮੇਰੇ ਅੰਨਦਾਤਾ ਲਿਖਣ ਵੇਲੇ ਦਿਮਾਗ 'ਚ ਆਇਆ ਕਿ ਕਿਰਸਾਨੀ ਬਾਰੇ ਨਾਵਲ ਬਹੁਤ ਸੀ ਰਾਮ ਸਰੂਪ ਅਣਖੀ ਦੇ ਸੀ, ਕਿ ਮੈਂ ਉਹਨਾਂ ਨਾਲੋਂ ਕੀ ਵੱਖਰਾ ਕਰ ਰਿਹੈ ਇਸ ਤੇ ਮੈਂ ਬਹੁਤ ਸੁਚੇਤ ਰਿਹੈ ਨਾਟਕਾਂ ਬਾਰੇ ਵੀ। ਨਾਟਕ ਵੀ ਬਥੇਰੇ ਨੇ। ਜੇ ਤੂੰ ਆਪਣੇ ਨਾਟਕ ਵਿਚ ਇਹ ਕਿਹਾ ਕਿ ਜੇ ਨਸ਼ਿਆ ਬਾਰੇ ਤੇਰਾ ਕੋਈ ਨਾਟਕ ਐ ਜਾਂ ਸਮਾਜਕ ਰਿਸ਼ਤਿਆਂ ਬਾਰੇ ਨਾਟਕ ਐ ਤਾਂ ਉਹ 'ਚ ਤੇਰੇ 'ਚ ਕੋਈ ਵੱਖਰੀ ਗੱਲ ਐ ਤਾਂ ਠੀਕ ਐ। ਮੇਰੀਆਂ ਸਾਰੀਆਂ ਰਚਨਾਵਾਂ ਇਕ ਦੂਜੀ ਨਾਲ ਮਿਲਦੀਆਂ ਨਹੀਂ ਹੈਗੀਆ। ਸਾਰੇ ਅਲੱਗ ਅਲੱਗ ਨੇ ਕੋਈ ਰੀਪੀਟ ਨਹੀਂ ਕਿ ਪਹਿਲਾਂ ਇਹੋ ਜਿਹਾ ਸੀ ਜਿਹਾ ਹੋਰ ਆ ਗਿਆ ਕਿ ਕਿਰਸਾਨੀ ਬਾਰੇ ਹੋਰ ਆਗਿਆ ਜਾਂ ਰਿਸ਼ਤਿਆ ਬਾਰੇ ਹੋਰ ਆਗਿਆ। ਇਤਿਹਾਸਕ ਨਾਵਲ 'ਚ ਉਹ ਨਾਇਕ ਚੁਣੇ ਨੇ ਜੋ ਅਣਗੌਲੇ ਸੀ ਜਾਂ ਉਹਨਾਂ ਬਾਰੇ ਸਾਡੇ ਪਰਚਾਰਕਾਂ ਜਾਂ ਇਤਿਹਾਸਕਾਰਾਂ ਨੇ ਗਲਤ ਧਾਰਨਾਵਾਂ ਬਣਾਈਆਂ ਸੀਗੀਆਂ। ਉਹਨਾਂ ਮਿੱਥਾਂ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਗਈ। ਇਸ ਕਰਕੇ ਇਹ ਪਾਤਰ 'ਚ ਬਹੁਤ ਘੱਟ ਕਲਪਨਾ ਹੈ। ਕਿ ਫਰਜ ਕਰੋ ਕੋਈ ਪਾਤਰ ਮੈਨੂੰ ਦਿਸ ਗਿਆ ਉਸ ਵਿਚ ਮੈਂ ਬਹੁਤ ਗੁਣ ਭਰਨੇ ਨੇ, ਹੋ ਸਕਦਾ ਕਿ ਮੈਂ ਪੰਜ ਬੰਦਿਆ ਨੂੰ ਇਹਦੇ 'ਚ ਪਾਵਾਂ ਪਰ ਉਹ ਪੰਜ ਬੰਦੇ ਸਮਾਜ 'ਚ ਹੈਗੇ ਨੇ। ਇਹ ਇੰਨੀ ਕੁ ਕਰਾਫਟਿੰਗ ਜਿਹਨੂੰ ਅਸੀਂ ਕਹਿੰਦੇ ਆ ਕਲਾ ਉਹ ਇੰਨੀ ਕੀ ਆ ਜਾਂਦੀ ਐ। ਆ ਨਾਵਲ ਅਫਲਾਤੂਨ ਨਹੀਂ ਪੜ੍ਹਿਆ ਹੋਣਾ, ਅਫਲਾਤੂਨ ਨਾਵਲ ਵਿਚ 12-13 ਪਾਤਰ ਇਕ ਪਾਤਰ ਵਿਚ ਹਨ। ਸਾਡਾ ਸਮਾਜ ਦਾ ਵਿਸ਼ਵੀਕਰਨ ਜਿਹੜਾ ਮਨੁੱਖ ਐ। ਲੋਕਾਂ ਨੂੰ ਕਿਵੇਂ ਪ੍ਰਭਾਵਿਤ ਕਰਦੈ । ਕਿਸਤਰ੍ਹਾਂ ਠੱਗੀਆਂ ਮਾਰਦੈ, ਕਿਸਤਰ੍ਹਾਂ ਝੂਠ ਬੋਲਦੈ, ਕਿਸਤਰ੍ਹਾਂ ਰੂਪ ਵਟਾਉਂਦੈ ਮਤਲਬ ਪਾਲਿਟੀਕਲ ਅੱਜ ਕਿਸੇ ਅਕਾਲੀਆਂ ਨਾਲ ਹੈ ਕਾਲ੍ਹ ਕਿਸੇ ਕਾਂਗਰਸੀਆਂ ਨਾਲ ਐ, ਚੋਥੇ ਕਿਸੇ ਹੋਰ ਨਾਲ ਐ ਅੱਜ ਉਹ ਧਾਰਮਕ ਐ ਕਲ੍ਹ ਉਹ ਨਸ਼ੇ ਕਰਦਾ ਐ ਉਹ। ਕਿੰਨੇ ਬੰਦੇ ਲੈਕੇ ਉਹ ਇਕ ਬੰਦੇ 'ਚ ਪਾਏ ਨੇ, ਖਲਨਾਇਕ ਜਿਹੜਾ ਸਾਡੇ ਸਮਾਜ ਦਾ ਉਹ ਕਾਮਯਾਬ ਐ, ਉਹ ਸਫਲਤਾ ਦੀ ਪੌੜੀ ਵੀ ਚੜ੍ਹਦਾ ਐ, ਅੱਜ ਹੋਰ ਸਾਊ ਮਨੁੱਖ ਐ ਜਿਹੜਾ ਇਮਾਨਦਾਰ ਐ, ਰੱਬ ਦੀਆਂ ਦਿੱਤੀਆਂ ਖਾਣ ਵਾਲਾ ਐ ਉਹਦੀ ਰਜ਼ਾ ਵਿਚ ਰਹਿਣ ਵਾਲਾ ਹਾਸ਼ੀਏ ਤੇ ਹੈ। ਇਹ ਉਸਨੂੰ ਲੈ ਕੇ ਅਫਲਾਤੂਨ ਹੈ ਹੁੰਦਾ ਤਾਂ ਸਾਡੇ ਸਮਾਜ ਵਿਚ ਹੀ ਐ। ਅਸੀਂ ਉਸਨੂੰ ਦੇਖਣਾ ਹੁੰਦਾ ਐ ਕਿ ਅਸੀਂ ਕਿਵੇਂ ਉਸਨੂੰ ਲੈਣਾ ਐ।

6. ਕੀ ਇਨ੍ਹਾਂ ਲਿਖਤਾ ਤੋਂ ਤੁਹਾਨੂੰ ਮਾਨਸਿਕ ਸੰਤੁਸ਼ਟੀ ਦੇ ਨਾਲ-ਨਾਲ ਆਰਥਕ ਸੰਤੁਸ਼ਟੀ ਵੀ ਹੈ?

➢ ਕਿਸੇ ਹੱਦ ਤੱਕ, ਜਮ੍ਹਾਂ ਨੀ, ਜਾਣੀ ਤੁਸੀਂ ਬੇਕੱਲ ਡਿਪੈਂਡ ਨਹੀਂ ਕਰ ਸਕਦੇ ਕਿ ਹੁਣ ਜੇ ਤੁਸੀਂ ਲਿਖਦੇ ਹੋ ਤਾਂ ਹੁਣ ਕੋਈ ਹੋਰ ਕੰਮ ਨਹੀਂ ਕਰਨਾ ਪੈਣਾ। ਮੈਂ ਪਿਛਲੇ ਪੰਜ ਕੁ ਸਾਲ ਤੋਂ ਹੀ ਕੰਮ ਛੱਡਿਆ ਹੋਇਐ। ਨਹੀਂ ਤਾਂ ਮੈਂ ਇਥੇ ਆ ਕੇ ਵੀ ਟਰਾਂਸਪੋਰਟ ਦਾ ਕੰਮ ਕੀਤਾ ਸੀਗਾ। ਮਿੰਨੀ ਬੱਸਾਂ ਬਣਾਈਆ ਹੋਈਆ ਸਨ। ਇਹ ਤੁਹਾਨੂੰ ਰੋਟੀ ਨੀ ਦੇ ਸਕਦਾ। ਇਹ ਸਿਰਫ ਮੇਰਾ ਖਿਆਲ ਹੈ ਕਿ ਸਿਰਫ ਭਾਰਤ ਵਿਚ, ਭਾਰਤ ਸਾਰੇ ਵਿਚ ਨਹੀਂ ਕਹਿ ਸਕਦੇ ਲੇਕਿਨ ਪੰਜਾਬੀ ਸਾਹਿਤ ਦਾ ਇਹ ਦੁਖਾਂਤ ਹੈਗਾ ਹੀ ਹੈਗਾ। ਇਹਦੇ ’ਚੋ ਤੁਸੀਂ ਪਰਿਵਾਰ ਨਹੀਂ ਪਾਲ ਸਕਦੇ। ਇਹ ਮੇਰਾ ਟਰਾਂਸਪਰੋਟ ਦਾ ਕੰਮ ਈ ਸੀਗਾ ਕਿ ਬੱਚਿਆਂ ਨੂੰ ਪੜ੍ਹਾਏ, ਸਭ ਕੁਝ ਕਰ ਗਏ। ਇਹ ਘਰ ਵੀ ਟਰਾਂਸਪਰੋਟ ਵੇਲੇ ਹੀ ਬਣ ਗਿਐ ਨਹੀਂ ਤਾਂ ਸ਼ਾਇਦ ਨਾ ਬਣਦਾ। ਲੇਕਿਨ ਸਾਹਿਤ ਤੁਹਾਨੂੰ ਸਿਰਫ ਨਾਮ ਹੀ ਦਿੰਦਾ ਹੈ। ਤੁਹਾਡੀ ਜੇਬ ’ਚ ਪੈਸੇ ਨਹੀਂ ਪਾਉਂਦਾ।

7. ਤੁਸੀਂ ਸਾਹਿਤ ਦੇ ਸਾਰੇ ਵੱਖੋ-ਵੱਖਰਾ ਰੂਪ ਕਿਉਂ ਲਿਖੇ ਤੇ ਤੁਹਾਡਾ ਮੰਨਪੰਸਦ ਰੂਪ ਕਿਹੜਾ ਤੇ ਕਿਉਂ ਹੈ?

➢ ਹਾਂ, ਉਵੇਂ ਤਾਂ ਸਾਰੀਆਂ ਵਿਧਾਵਾਂ ਆਪਣੇ ਆਪ ਵਿਚ ਰੌਚਕ ਵੀ ਹੋ ਸਕਦੀਆਂ ਨੇ ਚਾਹੇ ਨਾਵਲ ਆਪਣੇ ਥਾਂ ’ਤੇ ਆ ਕਹਾਣੀਆਂ ਆਪਣੇ ਥਾਂ ’ਤੇ ਆ ਮੈਨੂੰ ਨਾਟਕ ਸਾਰੀਆਂ ਵਿਧਾਵਾਂ ਨਾਲੋਂ ਜਿਹਦੇ ਵਿਚ ਇੱਕੋ ਵਾਰੀ ਮੈਸੇਜ ਦੇਣਾ ਹੁੰਦਾ 1000-2000 ਬੰਦੇ ਨੂੰ ਚਲਾ ਜਾਂਦੈ। ਕਿਤਾਬ ਤੁਹਾਡੀ ਕੋਈ ਇਕ ਪੜ੍ਹਦੈ, 10 ਪੜ੍ਹਦੈ, 15 ਪੜ੍ਹਦੈ। ਕਦੋਂ ਉਹ ਉਸ ਲੈਵਲ ’ਤੇ ਪਹੁੰਚੂਗੀ ਜੋ ਤੁਸੀਂ ਪਿੰਡ ਚ ਇੱਕਠ ਕੀਤਾ ਉਹਦੇ ਵਿਚ 1500 ਬੰਦਾ ਆਇਆ ਉਹ ਮੈਸੇਜ...... ਇਹ ਵਿਧਾ ਬਹੁਤ ਚੰਗੀ ਲਗਦੀ ਐ ਦੂਸਰੀਆਂ ਵਿਧਾਵਾਂ ਨਾਲੋਂ। ਇਹਦੇ ਨਾਲ ਮੈਸੇਜ ਬਹੁਤ ਜ਼ਿਆਦਾ ਵਿਸ਼ਾਲ ਰੂਪ ਵਿਚ ਲੋਕਾਂ ਕੋਲੇ ਜਾਂਦੈ ਜਿਹਦੇ ਵਿਚ ਤੁਸੀਂ ਲੋਕਾਂ ਨਾਲ ਜੁੜਦੇ ਓ ਉਸ ਤਰ੍ਹਾਂ। ਕਲਾਕਾਰ ਲੋਕਾਂ ਨਾਲ ਜਲਦੀ ਜੁੜ ਜਾਂਦੇ ਹਨ ਇਸ ਵਿਧਾ ਨਾਲ। ਉਹ ਜਿਹੜੀ ਤਸੱਲੀ ਹੁੰਦੀ ਹੈ ਪੇਸ਼ਕਾਰੀ ਕਰਕੇ ਇਕ ਲੋਕਾਂ ਦਾ ਰੀਸਪਾਂਸ ਉਦੋਂ ਹੀ ਤੁਹਾਡੇ ਸਾਹਮਣੇ ਆ ਰਿਹੈ। ਇਸ ਕਰਕੇ ਸਾਹਿਤ ਦਾ ਜਿਹੜੀ ਸਭ ਤੋਂ ਪ੍ਰਭਾਵਸ਼ਾਲੀ ਵਿਧਾ ਹੈ ਉਹ ਨਾਟਕ ਹੈ।

8. ਤੁਸੀਂ ਕਿਸੇ ਸਮੇਂ ਜ਼ਿਆਦਾ ਲਿਖਣਾ ਪੰਸਦ ਕਰਦੇ ਹੈ?

➢ ਨਹੀਂ, ਨਹੀਂ, ਨਹੀਂ, ਨਾ ਕੋਈ ਸਮਾਂ, ਨਾ ਕੋਈ ਖ਼ਾਸ ਜਗ੍ਹਾਂ ਸਥਾਨ ਮੈਂ ਜਿਸਤਰ੍ਹਾਂ ਆਪਣੀਆਂ ਗੱਲਾਂ ਸੁਣੀਦੀਆਂ ਉਹ ਆਪਣੀਆਂ ਗੱਲਾਂ ਕਰਦੇ ਰਹਿੰਦੇ ਐ ਮੈਂ ਆਪਣਾ ਦਿਖਾਉਨਾਂ ਕਮਰਾ ਸਟੱਡੀ ਰੂਮ...... ਕੋਈ ਟਾਈਮ ਨੀ। ਜਾਣੀ ਕਿ ਦਿਨੇ ਕੰਮ ਕਰਨੇ ਹੁੰਦੇ ਐ 2-3 ਘੰਟੇ ਸਵੇਰੇ ਲਾਉਨੈ ਤੇ ਸ਼ਾਮ 3-4 ਘੰਟੇ ਲਾਉਨੈ ਜਾਂ ਪੜ੍ਹਦਾ ਜਾਂ ਲਿਖਦਾ ਜਾਂ ਕੋਈ ਇਧਰ ਉਧਰ ਕੋਈ ਆ ਜਾਂਦਾ ਜਾਂ ਕੋਈ ਫੰਕਸ਼ਨ ਆ ਜਾਂਦੇ ਆ ਉਥੇ ਜਾਣਾ ਹੁੰਦਾ ਤੇ ਇਸ ਕਰਕੇ ਕੋਈ ਨਿਸ਼ਚਿਤ ਸਮਾਂ ਨੀ ਕੋਈ ਨਿਸ਼ਚਿਤ ਸਥਾਨ ਨੀ ਕਿ ਮੈਨੂੰ ਉਥੇ ਜਾ ਕੇ ਹੀ ਨਾਵਲ ਉਤਰੂਗਾ। ਕਈ ਵਾਰ ਇਹ ਹੁੰਦਾ ਕਿ ਡਿਸਟਰਵ ਨੀ ਕਰਨਾ ਜਾਂ ਫਿਰ ਕੋਈ ਆ ਜਾਂਦਾ ਐ ਨਹੀਂ ਇਹ ਨੀ ਜਿਥੇ ਕਲਮ ਛੱਡੀ ਆ ਉਥੇ ਉਠ ਕੇ ਉਹਨੂੰ ਮਿਲੀਦਾ ਤੇ ਵਾਪਸ ਫਿਰ ਸ਼ੁਰੂ ਕਰ ਲਈਦਾ ਅਜਿਹਾ ਕੋਈ ਨਹੀਂ ਕਿ ਕੋਈ ਲੜੀ ਟੁੱਟ ਗਈ ਜਾਂ ਕੋਈ ਲੜੀ

ਭੰਗ ਹੋ ਗਈ । ਜ਼ਮੀਨ ਨਾਲ ਜੁੜਿਆ ਹੋਇਆ ਲੇਖਕ ਐ। ਕੋਈ ਉਪਰਲੀਆਂ ਹਵਾਵਾਂ ਦੀਆਂ ਗੱਲਾਂ ਕਰਨੀਆਂ ਇਹ ਨਹੀਂ ਆਮ ਲੋਕਾਂ ਦੀ ਗੱਲ ਕਰੀਦੀਆਂ।

9. ਕੋਈ ਵਾਪਰੀ ਹੋਈ ਘਟਨਾ ਕਿੰਨੇ ਟਾਈਮ ਤੱਕ ਅਸਲੀ ਰੂਪ ਲੈਂਦੀ ਹੈ ਭਾਵ ਸਾਹਿਤਕ ਰੂਪ ਵਿਚ ਪ੍ਰਗਟ ਹੁੰਦੀ ਹੈ?

➢ ਦੇਖੋ, ਘਟਨਾ ਤਾਂ ਘਟ ਗਈ ਹੈਗੀ ਆ। ਉਸਨੂੰ ਸਾਹਿਤ ਦਾ ਰੂਪ ਬਣਨ ਲਈ ਬਹੁਤ ਸਮਾਂ ਲੱਗਦਾ ਐ। ਸਾਹਿਤ ਨੇ ਆਪਣਾ ਸਮਾਂ ਲੈਣਾ ਹੁੰਦਾ। ਹੁਣ ਇਹ ਦੇਖੋ 84 ਦੀਆਂ ਘਟਨਾਵਾਂ, ਅੰਤਕਵਾਦ ਦਾ ਸਮਾਂ, ਉਸ ਤਰ੍ਹਾਂ ਦੀ ਸਾਡੇ ਕੋਲ ਕੋਈ ਰਚਨਾ ਨਹੀਂ ਆਈ ਜਾਣੀ......30-32 ਸਾਲ ਹੋ ਗਏ। ਜਾਣੀ ਜਿੰਨਾਂ ਚਿਰ ਉਹ ਘਟਨਾਵਾਂ ਜਿਹੜੀਆਂ ਨੇ ਉਹ ਲੇਖਕ ਦੀ ਅਨੁਭੂਤੀ ਦਾ ਹਿੱਸਾ ਨਹੀਂ ਬਣਦੇ ਜਾਂ ਉਹਦੇ ਅੰਦਰ ਲਹਿੰਦੀਆਂ ਨੀ ਜਾਂ ਡੂੰਘੀਆਂ ਜੜ੍ਹਾਂ ਨਹੀਂ ਬਣਾਉਂਦੀਆਂ ਉਨ੍ਹਾਂ ਚਿਰ ਸਾਹਿਤ ਦਾ ਹਿੱਸਾ ਨਹੀਂ ਬਣਦਾ ਸਾਰਾ ਕੁਝ 1947 ਵਾਪਰੇ ਨੂੰ ਇੰਨੇ ਵਰ੍ਹੇ ਹੋ ਗਏ ਔਰ ਉਹ ਵੀ ਤੁਸੀਂ ਦੇਖੋ ਕਿ ਅਜੇ ਤੱਕ ਹਿੰਦੀ ਦੀਆਂ ਕੁਝ ਅਜਿਹੀਆਂ ਰਚਨਾਵਾਂ ਆਈਆ ਨੇ......ਇਸਤਰ੍ਹਾਂ ਦੀ ਕੋਈ ਰਚਨਾ ਨੀ ਆਈ ਕਿ ਅਸੀਂ ਕਹੀਏ ਕਿ ਕਲਾਸੀਕ ਰਚਨਾ ਆਈ ਐ ਇਵਨ ਟਾਲ ਸਟਾਇ ਦੀ ਮੈਂ ਤੁਹਾਨੂੰ ਦੱਸਾ ਵਾਰ ਐਂਡ ਪੀਸ ਉਸ ਜੰਗ ਤੋਂ 65 ਸਾਲ ਬਾਅਦ ਲਿਖੀ ਸੀ। ਉਦੋਂ ਉਸ ਸਮੇਂ ਉਹਨੇ ਉਹਦੇ ਅੰਦਰ ਆਪਣਾ ਸਥਾਨ ਗ੍ਰਹਿਣ ਕੀਤਾ ਅਤੇ ਫਿਰ ਉਸਨੇ ਉਸਨੂੰ ਲਿਖਿਆ ਸਾਹਿਤ ਆਪਣਾ ਸਮਾਂ ਲੈਂਦਾ ਤੇ ਘਟਨਾਵਾਂ ਆਪਣਾ ਸਮਾਂ ਲੈਂਦੀਆ। ਜੇ ਉਹ ਲਿਖਣਗੇ ਕਹਾਲੀ-ਕਹਾਲੀ ਉਹਨਾਂ ਦਾ ਕੋਈ ਮੁੱਲ ਨਹੀਂ ਪੈਂਦਾ। ਉਹ ਆਉਂਦੀਆਂ ਨੇ ਵਕਤੀ ਤੌਰ 'ਤੇ ਪਾਠਕ ਉਹਨਾਂ ਨੂੰ ਪੜਦੇ ਨੇ ਤੇ ਉਹ ਰੁੱਲ ਜਾਂਦੀਆਂ ਨੇ। ਕੋਈ ਕਲਾਸੀਕ ਰਚਨਾ ਕਰਨੀ ਹੈਗੀ ਐ ਜੋ ਚਿਰ ਸਥਾਈ ਹੋਵੇ ਜਿਹੜੀ ਅੱਜ ਵੀ ਪੜ੍ਹੀ ਜਾਵੇ ਉਹ ਸਮਾਂ ਲੈਕੇ ਹੀ ਬਣਦੀ ਐ। ਇਸਤਰ੍ਹਾਂ ਹੀ ਸਾਡਾ ਇਤਿਹਾਸ ਦੱਸਦਾ ਐ। 1978 ਵਿਚ ਮੈਂ ਦੂਸਰਾ ਹੀਰੋਸ਼ੀਮਾ ਨਾਵਲ ਲਿਖਿਆ ਸੀ ਜਿਸ ਤੇ ਫਿਲਮ ਬਣੀ ਦਾਰਾ। ਦਾਰਾ ਫਿਲਮ ਹੁਣ ਦੇਖੋ ਉਦੋਂ ਵੀ ਪ੍ਰੰਸਗਿਕ ਸੀ ਅੱਜ ਵੀ ਅਹਿਮ ਘਟਨਾ ਹੈ। ਉਦੋਂ ਵੀ ਚੋਣਾਂ ਨੂੰ ਲੈਕੇ ਪਿੰਡ 'ਚ ਲੜਾਈ ਹੋਈ ਅੱਜ ਵੀ ਹੁੰਦੀਆਂ ਹਨ। ਹੁਣ ਸਗੋਂ ਭਿਆਨਕ ਰੂਪ ਵਿਚ ਹੋ ਰਹੀਆਂ। ਇਹੋ ਜਿਹੇ ਵਿਸ਼ੇ, ਸਬਜੈਕਟ ਪਹਿਲਾਂ ਵੀ ਸੀ ਹੁਣ ਵੀ ਹਨ। ਇਤਿਹਾਸਕ ਨਾਵਲ ਉਦੋਂ ਵੀ ਸੀ। ਵਰਤਮਾਨ ਸਮੇਂ ਵਿਚ ਵੀ ਐ। ਅਸੀਂ ਬਹੁਤ ਕੁਝ ਸਿਖਦੇ ਰਵਾਂਗੇ। ਹੁਣ ਦੇਖੋ ਜਿਹੜੀ ਕਲਾਸੀਕਲ ਰਚਨਾ ਹੁੰਦੀ ਹੈ ਉਹਦੀ ਮਹਾਨਤਾ ਇਹ ਹੈ ਕਿ ਉਦੋਂ ਵੀ ਸੀ, ਹੁਣ ਵੀ ਐ ਤੇ ਆਉਂਣ ਵਾਲੇ ਸਮੇਂ ਵਿਚ ਵੀ ਹੋਵੇਗੀ।

10. ਤੁਹਾਡੇ ਪਹਿਲਾ ਨਾਵਲ ਸਮਾਜਕ ਵਿਸ਼ਿਆਂ ਨਾਲ ਸਬੰਧਤ ਹਨ ਫਿਰ ਇਤਿਹਾਸਕ ਨਾਵਲ ਲਿਖਣਾ ਦਾ ਕੀ ਕਾਰਨ ਬਣਾਇਆ?

➢ ਉਹਦੇ 'ਚ ਇਸਤਰ੍ਹਾਂ ਹੈ ਕਿ ਮੈਂ ਸੋਚਿਆ ਨਹੀਂ ਸੀ ਕਿ ਇਤਿਹਾਸਕ ਨਾਵਲ ਵੱਲ ਵੀ ਆਉਣੈ। ਬਿਲਕੁਲ ਹੀ ਨਹੀਂ ਸੋਚਿਆ ਸੀ। ਡਾ. ਟੀ. ਆਰ ਵਿਨੋਦ ਦਾ ਨਾ ਸੁਣਿਆ ਉਹ ਬੰਠਿਡੇ ਇਕ ਫੰਕਸ਼ਨ ਸੀਗਾ ਅਸੀਂ ਗਏ ਹੋਏ ਸੀਗੇ। ਅੰਨਦਾਤਾ ਨਾਵਲ ਛਪ ਚੁੱਕਿਆ ਸੀਗਾ ਅਤੇ ਉਹ ਬਹੁਤ ਜ਼ਿਆਦਾ ਪ੍ਰੰਸਸਕ ਸੀਗੇ ਇਸ ਨਾਵਲ ਦੇ

ਉਹ ਕਹਿੰਦੇ ਕਿ ਇਥੋਂ ਤੱਕ ਕਹਿ ਦਿੰਦੇ ਸੀ ਕਿ ਅਜੇ ਤਕ ਪੰਜਾਬੀ ਦਾ......ਡਾ. ਸਤਿੰਦਰ ਸਿੰਘ ਨੂਰ ਇਸਨੂੰ ਪੰਜਾਬੀ ਦਾ ਗੋਦਾਨ ਮੰਨਦਾ ਆ। ਪ੍ਰੇਮ ਚੰਦ ਦਾ ਨਾਵਲ ਗੋਦਾਨ ਉਸ ਤਰ੍ਹਾਂ ਦਾ ਨਾਵਲ ਮੰਨਦੇ ਹਨ। ਉਹ ਮੈਨੂੰ ਕਹਿੰਦੇ ਇਕ ਕੰਮ ਕਰ ਮੈਂ ਕਿਹਾ ਦਸੋ ਵੈਸੇ ਵੀ ਗੱਲਾਂ ਕਰਦੇ ਸੀ ਫੰਕਸ਼ਨ ਤੋਂ ਬਾਅਦ ਕਹਿੰਦੇ ਭਾਈ ਜੈਤੇ ਬਾਰੇ ਨਾਵਲ ਲਿਖ ਮੈਂ ਕਿਹਾ ਜੀ ਤੁਸੀਂ ਮੈਨੂੰ ਕਿਹੜੇ ਸੰਕਟ ’ਚ ਪਾ ਰਹੇ ਓ। ਮੈਂ ਤਾਂ ਸਿੱਖ ਵੀ ਨਹੀਂ ਸਹੀਂ ਢੰਗ ਨਾਲ ਤੇ ਮੇਰਾ ਇਹਦੇ ਬਾਰੇ, ਸਿੱਖ ਇਤਿਹਾਸ ਬਾਰੇ ਕੋਈ ਗਿਆਨ ਵੀ ਨਹੀਂ ਬਹੁਤਾ। ਕਹਿੰਦੇ ਨਹੀਂ ਤੂੰ ਕਰ ਸਕਦਾ ਕਰਾ ਮੈਂ ਕਿ ਹਾਂ ਜੀ ਮੈਥੋਂ ਨਹੀਂ ਹੋਣਾ। ਮੈਂ ਉਸਨੂੰ ਨਾਂਹ ਕਰ ਰਿਹਾ ਸੀ ਲੇਕਿਨ ਉਹ ਮੈਨੂੰ ਜ਼ੋਰ ਦੇ ਰਹੇ ਸਨ। ਮੈਂ ਇਹ ਇਕ ਚੈਲੰਜ......ਮੈਨੂੰ ਉਮੀਦ ਨਹੀਂ ਸੀ ਕਿ ਕੁਝ ਹੋਉਗਾ ਇਹਦੇ ਬਾਰੇ, ਕਹਿੰਦੇ ਨਹੀਂ ਤੂੰ ਕਰ। ਸਾਡੇ ਇਤਿਹਾਸਕਾਰਾਂ ਨੇ ਕੋਈ ਇਨਸਾਫ ਨਹੀਂ ਕੀਤਾ ਉਹਦੇ ਨਾਲ। ਚਲੋ ਦੋ ਤਿੰਨ ਗੱਲਾਂ ਕਿ ਸੀਸ ਚੁੱਕ ਲਿਆਇਆ ਤੇ ਆਨੰਦਪੁਰ ਸਾਹਿਬ ਭੇਟਾਂ ਕਰ ਦਿੱਤਾ ਤੇ ਉਹ ਕਹਿੰਦੇ ਰੰਗਰੇਟੇ ਗੁਰੂ ਕੇ ਬੇਟੇ। ਬਸ ਇੰਨਾ ਕੁ ਹੀ ਆ। ਕਹਿੰਦੇ ਕੁਰਬਾਨੀ ਬਹੁਤ ਜ਼ਿਆਦਾ ਉਹਦੀ ਵੱਡੀ। ਮੈਂ ਪੜਨ ਲਗ ਗਿਐ ਜਿਥੋਂ ਕਿਤੋਂ ਕੋਈ ਕਿਤਾਬ ਮਿਲਦੀ ਜਿਵੇਂ ਜਿਵੇਂ ਪੜਦਾ ਗਿਆ ਕਮਾਲ ਹੀ ਹੁੰਦੀ ਗਈ। ਮੈਂ ਕਿਹਾ ਵੀ ਇਹ ਤਾਂ ਬਹੁਤ ਕੁਝ ਬਹੁਤ ਕੁਰਬਾਨੀ। ਮੈਂ ਸਾਰਾ ਸਰਵੇਖਣ ਕੀਤਾ ਰੂਟ ਦੇਖਿਆ ਚਾਂਦਨੀ ਚੌਂਕ ਤੋਂ ਆਨੰਦਪੁਰ ਸਾਹਿਬ ਵਾਲਾ। ਇਹ ਵੀ ਕਲਪਨਾ ਕੀਤੀ ਕਿ ਇੱਥੇ ਪੁਲ ਹੈਨੀ ਸੀ। ਇੱਥੇ ਸੜਕ ਹੈਨੀ ਸੀ। ਇੱਥੇ ਨਦੀ ਵਿੱਚੋਂ ਕਿਵੇਂ ਲੰਘ ਕੇ ਗਿਆ ਹੋਉਗਾ। ਇੱਥੇ ਜੰਗਲ ਸੀ। ਜੰਗਲ ਵਿੱਚੋਂ ਦੀ ਕਿਵੇਂ ਲੰਘਿਆ ਹੋਉਗਾ। ਉਦੋਂ ਤਾਂ ਜੰਗਲੀ ਜਾਨਵਰ ਵੀ ਬਹੁਤ ਸੀ। ਕਿਵੇਂ ਸੀਸ ਲੈ ਕੇ ਆਇਆ ਹੋਵੇਗਾ। ਕੋਲ ਸੀਸ ਵੀ ਆ ਉਦੇ ਵਿਚੋਂ ਸਮੈੱਲ ਵੀ ਆ ਸਕਦੀ ਆ। ਜਾਨਵਰਾਂ ਨੂੰ। ਉਹ ਸਭ ਕੁਝ ਕਲਪਨਾ ਕਰਦੇ ਇੱਕ ਬਰੱਦਰ ਸੀ ਮੇਰਾ ਇੱਕ ਦੋਸਤ ਸੀ ਮੇਰਾ। ਅਸੀਂ ਆ ਰਹੇ ਹਾਂ ਗੱਲਾਂਬਾਤਾਂ ਕਰਦੇ। ਅੰਤ ਵਿੱਚ ਅਸੀਂ ਆਨੰਦਪੁਰ ਪਹੁੰਚੇ। ਇੱਕ ਤਾਂ ਭੂਗੋਲਿਕ ਤੌਰ ਤੇ ਮੈਂਨੂੰ ਬਿਰਤਾਂਤ ਸਿਰਜਣਾ ਸੌਖਾ ਹੋ ਗਿਆ। ਛੋਟੀਆਂ ਛੋਟੀਆਂ ਥਾਵਾਂ ਦੇ ਵੇਰਵੇ ਇਕੱਠੇ ਕਰਦੇ ਰਹੇ ਤੇ ਨਾਲ ਨਾਲ ਜਿਹੜੀਆਂ ਕੋਤਾਹੀਆਂ ਹੋਈਆਂ ਸੀ ਜਾਂ ਜਿਹੜੇ ਸਾਡੇ ਸਾਹਿਤਕਾਰ ਨਹੀਂ ਦੱਸ ਰਹੇ ਸੀ। ਉੱਥੇ ਕਹਿੰਦੇ ਜਿੱਥੇ ਸੀਸ ਚੁੱਕਿਆ ਸਾਡੇ ਜੈਕਾਰੇ ਛਡਾਉਂਦੇ ਨੇ। ਇਸ ਤੇ ਕਹਿੰਦੇ ਨੇ ਹਨੇਰੀ ਆ ਗਈ ਪਹਿਰੇਦਾਰਾਂ ਦੇ ਅੱਖਾਂ ਚ ਘੱਟੇ ਪੈ ਗਏ ਤੇ ਜੈਤਾ ਸੀਸ ਚੁੱਕ ਕੇ ਦੌੜ ਪਿਆ ਆਹ ਸ਼ਬਦ ਵਰਤਦੇ ਆ। ਜਾਣੀ ਸੀਸ ਚੁੱਕ ਕੇ ਦੌੜ ਪਿਐ। ਹੁਣ ਏਨੀ ਛੇਤੀ ਤਾਂ ਸੰਭਾਲਿਆ ਨਹੀਂ ਸੀ ਜਾ ਸਕਦਾ। ਸੀਸ ਚੁੱਕ ਕੇ ਦੌੜ ਪਿਆ ਮਤਲਬ ਫੜ ਕੇ ਦੌੜ ਪਿਆ। ਹੁਣ ਮੈਂ ਕਿਹਾ ਇਹ ਨੀ ਸੋਚਦੇ ਕਿ ਇਹਦੇ ਚ ਬੇਅਦਬੀ ਵੀ ਆ ਵੀ ਕੇਸਾ ਤੋਂ ਢੜਿਆ ਹੋਉਂ ਜਾਂ ਤਾਂ ਕਹੋ ਵੀ ਬੁੱਕਲ ਚ ਲੈਕੇ ਦੌੜ ਪਿਐ, ਸੀਸ ਚੁੱਕ ਕੇ ਤੁਰ ਪਿਆ ਔਰ ਫਿਰ ਚਾਰੇ ਪਾਸੇ ਤਾਂ ਪਹਿਰਾ ਐ। ਜੇ ਉੱਥੇ ਘੱਟਾ ਪੈਗਿਆ ਹੋਉ। ਜਦ ਬਾਹਰ ਆਏ ਬਾਦੀ ਥਾਂ ਤਾਂ ਪਹਿਰਾ ਹੋਉ ਜਦ ਉਹ ਕੁਝ ਮੈਂ ਕਲਪਨਾ ਚ ਸੋਚਦਾ ਕਿ ਕਿਵੇਂ ਇਹ ਸਾਰਾ ਕੁਝ... ਫਿਰ ਇਹ ਸਭ ਕੁਝ ਪੜਦੇ ਪੜਦੇ ਵੇਰਵੇ ਮਿਲਦੇ ਗਏ ਕਿ ਉਸ ਪਹਿਰੇਦਾਰ ਨੇ ਮੁਸਲਮਾਨ ਨੇ ਕਿਹਾ ਹੋਉ ਕਿ ਉਹ ਗੁਰੂ ਤੇਗ ਬਹਾਦਰ ਦਾ ਉਹ ਭਗਤ ਸੀ ਤੇ ਔਰੰਗਜ਼ੇਬ ਦੀ ਧੀ ਨੇ ਜ਼ੈਬੂ-ਨੀਸਾ ਉਸ ਨੇ ਕਿਹਾ ਕੋਤਵਾਲ ਨੂੰ ਕੀ ਉਹ ਵੀ ਉਨ੍ਹਾਂ ਦੀ ਭਗਤ ਸੀ ਕਿ ਬੇਅਦਬੀ ਨਹੀਂ ਹੋਣੀ ਚਾਹੀਦੀ ਤੇਰੀ ਜ਼ਿੰਮੇਵਾਰੀ ਐ। ਔਰ

ਉਸ ਨੇ ਭਾਈ ਜੈਤੇ ਨੂੰ ਉਹਦਾ ਪਿਉ ਤੇ ਤਾਇਆ ਆਏ ਹੋਏ ਸੀ ਨੂੰ ਕਿਹਾ ਕਿ ਇੱਕ ਕੰਮ ਹੋ ਸਕਦੈ ਸੀਸ ਦੀ ਥਾਂ ਸੀਸ ਰੱਖ ਦਿਉ ਧੜ ਦੀ ਥਾਂ ਧੜ ਰੱਖ ਦਿਉ। ਵੀ ਫਿਰ ਤੁਸੀਂ ਨਿਕਲ ਸਕਦੇ ਓ। ਪਹਿਰੇਦਾਰਾਂ ਨੂੰ ਲੱਗੇ ਵੀ ਹਾਂ ਪਏ ਆ ਗੁਰੂ ਦਾ ਸੀਸ ਤੇ ਧੜ। ਵੀ ਉਹ ਤੁਸੀਂ ਬਦਲ ਦਿਉ ਉਹ ਦੇਖ ਲਉ ਕਿਦਾ ਕਰਨੀ। ਉਹ ਆਪਸ ਵਿਚ ਲੜ ਰਹੇ ਉੱਥੇ ਜੈਤਾ ਕਹਿੰਦਾ ਮੇਰਾ ਸੀਸ ਰੱਖ ਦਿਉ ਤੇ ਉਹ ਕਹਿੰਦਾ ਮੇਰਾ ਵੱਡੋ। ਜਾਣੀ ਉਹ ਉਨ੍ਹਾਂ ਦੀ ਕਲਪਨਾ ਨਾਲ ਹੀ ਆਪਸ ਚ ਬਹਿਸ ਕਰਵਾਈ ਹੋਈ ਐ। ਫਿਰ ਜੈਤਾ ਜਾਣੀ ਉਹਦੇ ਪਿਉ ਦੇ ਸੀਸ ਨੂੰ ਸੀਸ ਦੀ ਜਗ੍ਹਾ ਤੇ ਧੜ ਦੀ ਜਗ੍ਹਾ ਧੜ ਰੱਖ ਕੇ ਫਿਰ ਉਹ ਸੀਸ ਚੁੱਕ ਕੇ ਫਿਰ ਕੋਤਵਾਲ ਕਹਿੰਦਾ ਕਿ ਤੂੰ ਸੀਸ ਚੁੱਕ ਕੇ ਪਿੱਛੇ ਨੂੰ ਜਾਣਾ ਯੂ. ਪੀ ਵੱਲ। ਪੰਜਾਬ ਵੱਲ ਨੂੰ ਨਾ ਨਿਕਲੀ ਤੇਰੇ ਪਿਛੇ ਬੰਦੇ ਲੱਗ ਜਾਣਗੇ। ਪਹਿਲਾ ਜਮਨਾ ਵੱਲ ਜਾਈ ਫਿਰ ਪਾਰ ਕਰ ਕੇ ਪੰਜਾਬ ’ਚ ਕਿਸੇ ਪਾਸੇ ਵੜੀ। ਉਹ ਸਾਰੀ ਪਲੈਂਡ ਕੀਤੀ ਗਈ ਲਗਦੀ ਐ। ਕੀ ਵਿਗਿਆਨਕ ਤੌਰ ਤੇ ਇਸ ਤਰ੍ਹਾਂ ਹੋਇਆ ਹੋਵੇਗਾ? ਥੇ ਇਤਿਹਾਸਕਾਰ ਇਹ ਨਹੀਂ ਦਸ ਸਕੇ ਔਰ ਜਦੋਂ ਉਹ ਨਾਵਲ ਛਪਿਆ ਤਾਂ ਮੈਂ ਹੈਰਾਨ ਸੀ ਕਿ ਇੰਨਾ ਪਾਜ਼ੀਟਿਵ ਹੁੰਗਾਰਾ ਮਿਲਿਆ। ਵੱਡੇ ਲੋਕਾਂ ਤੋਂ, ਆਲੋਚਕਾਂ ਤੋਂ, ਜਿਹੜਾ ਵੀ ਪੜ੍ਹਦੈ ਉਹ ਪ੍ਰਸੰਸਾ ਕਰਦੈ। ਉਥੋਂ ਮੈਨੂੰ ਉਤਸ਼ਾਹ ਮਿਲਿਆ ਤੇ ਮੇਰੀ ਇਤਿਹਾਸਕ ਨਾਵਲਾਂ ਵੱਲ ਆਉਣ ਦੀ ਰੁਚੀ ਜਾਗ ਪਈ। ਮੈਂ ਕਿਹਾ ਵੀ ਇਹ ਤਾਂ ਆਨੰਦ ਈ ਬੜਾ ਐ, ਮੈਂ ਸਿੱਖਿਆ ਵੀ ਬੜਾ। ਫਿਰ ਮੈਂ ਭਗਤ ਸਿੰਘ ਬਾਰੇ ਸੋਚਿਆ ਕਿ ਉਹਦੇ ਹੱਥ ’ਚ ਪਿਸਤੌਲ ਤੇ ਬੰਬ ਸੁਟਣਾ ਇਹੀ ਹੈ ਸਟੋਰੀ ਪਰ ਉਹ ਵਿਚਾਰਕ ਤੌਰ ’ਤੇ ਬਹੁਤ ਮਹਾਨ ਬੰਦਾ ਸੀਗਾ। ਛੋਟੀ ਉਮਰ ਵਿਚ ਵੀ ਉਹਨੂੰ ਭਾਰਤ ਦੇ ਸਾਰੇ ਲੋਕਾਂ ਨਾਲੋਂ ਜ਼ਿਆਦਾ ਕ੍ਰਾਂਤੀ ਦੀ ਉਹਨੂੰ ਜ਼ਿਆਦਾ ਸਮਝ ਸੀ ਤੇ ਕ੍ਰਾਂਤੀਕਾਰਾਂ ਬਾਰੇ। ਉਸ ਬਾਰੇ ਇਹ ਗੱਲ ਕੋਈ ਨਹੀਂ ਕਰਦਾ। ਫਿਰ ਮੈਂ ਉਸ ਨੂੰ ਉਸ ਢੰਗ ਨਾਲ ਕਿ ਉਹ ਇਕ ਵਿਚਾਰਵਾਨ ਤੇ ਚਿੰਤਕ ਬਹੁਤ ਵੱਡਾ ਸੀ ਫਿਰ ਮੈਂ ਸਤਲੁਜ ਵਹਿੰਦਾ ਰਿਹੈ ਨਾਵਲ ਲਿਖਿਆ। ਫਿਰ ਮੈਂ ਬੰਦਾ ਬਹਾਦਰ ਬਾਰੇ ਵੀ ਬਹੁਤ ਅਫਵਾਹਾਂ ਸੀ ਕਿ ਉਹ ਤਾਂਤਰਿਕ ਸੀ ਮੂੰਹ ਚੋਂ ਅੱਗ ਕੱਢਦਾ ਸੀ ਇਹ ਕੱਢਦਾ ਸੀ ਇਹ ਗੱਲ ਗੁਰਬਾਣੀ ਵੀ ਨਹੀਂ ਮੰਨਦੀ ਤੇ ਵਿਗਿਆਨਕ ਤੌਰ ਤੇ ਵੀ ਨਹੀਂ ਮੰਨਦੇ ਪਰ ਇਤਿਹਾਸਕਾਰ ਪਤਾ ਨਹੀਂ ਕਿਉਂ ਕਹੀ ਜਾਂਦੇ ਨੇ। ਇਸ ਲਈ ਮੈਂ ਇੱਧਰ ਆਇਆ। ਇਤਿਹਾਸਕ ਨਾਵਲਾਂ ਵੱਲ।

11. ਤੁਸੀਂ ਆਪਣਾ ਇਤਿਹਾਸ ਨਾਵਲ ਵਿਚ ਸਿਰਫ ਸਿੱਖ ਇਤਿਹਾਸ ਨਾਲ ਸਬੰਧਤ ਪਾਤਰਾਂ ਨੂੰ ਹੀ ਪੇਸ਼ ਕੀਤਾ? ਤੁਸੀਂ ਕਿਸੇ ਹੋਰ ਧਰਮ ਨਾਮ ਸਬੰਧਤ ਪਾਤਰਾਂ ਨੂੰ ਆਪਣਾ ਨਾਵਲਾਂ ਦਾ ਵਿਸ਼ੇ ਕਿਉਂ ਨਹੀਂ ਬਣਾਇਆ?

- ਹਾਂ ਮੈਂ ਹੁਣ ਰਾਣਾ ਪ੍ਰਤਾਪ ਬਾਰੇ ਸੋਚ ਰਿਹਾ ਲਿਖਾ। ਉਹਦਾ ਕਰੈਕਟਰ ਬਹੁਤ ਹੀ ਕਮਾਲ ਦਾ ਹੈ ਤੇ ਸਾਡੇ ਨੌਜਵਾਨਾਂ ਤੇ ਆਉਂਣ ਵਾਲੀ ਪੀੜ੍ਹੀ ਲਈ ਪ੍ਰੇਰਨਾ ਸ੍ਰੋਤ ਹੈ ਕਿ ਇਸਤਰ੍ਹਾਂ ਵੀ ਸੰਘਰਸ਼ ਕੀਤਾ ਜਾ ਸਕਦੈ ਸੱਤਾ ਦੇ ਨਾਲ ਜਿਵੇਂ ਦੁੱਲਾ ਭੁੱਟੀ ਬਾਰੇ ਕਿ ਸੱਤਾ ਵਿਰੁੱਧ ਖੜੇ ਹੋਣਾ ਸੱਤਾ ਵਿਰੁੱਧ ਜੁਰੱਤ ਦੇਖਣਾ। ਔਰ ਜਦੋਂ ਗਿਣਤੀ ਵਿਚ ਥੋੜੇ ਸੀ। ਕਿਵੇਂ ਤੁਸੀਂ ਆਪਣੇ ਲੋਕਾਂ ਨੂੰ ਆਪਣੇ ਆਪ ਨੂੰ ਲਾਮਬੰਦ ਕਰਦੇ ਆ ਇਸ ਨੂੰ ਤੁਸੀਂ ਫੌਜ ਵੀ ਕਹਿ ਸਕਦੇ ਹੋ ਫਿਰ ਕਿਵੇਂ ਤੁਸੀਂ ਲੜਦੇ ਹੋ। ਦੁੱਲਾ ਭੱਟੀ ਇਸ ਤੇ ਹੀ ਲਿਖਿਆ ਸੀ ਤੇ ਢਾਹਵਾਂ ਦਿੱਲੀ ਦੇ ਕਿੰਗਰੇ ਜਿਸ ਲਈ ਫਿਰ ਮੈਨੂੰ ਐਵਾਰਡ ਵੀ ਮਿਲਿਆ ਸੀ 2011 ਵਿਚ।

ਬਲਦੇਵ ਸਿੰਘ ਜੀ ਮੈਂ ਤੁਹਾਡੀ ਦਿਲੋਂ ਧੰਨਵਾਦੀ ਹਾਂ ਕਿ ਤੁਸੀ ਆਪਣੇ ਕੀਮਤੀ ਸਮੇਂ ਵਿਚੋਂ ਕੁਝ ਸਮਾਂ ਕੱਢ ਕੇ ਮੇਰੀਆਂ ਸ਼ੰਕਾਵਾਂ ਦਾ ਨਿਵਾਰਨ ਕੀਤਾ ਤੇ ਸਾਡਾ ਨਿੱਘਾ ਸਵਾਗਤ ਵੀ ਕੀਤਾ।

# ਪੁਸਤਕ ਸੂਚੀ


1. ਉੱਪਲ, ਸਵਿੰਦਰ ਸਿੰਘ, ਪੰਜਾਬੀ ਨਾਵਲ ਵਿਧੀ ਤੇ ਵਿਚਾਰ, ਨਵੀਂ ਦਿੱਲੀ, ਪੰਜਾਬੀ ਰਾਈਟਰਜ਼ ਕੋਆਪਰੇਟਿਵ, 1982
2. ਅਰਸ਼ੀ, ਗੁਰਚਰਨ ਸਿੰਘ, ਬਿਰਤਾਂਤ-ਸ਼ਾਸਤਰ ਅਤੇ ਪੰਜਾਬੀ ਚਿੰਤਨ, ਦਿੱਲੀ, ਪੰਜਾਬੀ ਅਕਾਦਮੀ, 2006
3. ਅਹੂਜਾ, ਰੋਸ਼ਨ ਲਾਲ, ਸਾਹਿਤ ਸ਼ਾਸਤਰ, ਲੁਧਿਆਣਾ, ਲਾਹੌਰ ਬੁੱਕ ਸ਼ਾਪ, 1996
4. ਸਿੰਘ, ਸਤਿੰਦਰ, ਵਿਹਾਰਕ ਸਮੀਖਿਆ: ਕਵਿਤਾ ਅਤੇ ਵਾਤਰਕ, ਪਟਿਆਲਾ, ਪੰਜਾਬੀ ਯੂਨੀਵਰਸਿਟੀ, 2011
5. ਸੰਧੂ, ਗੁਰਪਾਲ ਸਿੰਘ, ਪੰਜਾਬੀ ਨਾਵਲ ਦਾ ਇਤਿਹਾਸ, ਦਿੱਲੀ, ਪੰਜਾਬੀ ਅਕਾਦਮੀ, 2005
6. ਸਿੰਘ, ਜਗਬੀਰ, ਬਿਰਤਾਂਤਕ ਗਲਪ: ਸਿਧਾਂਤ ਤੇ ਸਮੀਖਿਆ, ਦਿੱਲੀ, ਆਰਸ਼ੀ ਪਬਲਿਸ਼ਰਜ਼, 1992
7. ਸਿੰਘ, ਜਗਬੀਰ, ਸਮਕਾਲੀ ਪੰਜਾਬੀ ਬਿਰਤਾਂਤ, ਲੁਧਿਆਣਾ, ਚੇਤਨਾ ਪ੍ਰਕਾਸ਼ਨ, 2006
8. ਸਿੰਘ, ਪਿਆਰਾ, ਖੋਜ ਸਿਧਾਂਤ ਤੇ ਵਿਹਾਰ, ਪਟਿਆਲਾ, ਪੰਜਾਬੀ ਯੂਨੀਵਰਸਿਟੀ, 2011
9. ਸਿੰਘ, ਪਿਆਰਾ, ਪੰਜਾਬੀ ਗਲਪ: ਸਿਧਾਂਤ, ਇਤਿਹਾਸ ਅਤੇ ਪ੍ਰਵਿਰਤੀਆਂ, ਜਲੰਧਰ, 1997
10. ਸਿੰਘ, ਬਲਦੇਵ, ਦੂਸਰਾ ਹੀਰੋਸ਼ੀਮਾ, ਦਿੱਲੀ, ਆਰਸੀ ਪਬਲਿਸ਼ਰਜ਼, 1977
11. ਸਿੰਘ, ਬਲਦੇਵ, ਕੱਲਰੀ ਧਰਤੀ, ਦਿੱਲੀ, ਆਰਸੀ ਪਬਲਿਸ਼ਰਜ਼, 1980
12. ਸਿੰਘ, ਬਲਦੇਵ, ਸੂਲੀ ਟੰਗੇ ਪਹਿਰ, ਚੰਡੀਗੜ੍ਹ, ਲੋਕ ਗੀਤ ਪ੍ਰਕਾਸ਼ਨ, 1986
13. ਸਿੰਘ, ਬਲਦੇਵ, ਕੱਚੀਆਂ ਕੰਧਾਂ, ਚੰਡੀਗੜ੍ਹ, ਲੋਕ ਗੀਤ ਪ੍ਰਕਾਸ਼ਨ, 1991
14. ਸਿੰਘ, ਬਲਦੇਵ, ਜੀ. ਟੀ. ਰੋਡ, ਚੰਡੀਗੜ੍ਹ, ਲੋਕ ਗੀਤ ਪ੍ਰਕਾਸ਼ਨ, 1992
15. ਸਿੰਘ, ਬਲਦੇਵ, ਲਾਲ ਬੱਤੀ, ਦਿੱਲੀ, ਆਰਸੀ ਪਬਲਿਸ਼ਰਜ਼, 1998
16. ਸਿੰਘ, ਬਲਦੇਵ, ਅੰਨਦਾਤਾ, ਦਿੱਲੀ, ਆਰਸੀ ਪਬਲਿਸ਼ਰਜ਼, 2002
17. ਸਿੰਘ, ਬਲਦੇਵ, ਪੰਜਵਾਂ ਸਾਹਿਬਜ਼ਾਦਾ, ਚੰਡੀਗੜ੍ਹ, ਲੋਕ ਗੀਤ ਪ੍ਰਕਾਸ਼ਨ, 2005
18. ਸਿੰਘ, ਬਲਦੇਵ, ਸਤਲੁਜ ਵਹਿੰਦਾ ਰਿਹਾ, ਚੰਡੀਗੜ੍ਹ, ਲੋਕ ਗੀਤ ਪ੍ਰਕਾਸ਼ਨ, 2007
19. ਸਿੰਘ, ਬਲਦੇਵ, ਢਾਹਵਾਂ ਦਿੱਲੀ ਦੇ ਕਿੰਗਰੇ, ਚੰਡੀਗੜ੍ਹ, ਲੋਕ ਗੀਤ ਪ੍ਰਕਾਸ਼ਨ, 2009
20. ਸਿੰਘ, ਬਲਦੇਵ, ਮਹਾਂਬਲੀ ਸੂਰਾ, ਚੰਡੀਗੜ੍ਹ, ਲੋਕ ਗੀਤ ਪ੍ਰਕਾਸ਼ਨ, 2011
21. ਸਿੰਘ, ਬਲਦੇਵ, ਮੈਂ ਪਾਕਿਸਤਾਨ ਨਹੀਂ ਜਾਣਾ, ਚੰਡੀਗੜ੍ਹ, ਲੋਕ ਗੀਤ ਪ੍ਰਕਾਸ਼ਨ, 2012
22. ਸਿੰਘ, ਬਲਦੇਵ, ਖਾਕੂ ਜੇਡੁ ਨ ਕੋਇ, ਚੰਡੀਗੜ੍ਹ, ਲੋਕ ਗੀਤ ਪ੍ਰਕਾਸ਼ਨ, 2013
23. ਕੌਰ, ਗੁਰਮੀਤ, ਬਿਰਤਾਂਤ: ਵਿਚਾਰਧਾਰਾ ਤੇ ਪੰਜਾਬੀ ਕਹਾਣੀ, ਚੰਡੀਗੜ੍ਹ, ਲੋਕ ਗੀਤ ਪ੍ਰਕਾਸ਼ਨ, 2015
24. ਗੋਇਲ, ਜੰਗ ਬਹਾਦੁਰ, ਵਿਸ਼ਵ ਸਾਹਿਤ ਦੇ ਸ਼ਾਹਕਾਰ ਨਾਵਲ, ਚੰਡੀਗੜ੍ਹ, ਬੁੱਕ ਪਾਵਰ, 2007
25. ਢੀਂਡਸਾ, ਮਾਨ ਸਿੰਘ, ਪੰਜਾਬੀ ਨਾਵਲ: ਪੰਰਪਰਾ ਅਤੇ ਪ੍ਰਵਾਹ, ਜਲੰਧਰ, ਸ਼ਿਵ ਪ੍ਰਕਾਸ਼ਨ, 2003

26. ਦੁਸਾਂਝ, ਸੁਰਿੰਦਰ ਸਿੰਘ, ਪੰਜਾਬੀ ਇਤਿਹਾਸਕ ਨਾਵਲ, ਲੁਧਿਆਣਾ, ਲਾਹੌਰ ਬੁੱਕ ਸ਼ਾਪ, 2005
27. ਧਾਲੀਵਾਲ, ਬਲਦੇਵ ਸਿੰਘ, ਕਰਮਜੀਤ ਸਿੰਘ ਕੁੱਸਾ ਦੇ ਨਾਵਲ ਬਿਰਤਾਂਤ ਚੇਤਨਾ ਦੇ ਪਾਸਾਰ, ਚੰਡੀਗੜ੍ਹ, ਲੋਕ ਗੀਤ ਪ੍ਰਕਾਸ਼ਨ, 2011
28. ਧਾਲੀਵਾਲ, ਬਲਦੇਵ ਸਿੰਘ, ਪੰਜਾਬੀ ਬਿਰਤਾਂਤਕ ਪ੍ਰਵਚਨ (ਆਦਿਮ ਪਦਾਰਥਵਾਦ ਤੋਂ ਉਤਰ-ਆਧੁਨਿਕ ਚੇਤਨਾ ਤੱਕ), ਚੰਡੀਗੜ੍ਹ, ਲੋਕ ਗੀਤ ਪ੍ਰਕਾਸ਼ਨ, 2006
29. ਨਹਿਰੂ, ਜੁਗਿੰਦਰ ਸਿੰਘ, ਬਿਰਤਾਂਤਕ ਗਲਪ: ਆਧੁਨਿਕ ਦ੍ਰਿਸ਼ਟੀ, ਲੁਧਿਆਣਾ, ਚੇਤਨਾ ਪ੍ਰਕਾਸ਼ਨ, 2006
30. ਨੂਰ, ਸੁਤਿੰਦਰ ਸਿੰਘ, ਪੰਜਾਬੀ ਗਲਪ ਚੇਤਨਾ (ਆਲੋਚਨਾ), ਲੁਧਿਆਣਾ, ਚੇਤਨਾ ਪ੍ਰਕਾਸ਼ਨ, 2005
31. ਨੂਰ, ਸੁਤਿੰਦਰ ਸਿੰਘ, ਰਵੇਲ ਸਿੰਘ, ਨਵਾਂ ਪੰਜਾਬੀ ਨਾਵਲ ਇਕ ਅਧਿਐਨ, ਦਿੱਲੀ, ਪੰਜਾਬੀ ਅਕਾਦਮੀ, 2008
32. ਰਾਹੀ, ਜੋਗਿੰਦਰ ਸਿੰਘ, ਪੰਜਾਬੀ ਨਾਵਲ, ਅੰਮ੍ਰਿਤਸਰ, ਨਾਨਕ ਸਿੰਘ ਪੁਸਤਕ ਮਾਲਾ
33. ਵਿਨੋਦ, ਟੀ. ਆਰ, ਸਾਹਿਤ ਅਤੇ ਚਿੰਤਨ, ਪਟਿਆਲਾ, ਪੰਜਾਬੀ ਯੂਨੀਵਰਸਿਟੀ, 1976
34. ਵਿਨੋਦ, ਟੀ. ਆਰ, ਆਉ ਨਾਵਲ ਪੜ੍ਹੀਏ, ਲੁਧਿਆਣਾ, ਚੇਤਨਾ ਪ੍ਰਕਾਸ਼ਨ, 2006
35. ਸ਼ਰਮਾ, ਅਸ਼ਵਨੀ, ਬਲਦੇਵ ਸਿੰਘ ਦਾ ਗਲਪ-ਸੰਸਾਰ, ਚੰਡੀਗੜ੍ਹ, ਲੋਕ ਗੀਤ ਪ੍ਰਕਾਸ਼ਨ, 2013

**ਰਸਾਲਾ:-**

1. ਦੁਸਾਂਝ, ਸੁਸ਼ੀਲ, ਹੁਣ, ਪੁਸਤਕ ਲੜੀ-34, (ਸਤੰਬਰ-ਦਸੰਬਰ), ਮੋਹਾਲੀ, 'ਅਦਬ' ਗ੍ਰਾਫ਼ਿਕਸ, 2016